ਬੀ.ਏ. ਭਾਗ ਤੀਜਾ
(ਸਮੈਸਟਰ ਪੰਜਵਾਂ)

ਮਨੋਵਿਗਿਆਨ
ਅਸਾਧਾਰਣ ਮਨੋਵਿਗਿਆਨ

ਯੂਨਿਟ 1

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

ਪਾਠ ਨੰਬਰ :

1. : ਅਸਾਧਾਰਣ ਵਿਵਹਾਰ : ਭਾਵ ਅਤੇ ਕਸਵੱਟੀ

2. : ਅਸਾਧਾਰਣ ਮਨੋਵਿਗਿਆਨ ਦਾ ਇਤਿਹਾਸਕ ਵਿਕਾਸ

3. : ਡੀ.ਐਸ.ਐਮ.- ਵਰਗੀਕਰਣ

4. : ਅਸਾਧਾਰਣ ਵਿਵਹਾਰ ਦਾ ਮਨੋ-ਗਤੀ ਵਿਗਿਆਨ ਮਾਡਲ

5. : ਅਸਾਧਾਰਣ ਵਿਵਹਾਰ ਦੇ ਗਿਆਨਾਤਮਕ-ਵਿਵਹਾਰਿਕ ਮਾਡਲ

6. : ਅਸਾਧਾਰਣ ਵਿਵਹਾਰ ਦਾ ਮਨੁੱਖਵਾਦੀ ਦ੍ਰਿਸ਼ਟੀਕੋਣ

7. : ਅਸਾਧਾਰਣ ਵਿਵਹਾਰ ਦੇ ਆਮ ਕਾਰਣ ਅਤੇ ਮਨੋ-ਸਮਾਜਿਕ ਕਾਰਣ

8. : ਅਸਾਧਾਰਣ ਵਿਵਹਾਰ ਦੇ ਜੀਵ ਵਿਗਿਆਨਕ ਕਾਰਣ

9. : ਆਸਾਧਾਰਣ ਵਿਵਹਾਰ ਦੇ ਸਮਾਜਿਕ ਸੰਸਕ੍ਰਿਤਕ ਕਾਰਣ

ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈੱਬਸਾਈਟ www.pbidde.org ਤੋਂ ਡਾਊਨਲੋਡ ਕਰਨ।

ਪਾਠ ਨੰ : 1.1 **ਲੇਖਕ : ਡਾ. ਮਮਤਾ ਸ਼ਰਮਾ**

ਅਸਾਧਾਰਣ ਵਿਵਹਾਰ : ਇਸ ਦਾ ਭਾਵ ਅਤੇ ਕਸਵੱਟੀ
(ABNORMAL BEHAVIOUR : ITS MEANING AND CRITERIA)

ਪਾਠ ਸੰਰਚਨਾ

1.1.0 ਉਦੇਸ਼
1.1.1 ਭੂਮਿਕਾ
1.1.2 ਸਾਧਾਰਣ ਵਿਅਕਤੀ (Normal Person)
 1.1.2.1 ਸਾਧਾਰਣ ਵਿਅਕਤੀ ਦੀਆਂ ਵਿਸ਼ੇਸ਼ਤਾਵਾਂ (Characteristics of a Normal Personality)
  1.1.2.1.1 ਸਮਾਜਿਕਤਾ
  1.1.2.1.2 ਵਿਅਕਤੀਤਵ ਵਿਸ਼ੇਸ਼ਤਾਵਾਂ ਵਿਚ ਸਮਾਨਤਾ
  1.1.2.1.3 ਵਿਭਿੰਨ ਲੋੜਾਂ ਅਤੇ ਕ੍ਰਿਆਵਾਂ ਵਿਚ ਸਮਾਨਤਾ
  1.1.2.1.4 ਪਰਸਿਥਿਤੀ ਦੇ ਅਨੁਰੂਪ ਸਮਾਯੋਜਨ
  1.1.2.1.5 ਸਹੀ ਅਤੇ ਗਲਤ ਨਿਯਮਾਂ ਦਾ ਗਿਆਨ ਹੋਣਾ
  1.1.2.1.6 ਗਲਤ ਕੰਮਾਂ ਪ੍ਰਤੀ ਪਸ਼ਚਾਤਾਪ
  1.1.2.1.7 ਸਿਹਤ, ਸੁੱਰਖਿਆ ਅਤੇ ਸੰਜਮ
 1.1.2.2 ਸਾਧਾਰਣ ਵਿਅਕਤੀ ਦੀ ਪਰਖ ਦੇ ਆਧਾਰ (Criteria of Normal Person)
  1.1.2.2.1 ਸੁਰੱਖਿਆ ਦੀ ਉਪਯੁਕਤ ਭਾਵਨਾ (Adequate feelings of security)
  1.1.2.2.2 ਅਸਲੀ ਜੀਵਨ-ਉਦੇਸ਼ (Realistic Life Goals):
  1.1.2.2.3 ਵਾਸਤਵਿਕਤਾ ਨਾਲ ਪ੍ਰਭਾਵਕਾਰੀ ਸੰਪਰਕ (Sufficient contact with reality)
  1.1.2.2.4 ਉਪਯੁਕਤ ਸੁਭਾਵਿਕਤਾ (Adequate spontaneity) :
  1.1.2.2.5 ਸਮੁਚਿਤ ਸੰਵੇਗਸ਼ੀਲਤਾ
  1.1.2.2.6 ਸਵੈ-ਮੁਲਅੰਕਣ ਦਾ ਗਿਆਨ (Reasonable degree of self-evaluation)
  1.1.2.2.7 ਪਿਛਲੇ ਅਨੁਭਵਾਂ ਤੋਂ ਸਿੱਖਣ ਦੀ ਯੋਗਤਾ (Ability to learn from past experience)
  1.1.2.2.8 ਆਪਣੇ ਵਿਅਕਤੀਤਵ ਨੂੰ ਬਣਾਈ ਰੱਖਣ ਦੇ ਨਾਲ ਨਾਲ ਸਮੂਹ ਲੋੜਾਂ ਦੀ ਪੂਰਤੀ ਦੀ ਯੋਗਤਾ (Maintaining one's own individuality and ability to satisfy the need of the group)

1.1.2.2.9 ਸੰਗਠਿਤ ਅਤੇ ਸਥਾਈ ਵਿਅਕਤੀਤਵ (Integration and consistency of personality)

1.1.3 ਅਸਾਧਾਰਣ ਵਿਅਕਤੀ

1.1.3.1 ਅਸਾਧਾਰਣ ਵਿਅਕਤੀ ਦੇ ਲੱਛਣ (Symptoms of abnormal person)

1.1.3.1.1 ਅਪਰਾਧੀ ਅਤੇ ਬਾਲ ਅਪਰਾਧੀ (Criminal & juvenile delinquent):

1.1.3.1.2 ਮਾਨਸਿਕ ਰੋਗੀ (mental patient)

1.1.3.1.3 ਅਸਮਾਜਿਕ ਜਾਂ ਸਮਾਜ ਵਿਰੋਧੀ (a Social or Anti Social)

1.1.3.2 ਅਸਾਧਾਰਣਾ ਦੀ ਕਸਵੱਟੀ (Criteria of Abnormality)

1.1.3.2.1 ਨਿੱਜੀ ਯੋਗਤਾ ਸੰਬੰਧੀ ਅਪੂਰਣ ਭਾਵਨਾਵਾਂ (Inadequate feelings of personal worth)

1.1.3.2.2 ਆਤਮ ਵਿਸ਼ਵਾਸ ਦੀਆਂ ਅਪੂਰਣ ਭਾਵਨਾਵਾਂ (Inadequate feelings of self-confidence) :

1.1.3.2.3 ਸੁਰੱਖਿਆ ਦੀਆਂ ਅਪੂਰਨ ਭਾਵਨਾਵਾਂ (Inadequate feelings of Security)

1.1.3.2.4 ਅਪੂਰਣ ਸਮਾਜਿਕ ਸੰਬੰਧ(Inadequate Social Relationships)

1.1.3.2.5 ਅਪੂਰਣ ਸਵੈ-ਸਮਝ (Inadequate Self-Understanding)

1.1.3.2.6 ਭਾਵਾਤਮਕ ਅਪਰਪੱਕਤਾ (Emotional Immaturity)

1.1.3.2.7 ਵਿਅਕਤੀਤਵ ਦਾ ਅਪੂਰਣ ਏਕੀਕਰਣ (Inadequate Integration of Personality):

1.1.3.2.8 ਕੇਂਦਰੀ ਤੰਤੂ ਪ੍ਰਬੰਧ ਦੀ ਬਣਤਰ ਵਿਚ ਤਬਦੀਲੀ ਜਾਂ ਵਿਨਾਸ਼ (Change or destruction in Central Nervous System)

1.1.3.3 ਅਸਾਧਾਰਣਤਾ ਸੰਬੰਧੀ ਵਿਭੰਨ ਦ੍ਰਿਸ਼ਟੀਕੋਣ (Different View-points regarding Abnormality)

1.1.3.3.1 ਅੰਕੜਈ ਆਧਾਰ (Statistical view-point)

1.1.3.3.2 ਨਿੱਜੀ ਪਰਪੱਕਤਾ (Personal maturity)

1.1.3.3.3 ਨਿੱਜੀ ਸਮਾਯੋਜਨਾਂ (Personal adjustment)

1.1.3.3.4 ਸਮਾਜਿਕ ਕਲਿਆਣ (Social welfare)

1.1.3.3.5 ਸਭਿਆਚਾਰਕ ਦ੍ਰਿਸ਼ਟੀਕੋਣ (Cultural view-point)

1.1.3.3.6 ਰੋਗ ਵਿਗਿਆਨ ਦ੍ਰਿਸ਼ਟੀਕੋਣ (Pathological view-point)

1.1.3.3.7 ਨੈਤਿਕ ਦ੍ਰਿਸ਼ਟੀਕੋਣ (Ethical view-point)

1.1.3.3.8 ਸ਼ਰੀਰਕ ਦ੍ਰਿਸ਼ਟੀਕੋਣ (Physiological view-point)

1.1.3.3.9 ਸਰਬਗ੍ਰਾਹੀ ਦਾਰਸ਼ਨਿਕ ਦ੍ਰਿਸ਼ਟੀਕੋਣ (Electic view-point)

1.1.4 ਸ੍ਰੇਸ਼ਠ (Superiors)

1.1.5 ਸੰਖੇਪ ਸਾਰ

1.1.6 ਸ਼ਬਦਾਵਲੀ

1.1.0 ਉਦੇਸ਼

ਇਸ ਪਾਠ ਦਾ ਉਦੇਸ਼ ਮਨੁੱਖੀ ਵਿਵਹਾਰ ਦੇ ਆਸਾਰਧਣ ਪੱਖ ਬਾਰੇ ਜਾਣਕਾਰੀ ਦੇਣਾ ਹੈ। ਇਸ ਵਿਚ ਸਭ ਤੋ ਪਹਿਲਾਂ ਸਾਧਾਰਣ ਵਿਅਕਤੀ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਜਿਸ ਵਿਚ ਸਾਧਾਰਣ ਵਿਅਕਤੀ ਦੀ ਪਰਖ ਦੇ ਆਧਾਰ ਬਾਰੇ ਵੀ ਦੱਸਿਆ ਜਾਵੇਗਾ। ਇਸ ਤੋ ਬਾਅਦ ਅਸਾਧਾਰਣ ਵਿਅਕਤੀ ਦੀ ਪਰਿਭਾਸ਼ਾ ਦਿੰਦੇ ਹੋਏ ਅਸਾਧਾਰਣ ਵਿਅਕਤੀ ਦੇ ਲੱਛਣ ਦੱਸੇ ਜਾਣਗੇ। ਅਸਾਧਾਰਣਾ ਦੀ ਕਸਵੱਟੀ ਦੱਸਦੇ ਹੋਏ ਅਸਾਧਾਰਣਤਾ ਸੰਬੰਧੀ ਵਿਭਿੰਨ ਦ੍ਰਿਸ਼ਟੀਕੋਣਾਂ ਤੇ ਚਾਨਣਾ ਪਾਇਆ ਜਾਵੇਗਾ। ਅਖੀਰ ਵਿਚ ਸ੍ਰੇਸ਼ਠ ਵਿਅਕਤੀਆਂ ਬਾਰੇ ਚਰਚਾ ਕੀਤੀ ਜਾਵੇਗੀ।

1.1.1 ਭੂਮਿਕਾ

ਮਨੋਵਿਗਿਆਨ ਵਿਵਹਾਰ ਦਾ ਵਿਗਿਆਨ ਹੈ। ਵਿਵਹਾਰ ਦੇ ਦੋ ਰੂਪ ਹੁੰਦੇ ਹਨ : (1) ਸਾਧਾਰਣ ਅਤੇ (2) ਅਸਾਧਾਰਣ। ਅਸਾਧਾਰਣ ਮਨੋਵਿਗਿਆਨ ਅਸਾਧਾਰਣ ਵਿਵਹਾਰ ਦਾ ਅਧਿਐਨ ਕਰਦਾ ਹੈ। ਦੂਸਰੇ ਸ਼ਬਦਾਂ ਵਿਚ ਅਸਾਧਾਰਣ ਮਨੋਵਿਗਿਆਨ ਉਨ੍ਹਾਂ ਵਿਅਕਤੀਆਂ ਦਾ ਅਧਿਐਨ ਕਰਦਾ ਹੈ ਜਿਨ੍ਹਾਂ ਦੇ ਵਿਵਹਾਰ ਵਿਚ ਸਾਧਾਰਣ ਵਿਅਕਤੀ ਦੇ ਮੁਕਾਬਲੇ ਕੁੱਝ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਉਨ੍ਹਾਂ ਦੇ ਵਿਵਹਾਰ ਵਿਚ ਕੁੱਝ ਅਜਿਹੀਆਂ ਕ੍ਰਿਆਵਾਂ ਹੁੰਦੀਆਂ ਹਨ ਜੋ ਸਾਧਾਰਣ ਵਿਅਕਤੀ ਵਿਚ ਨਹੀਂ ਪਾਈਆਂ ਜਾਂਦੀਆਂ। ਜੇ ਇੱਕ ਨਵਾਂ ਵਿਅਕਤੀ, ਨਵੇਂ ਵਿਅਕਤੀਆਂ ਦੇ ਸਮੂਹ ਦੇ ਸਾਹਮਣੇ ਨਵੇਂ ਵਿਸ਼ਿਆਂ ਤੇ ਭਾਸ਼ਨ ਦੇਣ ਵਿਚ ਪਹਿਲੀ ਵਾਰ ਡਰਦਾ ਹੈ ਜਾਂ ਕੰਬਦਾ ਹੈ ਤਾਂ ਉਸ ਦਾ ਵਿਵਹਾਰ ਸਾਧਾਰਣ ਵਿਵਹਾਰ ਆਖਿਆ ਜਾਵੇਗਾ ਪਰੰਤੂ ਜੇ ਕੋਈ ਜਾਣਾ ਪਛਾਣਾ ਵਿਅਕਤੀ, ਜਾਣੇ ਪਛਾਣੇ ਵਿਸ਼ੇ ਤੇ, ਜਾਣੇ ਪਹਿਚਾਣੇ ਵਿਅਕਤੀਆਂ ਦੇ ਸਮੂਹ ਸਾਹਮਣੇ ਬੋਲਣ ਤੋਂ ਡਰਦਾ ਹੈ ਤਾਂ ਇਸ ਤਰ੍ਹਾਂ ਦੇ ਵਿਵਹਾਰ ਨੂੰ ਅਸਾਧਾਰਣ ਵਿਵਹਾਰ ਕਿਹਾ ਜਾਂਦਾ ਹੈ ਕਿਉਂਕਿ ਇਹ ਵਿਅਕਤੀ ਅਨੇਕ ਵਾਰ ਬੋਲਣ ਦੇ ਬਾਵਜੂਦ ਹਿਚਕਿਚਾਹਟ ਅਨੁਭਵ ਕਰਦਾ ਹੈ। ਅਸਲ ਵਿਚ ਸਾਧਾਰਣ ਜਾਂ ਅਸਾਧਾਰਣ ਵਿਅਕਤੀ ਦੀ ਪ੍ਰਾਕ੍ਰਿਤ ਸਮਝਣ ਲਈ ਸਾਧਾਰਣ ਤੇ ਅਸਾਧਾਰਣ ਵਿਅਕਤੀ ਦਾ ਵਿਸਥਾਰ ਪੂਰਵਕ ਵਰਨਣ ਕਰਨਾ ਪਏਗਾ।

1.1.2 ਸਾਧਾਰਣ ਵਿਅਕਤੀ (Normal Person)

ਸਾਧਾਰਣ ਵਿਅਕਤੀ ਕੌਣ ਹੈ?

ਨਾਰਮਲ : Normal ਸ਼ਬਦ ਦੀ ਉਤਪਤੀ ਲਾਤੀਨੀ ਸ਼ਬਦ 'ਨਾਰਮਾ' (Norma) ਤੋਂ ਹੋਈ ਹੈ ਜਿਸਦਾ ਅਰਥ ਹੈ – ਤਰਖਾਣ ਦਾ ਵਰਗ (Carpenter's square)। ਦੂਸਰੀ ਭਾਸ਼ਾ ਵਿਚ 'ਨਾਰਮਾ' ਦਾ ਅਰਥ ਨਿਯਮ, ਪ੍ਰਤੀਰੂਪ ਜਾਂ ਪ੍ਰਤੀਮਾਨ ਲਗਾਇਆ ਜਾਣ ਲੱਗਾ। ਸਾਧਾਰਨ ਵਿਅਕਤੀ ਉਹ ਹੁੰਦਾ ਹੈ ਜੋ ਸਾਧਾਰਣ ਰੂਪ ਵਿਚ ਆਪਣੀ ਕ੍ਰਿਆਵਾਂ ਨੂੰ ਕਰਦਾ ਹੈ, ਆਪਣੇ ਦਿਨ ਭਰ ਦੇ ਕੰਮਾਂ ਵਿਚ ਵਿਚਾਰਪੂਰਕ ਨਿਰਣੇ ਲੈਂਦਾ ਹੈ ਅਤੇ ਸਮਾਜਿਕ ਮਾਨਤਾਵਾਂ ਦਾ ਇੱਕ ਸੀਮਾ ਤੱਕ ਪਾਲਣ ਕਰਦਾ ਹੈ। ਦੂਸਰੇ ਸ਼ਬਦਾਂ ਵਿਚ ਇਕ ਸਾਧਾਰਣ ਵਿਅਕਤੀ ਸਮਾਜਿਕ, ਆਰਥਿਕ, ਸੰਸਕ੍ਰਿਤਕ, ਪਰਿਵਾਰਿਕ ਅਤੇ ਵਿਅਕਤੀਗਤ ਸਾਰੇ ਪ੍ਰਕਾਰ ਦੀਆਂ ਪਰਿਸਥਿਤੀਆਂ ਨਾਲ ਸਮਾਯੋਜਨ ਅਤੇ ਸੰਤੁਲਨ ਬਣਾਈ ਰੱਖਦਾ ਹੈ। ਹਾਰਨੀ ਦੇ ਅਨੁਸਾਰ ਜਿਸ ਵਿਅਕਤੀ ਵਿਚ ਸਕਾਰਾਤਮਕ ਅਤੇ ਨਾਕਾਰਤਮਕ ਯੋਗਤਾ ਹੁੰਦੀ ਹੈ ਉਸ ਨੂੰ ਸਾਧਾਰਣ ਵਿਅਕਤੀ ਕਹਿੰਦੇ ਹਨ ਅਤੇ ਉਸ ਦਾ ਵਿਅਕਤੀਤਵ ਸਾਧਾਰਣ ਹੁੰਦਾ ਹੈ।

1.2.1 ਸਾਧਾਰਣ ਵਿਅਕਤੀ ਦੀਆਂ ਵਿਸ਼ੇਸ਼ਤਾਵਾਂ (Characteristics of a Normal Personality)

ਸੰਖੇਪ ਵਿਚ ਸਾਧਾਰਣ ਵਿਅਕਤੀ ਦੀਆਂ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ :

1.1.2.1.1 ਸਮਾਜਿਕਤਾ

ਸਾਧਾਰਣ ਵਿਅਕਤੀਆਂ ਵਿਚ ਸਭ ਤੋਂ ਪ੍ਰਮੁੱਖ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਹਨਾਂ ਵਿਚ ਸਮਾਜਿਕ ਵਿਵਹਾਰ ਦੇ ਦ੍ਰਿਸ਼ਟੀਕੋਣ ਤੋਂ ਕਾਨੂੰਨ ਦੀ ਮਰਯਾਦਾ ਦੀ ਰੱਖਿਆ ਅਤੇ ਸਮਾਜਿਕ ਪਰੰਪਰਾ ਤੇ

ਮਰਯਾਦਾ ਦੇ ਸਨਮਾਨ ਦਾ ਗੁਣ ਹੁੰਦਾ ਹੈ। ਉਹ ਵਿਅਕਤੀ ਅਜਿਹੇ ਕੰਮ ਨਹੀਂ ਕਰਨਾ ਚਾਹੁੰਦੇ ਜਿਸ ਦਾ ਸੰਬੰਧ ਸਮਾਜ ਵਿਰੋਧੀ ਕੰਮਾਂ ਨਾਲ ਹੁੰਦਾ ਹੈ। ਉਹ ਸਮਾਜਿਕ ਉਤਸਵਾਂ ਵਿਚ ਭਾਗ ਲੈਂਦੇ ਹਨ ਅਤੇ ਵਿਭਿੰਨ ਸਮਾਜਿਕ ਉਪਦੇਸ਼ਾਂ ਨੂੰ ਸਵੀਕਾਰ ਕਰਦੇ ਹਨ। ਉਹ ਜਾਤੀ, ਸੰਸਕ੍ਰਿਤੀ ਧਰਮ ਆਦਿ ਦੇ ਨਿਯਮਾਂ ਦਾ ਉਲੰਘਣ ਨਹੀਂ ਕਰਦੇ। ਪਰੰਤੂ ਇਸ ਦਾ ਇਹ ਮਤਲਬ ਨਹੀਂ ਕਿ ਉਹ ਵਿਅਕਤੀ ਸਮਾਜ ਦੀਆਂ ਬੁਰਾਈਆਂ ਦੇ ਪ੍ਰਤੀ ਵਿਰੋਧਾਤਮਕ ਭਾਵਨਾ ਦਾ ਪ੍ਰਦਰਸ਼ਨ ਨਹੀਂ ਕਰਦੇ, ਸਗੋਂ ਇਨ੍ਹਾਂ ਬੁਰਾਈਆਂ ਨੂੰ ਦੂਰ ਕਰਨ ਲਈ ਕਦਮ ਵੀ ਉਠਾਂਦੇ ਹਨ। ਇਕ ਸਾਧਾਰਣ ਵਿਅਕਤੀ ਬਦਨਾਮੀ ਤੋਂ ਡਰਦਾ ਹੈ ਅਤੇ ਸਮਾਜਿਕ ਸਨਮਾਨ ਅਤੇ ਜਸ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ। ਉਹ ਸਮਾਜ ਦੇ ਦੂਸਰੇ ਵਿਅਕਤੀਆਂ ਤੋਂ ਸਹਿਯੋਗ ਦੀ ਕਾਮਨਾ ਕਰਦਾ ਹੈ ਅਤੇ ਮਿਲ ਜੁਲ ਕੇ ਸਮਾਜ ਅਤੇ ਦੇਸ਼ ਦੀ ਉਨੱਤੀ ਕਰਨਾ ਚਾਹੁੰਦਾ ਹੈ। ਉਹ ਕੇਵਲ ਆਪਣੇ ਸਵਾਰਥ ਲਈ ਕੰਮ ਨਹੀਂ ਕਰਦਾ ਸਗੋਂ ਦੂਸਰਿਆਂ ਦੇ ਹਿੱਤ ਦਾ ਵੀ ਧਿਆਨ ਰੱਖਦਾ ਹੈ।

1.1.2.1.2 ਵਿਅਕਤੀਤਵ ਵਿਸ਼ੇਸ਼ਤਾਵਾਂ ਵਿਚ ਸਮਾਨਤਾ

ਵੈਸੇ ਤਾਂ ਵਿਅਕਤੀਗਤ ਵਿਕਾਸ ਦੇ ਦ੍ਰਿਸ਼ਟੀਕੋਣ ਤੋਂ ਕੋਈ ਵੀ ਵਿਅਕਤੀ ਨਾ ਤਾਂ ਸਮਾਨ ਹੁੰਦੇ ਹਨ ਅਤੇ ਨਾ ਹੀ ਉਨ੍ਹਾਂ ਵਿਚ ਸਮਾਨ ਕਹੇ ਜਾਣ ਵਾਲੇ ਸਾਰੇ ਸੰਵੇਗਾਤਮਕ, ਚਰਿਤਰਕ ਅਤੇ ਬੌਧਿਕ ਗੁਣਾਂ ਦਾ ਸਮਾਨ ਵਿਤਰਣ ਹੁੰਦਾ ਹੈ। ਪਰੰਤੂ ਜੇ ਅਸੀਂ ਬਹੁਤ ਗਿਣਤੀ ਵਿਚ ਵਿਅਕਤੀਆਂ ਦੇ ਜੀਵਨ ਇਤਿਹਾਸ (Case History) ਦਾ ਅਧਿਐਨ ਕਰੀਏ ਤਾਂ ਸਾਨੂੰ ਉਨ੍ਹਾਂ ਦੇ ਜੀਵਨ ਵਿਚ ਇੱਕ ਪ੍ਰਕਾਰ ਦੀ ਸਮਾਨਤਾ ਜ਼ਰੂਰ ਮਿਲੇਗੀ ਜਿਵੇਂ ਜ਼ਿਆਦਾਤਾਰ ਸਾਧਾਰਣ ਵਿਅਕਤੀਆਂ ਵਿਚ ਅਸਾਧਾਰਣ ਉਤੇਜਨਸ਼ੀਲਤਾ, ਅਕੇਲਾਪਨ, ਸੰਦੇਹਯੁਕਤ ਆਦਿ ਗੁਣ ਨਹੀਂ ਹੁੰਦੇ। ਜੇ ਉਨ੍ਹਾਂ ਵਿਚ ਇਹ ਸਾਰੇ ਗੁਣ ਪਾਏ ਵੀ ਜਾਂਦੇ ਹਨ ਤਾਂ ਔਸਤ ਮਾਤਰਾ ਵਿਚ ਹੁੰਦੇ ਹਨ। ਜੀਵਨ ਦੀਆਂ ਅਸਫਲਤਾਵਾਂ ਅਤੇ ਦੁੱਖਾਂ ਨਾਲ ਇਹਨਾਂ ਦਾ ਜੀਵਨ ਅਸੰਤੁਲਿਤ ਨਹੀਂ ਹੁੰਦਾ ਕਿਉਂਕਿ ਉਹਨਾਂ ਵਿਚ ਮੁਸ਼ਕਿਲ ਪਰਸਿਥਤੀਆਂ ਦਾ ਹੌਸਲੇ ਨਾਲ ਸਾਹਮਨਾ ਕਰਨ ਦੀ ਸ਼ਕਤੀ ਹੁੰਦੀ ਹੈ।

1.1.2.1.3 ਵਿਭਿੰਨ ਲੋੜਾਂ ਅਤੇ ਕ੍ਰਿਆਵਾਂ ਵਿਚ ਸਮਾਨਤਾ

ਸਾਧਾਰਣ ਵਿਅਕਤੀਆਂ ਵਿਚ ਇਕ ਵਿਸ਼ੇਸ਼ਤਾ ਇਹ ਵੀ ਹੁੰਦੀ ਹੈ ਕਿ ਉਹ ਆਪਣੀਆਂ ਵਿਭਿੰਨ ਲੋੜਾਂ ਪ੍ਰਤੀ ਸਮਾਨਯੋਜਨ ਦ੍ਰਿਸ਼ਟੀਕੋਣ ਤੇ ਧਿਆਨ ਦਿੰਦਾ ਹੈ। ਜੀਵਨ ਦੀਆਂ ਅਨੇਕ ਲੋੜਾਂ ਦੀ ਪੂਰਤੀ ਲਈ ਉਹ ਨੌਕਰੀ, ਵਪਾਰ ਆਦਿ ਕਰਦਾ ਹੈ ਅਤੇ ਵਿਭਿੰਨ ਕੰਮ ਕਰਨ ਸਮੇਂ ਉਹ ਬੁੱਧੀ ਦਾ ਸਹਾਰਾ ਲੈਂਦਾ ਹੈ। ਉਹ ਛੋਟੀਆਂ ਛੋਟੀਆ ਮੁਸ਼ਕਲਾਂ ਜਾਂ ਅਸਫਲਤਾਵਾਂ ਤੋਂ ਘਬਰਾਉਂਦਾ ਨਹੀਂ ਬਲਕਿ ਸਾਹਸ ਨਾਲ ਸਾਹਮਣਾ ਕਰਦਾ ਹੈ। ਉਹ ਆਪਣੇ ਪਰਿਵਾਰ ਦੀ ਸੁੱਖ ਅਤੇ ਸ਼ਾਂਤੀ ਦਾ ਖਿਆਲ ਰੱਖਦਾ ਹੈ। ਅਜਿਹੇ ਵਿਅਕਤੀਆਂ ਦੇ ਜੀਵਨ ਵਿਚ ਅਨੇਕ ਅਸਫਲਤਾਵਾਂ ਆਉਂਦੀਆਂ ਹਨ ਪਰੰਤੂ ਉਹ ਆਪਣਾ ਸੰਤੁਲਨ ਨਹੀਂ ਖੋਂਦੇ, ਬਲਕਿ ਉਨ੍ਹਾਂ ਨੂੰ ਦੂਰ ਕਰਨ ਦੇ ਯਤਨ ਕਰਦੇ ਹਨ। ਉਨ੍ਹਾਂ ਵਿਚ ਸਮਾਜਿਕ ਕਲਿਆਣ ਦੀ ਭਾਵਨਾ ਹੁੰਦੀ ਹੈ।

1.1.2.1.4 ਪਰਸਿਥਿਤੀ ਦੇ ਅਨੁਰੂਪ ਸਮਾਯੋਜਨ

ਸਾਧਾਰਣ ਵਿਅਕਤੀਆਂ ਵਿਚ ਇੱਕ ਪ੍ਰਮੁੱਖ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਹ ਆਪਣੇ ਵਿਵਹਾਰ ਵਿਚ ਸਮੇਂ ਅਤੇ ਪਰਸਥਿਤੀ ਦੇ ਅਨੁਰੂਪ ਸਮਾਯੋਜਨ ਕਰਕੇ ਕੰਮ ਕਰਦੇ ਹਨ। ਜੇ ਦੁਖਦਾਈ ਪਰਸਥਿਤੀ ਹੈ ਤਾਂ ਉਸ ਸਮੇਂ ਉਹ ਰੋਂਦਾ ਹੈ ਤੇ ਦੁੱਖ ਦੇ ਭਾਵ ਪ੍ਰਗਟ ਕਰਦਾ ਹੈ ਅਤੇ ਜੇ ਸਥਿਤੀ ਸੁਖਦਾਈ ਹੈ ਤਾਂ ਉਹ ਹੱਸਦਾ ਹੈ। ਦੁੱਖ ਅਤੇ ਸੁੱਖ ਦੇ ਭਾਵ ਪ੍ਰਗਟ ਕਰਨ ਲਈ ਉਹ ਇਸ ਗੱਲ ਦਾ ਵੀ ਧਿਆਨ ਰੱਖਦਾ ਹੈ ਕਿ ਦੂਸਰੇ ਲੋਕਾਂ ਦੀ ਰਾਏ ਵਿਚ ਇਹ ਠੀਕ ਹੈ ਕਿ ਨਹੀਂ।

1.1.2.1.5 ਸਹੀ ਅਤੇ ਗਲਤ ਨਿਯਮਾਂ ਦਾ ਗਿਆਨ ਹੋਣਾ

ਇੱਕ ਸਾਧਾਰਣ ਵਿਅਕਤੀ ਨੂੰ ਇਸ ਗੱਲ ਦਾ ਪੂਰਣ ਗਿਆਨ ਹੁੰਦਾ ਹੈ ਕਿ ਉਹ ਆਪਣੀ ਕ੍ਰਿਆਵਾਂ ਵਿਚ ਸਮਾਜਿਕ, ਸੰਸਕ੍ਰਿਤਕ ਜਾਂ ਰਾਜਨੀਤਿਕ ਨਿਯਮਾਂ, ਪਰੰਪਰਾਵਾਂ, ਨੈਤਿਕ ਆਦਰਸ਼ਾਂ ਆਦਿ ਦਾ ਸਹੀ ਰੂਪ ਵਿਚ ਪਾਲਣ ਕਰ ਰਿਹਾ ਹੈ ਜਾਂ ਨਹੀਂ। ਉਹ ਸਮਝਦਾ ਹੈ ਕਿ ਅਮੁੱਕ ਕੰਮ

ਦਾ ਅਨੁਕੂਲ ਅਤੇ ਪ੍ਰਤਿਕੂਲ ਕੀ ਹੈ? ਉਹ ਹਮੇਸ਼ਾ ਸਹੀ ਕੰਮ ਕਰਦਾ ਹੈ ਅਤੇ ਗਲਤ ਕੰਮਾਂ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ।

1.1.2.1.6 ਗਲਤ ਕੰਮਾਂ ਪ੍ਰਤੀ ਪਸ਼ਚਾਤਾਪ

ਅਜਿਹਾ ਨਹੀਂ ਹੈ ਕਿ ਸਾਧਾਰਣ ਵਿਅਕਤੀ ਗਲਤ ਕੰਮ ਕਰਦਾ ਹੀ ਨਹੀਂ ਹੈ। ਉਹ ਜੀਵਨ ਵਿਚ ਬਹੁਤ ਗਲਤੀਆਂ ਕਰਦਾ ਹੈ, ਪਰੰਤੂ ਇਹ ਅਨੁਭਵ ਹੋਣ ਤੇ ਕਿ ਕੋਈ ਗਲਤ ਕੰਮ ਹੋ ਗਿਆ ਹੈ, ਉਹ ਪਸ਼ਚਾਤਾਪ ਵੀ ਕਰਨ ਲੱਗਦਾ ਹੈ ਅਤੇ ਭਵਿੱਖ ਵਿਚ ਉਹੀ ਗਲਤੀ ਦੁਹਰਾਉਣ ਦੀ ਹਿੰਮਤ ਨਹੀਂ ਕਰਦਾ।

1.1.2.1.7 ਸਿਹਤ, ਸੁੱਰਖਿਆ ਅਤੇ ਸੰਜਮ

ਸਾਧਾਰਣ ਵਿਅਕਤੀ ਆਪਣੀ ਸਰੀਰਕ, ਸਮਾਜਿਕ, ਮਨੋਵਿਗਿਆਨਕ ਅਤੇ ਆਰਥਿਕ ਦਸ਼ਾ ਨੂੰ ਸਦਾ ਸੁਰੱਖਿਅਤ ਰੱਖਣ ਦਾ ਪੂਰਾ ਯਤਨ ਕਰਦਾ ਹੈ। ਉਹ ਆਪਣੇ ਆਪ ਜੀਵਨ ਦੇ ਉਦੇਸ਼ ਦੀ ਪੂਰਤੀ ਲਈ ਮਿਹਨਤ ਅਤੇ ਪੂਰਾ ਯਤਨ ਕਰਦਾ ਹੈ। ਜੇ ਉਹ ਆਪਣੇ ਮੰਤਵ ਵਿਚ ਸਫਲ ਹੁੰਦਾ ਹੈ, ਤਾਂ ਉਸਦਾ ਉਤਸ਼ਾਹ ਵੱਧਦਾ ਹੈ ਅਤੇ ਉਹ ਹੋਰ ਚੰਗੇਰਾ ਕੰਮ ਕਰਨ ਲਈ ਪ੍ਰੇਰਿਤ ਹੁੰਦਾ ਹੈ, ਪਰ ਜੇ ਉਹ ਅਸਫਲ ਹੋਵੇ ਤਾਂ ਉਹ ਆਪਣਾ ਮਾਨਸਿਕ ਸੰਤੁਲਨ ਨਹੀਂ ਗੁਆ ਬੈਠਦਾ। ਥੋੜ੍ਹੀ ਦੇਰ ਬਾਅਦ ਉਹ ਆਪਣੇ ਉਦੇਸ਼ ਦੀ ਪੂਰਤੀ ਲਈ ਫੇਰ ਯਤਨ ਸ਼ੁਰੂ ਕਰ ਦਿੰਦਾ ਹੈ ਜਾਂ ਫਿਰ ਆਪਣੇ ਉਦੇਸ਼ ਵਿਚ ਲੋੜ ਅਨੁਸਾਰ ਥੋੜ੍ਹਾ ਬਹੁਤ ਪਰਿਵਰਤਨ ਕਰ ਲੈਂਦਾ ਹੈ। ਸਾਧਾਰਣ ਵਿਅਕਤੀ ਆਪਣੇ ਅਨੁਭਵਾਂ ਤੋਂ ਲਾਭ ਉਠਾ ਕੇ ਭਵਿੱਖ ਵਿਚ ਸਫਲ ਹੋਣ ਦਾ ਯਤਨ ਕਰਦਾ ਹੈ। ਉਹ ਆਪਣੇ ਜੀਵਨ ਵਿਚ ਸ਼ਾਂਤੀ, ਸੁਰੱਖਿਆ ਅਤੇ ਆਰਾਮ ਚਾਹੁੰਦਾ ਹੈ ਅਤੇ ਇਨ੍ਹਾਂ ਨੂੰ ਪ੍ਰਾਪਤ ਕਰਨ ਲਈ ਉਪਰਾਲੇ ਵੀ ਕਰਦਾ ਹੈ।

1.1.2.2 ਸਾਧਾਰਣ ਵਿਅਕਤੀ ਦੀ ਪਰਖ ਦੇ ਆਧਾਰ (Criteria of normal person)

ਪ੍ਰੋਫੈਸਰ ਮੈਸਲੋ ਅਤੇ ਮਿਟਿਲਮੈਨ (Maslow and Mittleman) ਨੇ ਸਾਧਾਰਣ ਵਿਅਕਤੀਗਤ ਨੂੰ ਪਰਖਣ ਲਈ ਹੇਠ ਲਿਖੇ ਤੱਤਾਂ ਦਾ ਵਰਨਣ ਕੀਤਾ ਹੈ :

1.1.2.2.1 ਸੁਰੱਖਿਆ ਦੀ ਉਪਯੁਕਤ ਭਾਵਨਾ (Adequate feelings of security)

ਸਾਧਾਰਣ ਵਿਅਕਤੀ ਉਹ ਹੈ ਜੋ ਸਾਰੀਆਂ ਸਥਿਤੀਆਂ ਵਿਚ ਠੀਕ ਤਰ੍ਹਾਂ ਸਮਾਯੋਜਨ ਕਰ ਸਕੇ। ਉਹ ਕਿਸੇ ਵੀ ਪਰਸਥਿਤੀ ਤੋਂ ਘਬਰਾਉਂਦਾ ਨਹੀਂ ਅਤੇ ਆਪਣੇ ਆਪ ਨੂੰ ਅਸੁਰੱਖਿਅਤ ਨਹੀਂ ਸਮਝਦਾ। ਇਸ ਤੋਂ ਇਹ ਮਤਲਬ ਨਹੀਂ ਕੱਢਣਾ ਚਾਹੀਦਾ ਕਿ ਇੱਕ ਸਾਧਾਰਨ ਵਿਅਕਤੀ ਪੂਰਣ ਰੂਪ ਤੋਂ ਸੁਰੱਖਿਅਤ ਅਤੇ ਡਰ ਤੋਂ ਮੁਕਤ ਹੁੰਦਾ ਹੈ ਪਰੰਤੂ ਜੇ ਉਹ ਬਿਨਾਂ ਕਾਰਣਾਂ ਤੋਂ ਆਪਣੇ ਆਪ ਨੂੰ ਅਸੁਰੱਖਿਅਤ ਸਮਝਦਾ ਹੈ ਤਾਂ ਉਹ ਅਸਾਧਾਰਣ ਵਿਅਕਤੀ ਕਹਿਲਾਏਗਾ।

1.1.2.2.2 ਅਸਲੀ ਜੀਵਨ-ਉਦੇਸ (Realistic life goals):

ਸਾਧਾਰਣ ਵਿਅਕਤੀ ਦੇ ਜੀਵਨ ਉਦੇਸ਼ ਨਿਸ਼ਚਿਤ ਅਤੇ ਸਮਾਜਿਕ ਪਰਸਥਿਤੀਆਂ ਦੇ ਅਨੁਕੂਲ ਹੁੰਦੇ ਹਨ। ਉਹ ਆਪਣੀਆਂ ਯੋਗਤਾਵਾਂ ਅਤੇ ਪ੍ਰਤਿਭਾ ਦੇ ਆਧਾਰ ਤੇ ਹੀ ਉਦੇਸ਼ਾਂ ਦਾ ਨਿਰਮਾਣ ਕਰਦਾ ਹੈ ਅਤੇ ਉਨ੍ਹਾਂ ਦੀ ਪ੍ਰਾਪਤੀ ਦੇ ਲਈ ਸਾਰੇ ਸਾਧਨ ਇੱਕਠੇ ਕਰਦਾ ਹੈ। ਪਰੰਤੂ ਜੋ ਵਿਅਕਤੀ ਆਪਣੇ ਉਦੇਸ਼ਾਂ ਨੂੰ ਆਪਣੀ ਯੋਗਤਾ ਅਤੇ ਪ੍ਰਤਿਭਾ ਤੋਂ ਬਾਹਰ ਮਿੱਥ ਲੈਂਦਾ ਹੈ ਅਤੇ ਉਨ੍ਹਾਂ ਦੇ ਲੱਛਣਾਂ ਦੇ ਸੰਬੰਧ ਸਮਾਜਿਕ ਹਿੱਤ ਦੇ ਅਨੁਰੂਪ ਨਹੀਂ ਹੁੰਦੇ ਉਹ ਵਿਅਕਤੀ ਅਸਾਧਾਰਣ ਕਹਾਉਂਦਾ ਹੈ।

1.1.2.2.3 ਵਾਸਤਵਿਕਤਾ ਨਾਲ ਪ੍ਰਭਾਵਕਾਰੀ ਸੰਪਰਕ (Sufficient contact with reality)

ਉਹ ਸਾਧਾਰਣ ਵਿਅਕਤੀ ਕਹਾਉਂਦਾ ਹੈ ਜੋ ਹਰ ਪ੍ਰਕਾਰ ਦੇ ਵਾਤਾਵਰਣ ਨਾਲ ਉਚਿਤ ਸਮਾਯੋਜਨ ਰੱਖਣ ਵਿਚ ਸਮਰੱਥ ਹੁੰਦਾ ਹੈ। ਉਹ ਹਵਾਈ ਕਿਲੇ ਨਹੀਂ ਬਣਾਉਂਦਾ ਅਤੇ ਨਾ ਹੀ ਜੀਵਨ ਵਿਚ ਸਾਧਾਰਣ ਕਸ਼ਟਦਾਇਕ ਸਥਿਤੀਆਂ ਤੋਂ ਘਬਰਾਉਂਦਾ ਹੈ।

1.1.2.2.4 ਉਪਯੁਕਤ ਸੁਭਾਵਿਕਤਾ (Adequate spontaneity) :

ਸਾਧਾਰਣ ਵਿਅਕਤੀ ਉਹ ਹੁੰਦਾ ਹੈ ਜਿਸ ਵਿਚ ਇਹ ਯੋਗਤਾ ਹੁੰਦੀ ਹੈ ਕਿ ਉਹ ਸਮੇਂ, ਸਥਾਨ, ਵਿਅਕਤੀ ਜਾਂ ਪਰਸਥਿਤੀ ਨੂੰ ਧਿਆਨ ਵਿਚ ਰੱਖਦੇ ਹੋਏ ਵਿਵਹਾਰ ਕਰਦਾ ਹੈ। ਅਸਾਧਾਰਣ ਵਿਅਕਤੀ ਵਿਚ ਉਹ ਯੋਗਤਾ

1.1.2.2.5 ਸਮੁਚਿਤ ਸੰਵੇਗਸ਼ੀਲਤਾ :

ਸਾਧਾਰਣ ਵਿਅਕਤੀ ਵਿਚ ਜਿੱਥੇ ਗੂੜ੍ਹੇ ਸੰਵੇਗਾਤਮਕ ਸੰਬੰਧ ਬਣਾਈ ਰੱਖਣ ਦੀ ਸਮਰੱਥਾ ਹੁੰਦੀ ਹੈ, ਉਥੇ ਸਾਧਾਰਣ ਵਿਅਕਤੀ ਵਿਚ ਇੰਨੀ ਸਮਰੱਥਾ ਹੁੰਦੀ ਹੈ ਕਿ ਉਹ ਆਪਣੀਆਂ ਕਮੀਆਂ ਨੂੰ ਜਾਣ ਲੈਂਦਾ ਹੈ। ਉਸ ਵਿਚ ਆਤਮ ਸਨਮਾਨ ਅਤੇ ਆਤਮ-ਮੁਲਅੰਕਣ ਦੇ ਗੁਣ ਹੁੰਦੇ ਹਨ। ਅਸਾਧਾਰਣ ਵਿਅਕਤੀ ਵਿਚ ਆਤਮ-ਮੁਲਅੰਕਣ ਦੀ ਯੋਗਤਾ ਨਹੀਂ ਹੁੰਦੀ।

1.1.2.2.6 ਸਵੈ-ਮੁਲਅੰਕਣ ਦਾ ਗਿਆਨ (Reasonable degree of self-evaluation)

ਸਾਧਾਰਣ ਵਿਅਕਤੀ ਵਿਚ ਇੰਨੀ ਸਮਰੱਥਾ ਹੁੰਦੀ ਹੈ ਕਿ ਉਹ ਆਪਣੀਆਂ ਕਮੀਆਂ ਨੂੰ ਜਾਣ ਲੈਂਦਾ ਹੈ। ਉਸ ਵਿਚ ਆਤਮ ਸਨਮਾਨ ਅਤੇ ਆਤਮ-ਮੁਲਅੰਕਣ ਦੇ ਗੁਣ ਹੁੰਦੇ ਹਨ। ਅਸਾਧਾਰਣ ਵਿਅਕਤੀ ਵਿਚ ਆਤਮ-ਮੁਲਅੰਕਣ ਦੀ ਯੋਗਤਾ ਨਹੀਂ ਹੁੰਦੀ।

1.1.2.2.7 ਪਿਛਲੇ ਅਨੁਭਵਾਂ ਤੋਂ ਸਿੱਖਣ ਦੀ ਯੋਗਤਾ (Ability to learn from past experience) :

ਸਾਧਾਰਣ ਵਿਅਕਤੀ ਇਤਨਾ ਯੋਗ ਹੁੰਦਾ ਹੈ ਕਿ ਉਹ ਆਪਣੇ ਪਿਛਲੇ ਅਨੁਭਵਾਂ ਦਾ ਫਾਇਦਾ ਵਰਤਮਾਨ ਅਤੇ ਭਵਿੱਖ ਵਿਚ ਉਠਾਉਂਦਾ ਹੈ ਜਦ ਕਿ ਅਸਾਧਾਰਣ ਵਿਅਕਤੀ ਅਜਿਹਾ ਨਹੀਂ ਕਰ ਸਕਦਾ।

1.1.2.2.8 ਆਪਣੇ ਵਿਅਕਤੀਤਵ ਨੂੰ ਬਣਾਈ ਰੱਖਣ ਦੇ ਨਾਲ ਨਾਲ ਸਮੂਹ ਲੋੜਾਂ ਦੀ ਪੂਰਤੀ ਦੀ ਯੋਗਤਾ (Maintaining one's own individuality and ability to satisfy the need of the group) :

ਸਾਧਾਰਣ ਵਿਅਕਤੀ ਵਿਚ ਇਹ ਯੋਗਤਾ ਹੁੰਦੀ ਹੈ ਕਿ ਉਸ ਵਿਚ ਆਪਣਾ ਵਿਅਕਤੀਤਵ ਬਣਾਈ ਰੱਖਣ ਦੇ ਨਾਲ ਨਾਲ ਸਮੂਹ ਦੀਆਂ ਲੋੜ੍ਹਾਂ ਨੂੰ ਪੂਰਾ ਕਰਨ ਦੀ ਸਮਰੱਥਾ ਵੀ ਹੁੰਦੀ ਹੈ ਜਦ ਕਿ ਅਸਾਧਾਰਣ ਵਿਅਕਤੀਆ ਵਿਚ ਅਜਿਹਾ ਨਹੀਂ ਹੁੰਦਾ।

1.1.2.2.9 ਸੰਗਠਿਤ ਅਤੇ ਸਥਾਈ ਵਿਅਕਤੀਤਵ (Integration and consistency of personality) :

ਸਾਧਾਰਣ ਵਿਅਕਤੀ ਦੀ ਮੁੱਖ ਵਿਸ਼ੇਸ਼ਤਾਂ ਇਹ ਹੁੰਦੀ ਹੈ ਕਿ ਉਹ ਸੰਕਲਪ, ਚਿੰਤਨ ਅਤੇ ਬੋਧ ਤਿੰਨਾਂ ਪੱਖਾਂ ਵਿਚ ਸੰਤੁਲਤ ਹੁੰਦਾ ਹੈ ਜਦ ਕਿ ਅਸਾਧਾਰਣ ਵਿਅਕਤੀ ਵਿਚ ਅਜਿਹਾ ਨਹੀਂ ਹੁੰਦਾ।

1.1.3 ਅਸਾਧਾਰਣ ਵਿਅਕਤੀ (Abnormal person)

ਅਸਾਧਾਰਣ ਵਿਅਕਤੀ ਕੌਣ ਹੈ (Who is Abnormal person):

ਇੱਕ ਅਸਾਧਾਰਨ ਵਿਅਕਤੀ ਦੀ ਵਿਸ਼ੇਸ਼ਤਾ ਦੇ ਸੰਬੰਧ ਵਿਚ ਅਧਿਐਨ ਕਰਨ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਅਸਾਧਾਰਣ ਦਾ ਮਤਲਬ ਕੀ ਹੈ? ਅਸਾਧਾਰਣ ਨੂੰ ਅੰਗਰੇਜ਼ੀ ਵਿਚ 'Abnormal' ਕਹਿੰਦੇ ਹਨ। ਏਬਨਾਰਮਲ ਸ਼ਬਦ ਦੀ ਉਤਪਤੀ 'ਐਨੋਮੇਲਸ (Anomalos) ਨਾਲ ਹੋਈ ਹੈ 'ਐਨੋ' (Ano) ਦਾ ਅਰਥ ਹੈ ਨਹੀਂ ਅਤੇ 'ਮੇਲਸ' (Melos) ਦਾ ਅਰਥ ਹੈ ਨਿਯਮਿਤ (Regular)। ਇਸ ਦੇ ਅਨੁਸਾਰ ਐਬਨਾਰਮਲ ਦਾ ਅਰਥ ਹੈ– ਅਨਿਯਮਿਤ (not-regular)। ਇਸ ਲਈ ਅਸੀਂ ਇਹ ਕਹਿ ਸਕਦੇ ਹਾਂ ਕਿ ਅਸਾਧਾਰਣ ਵਿਅਕਤੀ ਵਿਚ ਇੱਕ ਪ੍ਰਮੁੱਖ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਸ ਦੇ ਵਿਵਹਾਰ ਵਿਚ ਅਨਿਯਮਿਤਾ ਹੁੰਦੀ ਹੈ।

ਕੁਝ ਵਿਦਵਾਨਾਂ ਨੇ 'ਏਬਨਾਰਮਲ' ਸ਼ਬਦ ਦਾ ਨਵੇਂ ਢੰਗ ਨਾਲ ਵਿਸ਼ਲੇਸ਼ਣ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਸ਼ਬਦ ਦਾ ਨਿਰਮਾਣ 'ਏਬ' (Ab) ਅਤੇ ਨਾਰਮਲ (Normal) ਦੇ ਸੰਯੋਗ ਨਾਲ ਹੋਇਆ ਹੈ। 'ਏਬ' ਦਾ ਅਰਥ ਹੈ ਦੂਰ ਅਤੇ 'ਨਾਰਮਲ' ਦਾ ਅਰਥ ਹੈ ਸਾਧਾਰਣ। ਇਸ ਦ੍ਰਿਸ਼ਟੀਕੋਣ ਤੋਂ ਅਸਾਧਾਰਣ ਵਿਅਕਤੀ, ਸਾਧਾਰਣਤਾ ਤੋਂ ਦੂਰ ਹੁੰਦਾ ਹੈ (Away from Normal)। ਅਸਲ ਵਿਚ ਦੋਵੇਂ ਦ੍ਰਿਸ਼ਟੀਕੋਣ ਨੂੰ ਧਿਆਨ ਵਿਚ ਰੱਖਕੇ ਇਹ ਪਤਾ ਲੱਗਦਾ ਹੈ ਕਿ ਇਹਨਾਂ ਦੋਵੇਂ ਵਿਚਾਰਾਂ ਵਿਚ ਇੱਕਰੂਪਤਾ ਹੈ। ਕਿਉਂਕਿ ਅਨਿਯਮਤ ਵਿਵਹਾਰ ਦਾ ਮਤਲਬ ਇਹ ਹੈ ਕਿ ਵਿਵਹਾਰ ਵਿਚ ਇਕੱਰੂਪਤਾ ਨਹੀਂ ਹੈ। ਅਤੇ ਇਹ ਗੁਣ ਅਸਾਧਾਰਣ ਵਿਅਕਤੀ ਵਿਚ ਹੀ ਹੁੰਦਾ ਹੈ।

ਦੈਨਿਕ ਜੀਵਨ ਵਿਚ ਕੁਝ ਅਜਿਹੇ ਵਿਅਕਤੀ ਸਾਡੇ ਸਾਹਮਣੇ ਆਉਂਦੇ ਹਨ ਜਿਹਨਾਂ ਦਾ ਵਿਵਹਾਰ ਦੂਜੇ ਲੋਕਾਂ ਦੀ ਬਜਾਏ ਭਿੰਨ ਹੁੰਦਾ ਹੈ। ਇਸ ਤਰ੍ਹਾਂ ਦੇ ਵਿਅਕਤੀ ਆਪਣੇ ਵਿਚਾਰਾਂ ਨੂੰ ਨਾ ਤਾਂ ਖੁਦ ਸਮਝਦੇ ਹਨ ਤੇ ਨਾ ਹੀ ਦੂਸਰੇ ਲੋਕਾਂ ਦਾ ਸਮਝ ਸਕਦੇ ਹਨ। ਅਜਿਹੇ ਲੋਕਾਂ ਵਿਚ ਸਾਧਾਰਣ ਵਿਅਕਤੀਆਂ ਦੀ ਤੁਲਨਾ ਵਿਚ ਸੀਮਿਤ ਬੁੱਧੀ, ਅਸਥਿਰ ਸੰਵੇਗ, ਅਸੰਗਠਿਤ ਵਿਅਕਤੀਤਵ, ਦੂਸ਼ਿਤ ਚਰਿੱਤਰ ਆਦਿ ਅਨੇਕ ਗੁਣ ਹੁੰਦੇ ਹਨ। ਇਹਨਾਂ ਵਿਅਕਤੀਆਂ ਦੇ ਸਾਧਾਰਣ ਵਿਅਕਤੀਆਂ ਦੀ ਤੁਲਨਾ ਵਿਚ ਮਾਨਸਿਕ ਅਤੇ ਸਰੀਰਕ ਦ੍ਰਿਸ਼ਟੀਕੋਣ ਵਿਚ ਅੰਤਰ ਹੁੰਦਾ ਹੈ। ਇਹਨਾਂ ਦੇ ਵਿਵਹਾਰ ਵਿਚ ਨਾ ਤਾਂ ਸਮਾਜ ਕਲਿਆਣ ਦੀ ਹੀ ਭਾਵਨਾ ਰਹਿੰਦੀ ਹੈ ਤੇ ਨਾ ਵਿਅਕਤੀ-ਵਿਸ਼ੇਸ਼ ਦੀ। ਇਹਨਾਂ ਵਿਚ ਸਮਾਯੋਜਨ ਦੇ ਸਥਾਨ ਤੇ ਅਸਮਾਯੋਜਨ ਤੱਤ ਕ੍ਰਿਆਸ਼ੀਲ ਰਹਿੰਦੇ ਹਨ। ਸਮਾਜ ਕੀ ਚਾਹੁੰਦਾ ਹੈ? ਸਮਾਜ ਦੇ ਪ੍ਰਤੀ ਇਹ ਵਿਵਹਾਰ ਠੀਕ ਹੈ ਜਾਂ ਨਹੀਂ, ਅਜਿਹੇ ਪ੍ਰਸ਼ਨਾਂ ਨਾਲ ਉਸ ਦਾ ਕੋਈ ਸੰਬੰਧ ਨਹੀਂ ਹੁੰਦਾ।

ਪੇਜ (Page) ਦਾ ਵਿਚਾਰ ਹੈ ਕਿ ਅਸਾਧਾਰਣ ਸਮੂਹ ਵਿਚ ਉਨ੍ਹਾਂ ਵਿਅਕਤੀਆਂ ਨੂੰ ਰੱਖਿਆ ਜਾ ਸਕਦਾ ਹੈ ਜਿਹਨਾਂ ਵਿਚ ਸੀਮਿਤ ਬੁੱਧੀ, ਸੰਵੇਗਾਤਮਕ ਅਸਥਿਰਤਾ, ਵਿਘਟਿਤ ਵਿਅਕਤੀਤਵ ਅਤੇ ਚਰਿੱਤਰ ਦੋਸ਼ ਸ਼ਾਮਲ ਹੁੰਦੇ ਹਨ। ਇਹ ਵਿਅਕਤੀ ਇੱਕ ਅਜੀਬ ਪ੍ਰਕਾਰ ਦਾ ਜੀਵਨ ਬਤੀਤ ਕਰਦੇ ਹਨ। ਇਹਨਾਂ ਨੂੰ ਸਮਾਜਿਕ ਜ਼ਿੰਮੇਵਾਰੀ ਦਾ ਅਨੁਭਵ ਨਹੀਂ ਹੁੰਦਾ। ਕਿਸਕਰ (Kisker) ਦੇ ਅਨੁਸਾਰ ਮਾਨਵ ਵਿਵਹਾਰ ਅਤੇ ਅਨੁਭੂਤੀ, ਜੋ ਅਜੀਬ, ਅਣਉਪਯੋਗੀ ਜਾਂ ਸਾਧਾਰਣ ਦੇ ਅਨੁਰੂਪ ਨਹੀਂ ਹੁੰਦੀ, ਨੂੰ ਅਸਾਧਾਰਣ ਕਿਹਾ ਜਾ ਸਕਦਾ ਹੈ।

(According to Page, "Included in this abnormal group would be individuals marked by limited intelligence, emotional instabilitity, personality disorganization and character defects, who for the most part, led wretched personal lives and were social mis-fits or liabilities.")

(According to Kisker, "Human behaviour and experiences which are strange, unusual or different from ordinary are considered abnormal.")

ਹੁਣ ਤੱਕ ਅਸੀਂ ਅਸਾਧਾਰਣ ਵਿਵਹਾਰ ਦੇ ਸੰਬੰਧ ਵਿਚ ਜਾਣਕਾਰੀ ਪ੍ਰਾਪਤ ਕੀਤੀ, ਪਰੰਤੂ ਇਹ ਵੀ ਜਾਨਣਾ ਜ਼ਰੂਰੀ ਹੈ ਕਿ ਅਸਾਧਾਰਣ ਮਨੋਵਿਗਿਆਨ ਕੀ ਹੈ? ਅਸਾਧਾਰਣ ਮਨੋਵਿਗਿਆਨ ਹਮੇਸ਼ਾਂ ਅਸਾਧਾਰਣ ਵਿਵਹਾਰ ਦਾ ਅਧਿਐਨ ਕਰਦਾ ਹੈ। ਕੋਲਮੈਨ (Coleman) ਨੇ ਕਿਹਾ, ''ਅਸਾਧਾਰਣ ਮਨੋਵਿਗਿਆਨ, ਮਨੋਵਿਗਿਆਨ ਦਾ ਉਹ ਖੇਤਰ ਹੈ ਜਿਸ ਵਿਚ ਅਸਾਧਾਰਣ ਵਿਵਹਾਰ ਨੂੰ ਸਮਝਣ ਲਈ ਮਨੋਵਿਗਿਆਨ ਸਿਧਾਂਤਾਂ ਦੇ ਉਪਯੋਗਾਂ ਅਤੇ ਵਿਕਾਸ ਦਾ ਅਧਿਐਨ ਕੀਤਾ ਜਾਂਦਾ ਹੈ।'' ਅਸਾਧਾਰਣ ਮਨੋਵਿਗਿਆਨ ਦੀ ਇਹ ਪਰਿਭਾਸ਼ਾ ਬਹੁਤ ਹੱਦ ਤੱਕ ਠੀਕ ਹੈ।

1.1.3.1 ਅਸਾਧਾਰਣ ਵਿਅਕਤੀ ਦੇ ਲੱਛਣ

ਅਸਾਧਾਰਣ ਵਿਅਕਤੀ ਦੇ ਵਿਅਕਤੀਤਵ ਅਤੇ ਵਿਵਹਾਰ ਵਿਚ ਕਿਸੇ ਨਾ ਕਿਸੇ ਪ੍ਰਕਾਰ ਦਾ ਦੋਸ਼ ਹੁੰਦਾ ਹੈ। ਬਹੁਤ ਵਾਰੀ ਤਾਂ ਉਸ ਦਾ ਮਾਨਸਿਕ ਪੱਧਰ ਵੀ ਨੀਵਾਂ ਹੁੰਦਾ ਹੈ ਤੇ ਜਾਂ ਫਿਰ ਉਸ ਨੂੰ

ਕੋਈ ਮਾਨਸਿਕ ਰੋਗ ਹੁੰਦਾ ਹੈ। ਕਈ ਅਸਾਧਾਰਣ ਵਿਅਕਤੀਆਂ ਦਾ ਬੌਧਿਕ ਪੱਧਰ ਤਾਂ ਬਹੁਤ ਉਚਾ ਹੈ ਪਰ ਉਹਨਾਂ ਦਾ ਮਾਨਸਿਕ ਸੰਤੁਲਨ ਵਿਗੜਿਆ ਹੁੰਦਾ ਹੈ, ਜਿਸ ਲਈ ਉਹ ਅਸਾਧਾਰਣ ਵਿਅਕਤੀ ਬਣ ਜਾਂਦੇ ਹਨ। ਬਹੁਤ ਸਾਰੇ ਅਸਾਧਾਰਣ ਵਿਅਕਤੀਆਂ ਵਿਚ ਸੰਵੇਗੀ ਅਸਥਿਰਤਾ ਅਤੇ ਵਿਵਹਾਰ ਵਿਚ ਇਕਸਾਰਤਾ ਦੀ ਘਾਟ ਹੁੰਦੀ ਹੈ। ਅੱਗੇ ਦਿੱਤੇ ਲੱਛਣਾਂ ਵਾਲੇ ਵਿਅਕਤੀਆਂ ਨੂੰ ਅਸਾਧਾਰਣ ਵਿਅਕਤੀ ਸਮਝਿਆ ਜਾਂਦਾ ਹੈ :

1.1.3.1.1 ਅਪਰਾਧੀ ਅਤੇ ਬਾਲ ਅਪਰਾਧੀ (Criminal & juvenile delinquent):

ਅਪਰਾਧੀ ਅਤੇ ਬਾਲ ਅਪਰਾਧੀ ਕਿਸੇ ਹੱਦ ਤੱਕ ਅਸਾਧਾਰਣ ਵਿਅਕਤੀ ਹੁੰਦੇ ਹਨ ਕਿਉਂਕਿ ਉਹਨਾਂ ਦੇ ਮਨ ਵਿਚ ਕਈ ਪ੍ਰਕਾਰ ਦੇ ਮਾਨਸਿਕ ਸੰਘਰਸ਼ ਹਿੰਸਾਤਮਕ ਅਤੇ ਅਪਰਾਧੀ ਵਿਵਹਾਰ ਦਾ ਰੂਪ ਧਾਰਨ ਕਰ ਲੈਂਦੇ ਹਨ। ਵਿਅਕਤੀ ਆਪਣੇ ਆਪ ਵਿਚ ਹੀ ਮਸਤ ਰਹਿੰਦਾ ਹੈ, ਅਵਾਰਾਗਰਦ ਹੋ ਜਾਂਦਾ ਹੈ, ਹਰ ਸਮੇਂ ਕਿਸੇ ਤੋਂ ਬਦਲਾ ਲੈਣ ਲਈ ਤਿਆਰ ਰਹਿੰਦਾ ਹੈ ਜਾਂ ਫਿਰ ਉਸ ਵਿਚ ਵਿਨਾਸ਼ਕਾਰੀ ਝੁਕਾਅ ਵੱਧ ਜਾਂਦੇ ਹਨ। ਇਸ ਪ੍ਰਕਾਰ ਦੇ ਸਾਰੇ ਵਿਅਕਤੀ ਅਸਾਧਾਰਣ ਹੁੰਦੇ ਹਨ। ਅਜਿਹੇ ਵਿਅਕਤੀ ਆਪਣੇ ਛੋਟੇ ਜਿਹੇ ਸਵਾਰਥ ਲਈ ਦੂਜਿਆਂ ਨੂੰ ਵੱਡੇ ਤੋਂ ਵੱਡੀ ਹਾਨੀ ਪਹੁੰਚਾਉਣ ਵਿਚ ਜ਼ਰਾ ਵੀ ਸੰਕੋਚ ਨਹੀਂ ਕਰਦੇ। ਇਸ ਪ੍ਰਕਾਰ ਦਾ ਵਿਅਕਤੀ ਜੋਸ਼ ਵਿਚ ਆ ਫੋਰਨ ਕੰਮ ਕਰ ਦਿੰਦਾ ਹੈ ਪਰੰਤੂ ਉਸਦੇ ਜੀਵਨ ਦੇ ਨਿਸ਼ਾਨੇ ਬਹੁਤ ਘਟੀਆ ਹੁੰਦੇ ਹਨ। ਬਾਲ ਅਪਰਾਧੀ ਅਜਿਹੇ ਕੰਮ ਕਰਦਾ ਹੈ ਜਿਨ੍ਹਾਂ ਨਾਲ ਦੂਜਿਆਂ ਦਾ ਨੁਕਸਾਨ ਹੋ ਜਾਂਦਾ ਹੈ। ਭਾਵੇ ਇਸ ਕੰਮ ਲਈ ਉਸਦਾ ਆਪਣਾ ਕੋਈ ਫਾਇਦਾ ਨਾ ਹੋਵੇ। ਉਹ ਕਾਰਾਂ ਦੇ ਸ਼ੀਸ਼ੇ ਭੰਨ ਦਿੰਦਾ ਹੈ। ਗੱਡੀਆਂ ਦੀਆਂ ਲਾਈਨਾਂ ਤੇ ਪੱਥਰ ਰੱਖ ਦਿੰਦਾ ਹੈ ਅਤੇ ਇਸ ਪ੍ਰਕਾਰ ਦੇ ਅਨੇਕਾਂ ਭੰਨ –ਤੋੜ ਦੇ ਕੰਮ ਕਰਦਾ ਹੈ। ਅਜਿਹਾ ਕੰਮ ਕਰਨ ਵਾਲੇ ਨੂੰ ਬਾਲ ਅਪਰਾਧੀ ਅਤੇ ਅਸਾਧਾਰਣ ਵਿਅਕਤੀ ਮੰਨਿਆ ਜਾਂਦਾ ਹੈ।

1.1.3.1.2 ਮਾਨਸਿਕ ਰੋਗੀ (Mental patient)

ਅਸਾਧਾਰਣ ਵਿਅਕਤੀ ਵਿਚ ਸਭ ਪ੍ਰਕਾਰ ਦੇ ਮਾਨਸਿਕ ਰੋਗੀ ਆ ਜਾਂਦੇ ਹਨ। ਸਾਈਕੋਪੈਥਿਕ ਬੱਚਾ ਮਾਨਸਿਕ ਰੋਗ ਦੀ ਇਕ ਉਦਾਹਰਣ ਹੈ। (Toppen. P.W.) ਨੇ ਸਾਈਕੋਪੈਥਿਕ ਬੱਚੇ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਹੈ :

''ਉਹ ਬਹੁਤ ਹੀ ਸਮਾਜਿਕਤਾਹੀਨ, ਝਗੜਾਲੂ, ਨਿਰਦਈ, ਸ਼ੱਕੀ, ਸਵੈਕੇਂਦਰਿਤ, ਪਿਛੜਿਆ ਹੋਇਆ, ਬਦਲੇ ਦੀ ਭਾਵਨਾ ਨਾਲ ਭਰਪੂਰ, ਅਤਿ ਕਾਮੀ ਅਤੇ ਕਾਬੂ ਰਹਿਤ ਕਾਮ ਰੁਚੀ ਵਾਲਾ ਬੱਚਾ ਹੁੰਦਾ ਹੈ। ਉਸ ਵਿਚ ਹਮਦਰਦੀ ਜਾਂ ਸਹਾਨੁਭੂਤੀ ਬਿਲਕੁਲ ਨਹੀਂ ਹੁੰਦੀ ਅਤੇ ਆਪਣੇ ਨਿਰਦਈ ਕੰਮਾਂ ਅਤੇ ਦੂਜਿਆਂ ਦੇ ਕਸ਼ਟ ਦਾ ਉਸ ਨੂੰ ਜ਼ਰਾਜਿਤਨਾ ਵੀ ਪਛਤਾਵਾ ਨਹੀਂ ਹੁੰਦਾ।''

ਘਰ ਵਿਚ ਅਜਿਹੇ ਬੱਚੇ ਦੀ ਕੋਈ ਕਦਰ ਨਹੀਂ ਹੁੰਦੀ ਅਤੇ ਹਰ ਸਮੇਂ ਉਸਦਾ ਮਖੌਲ ਉਡਾਇਆ ਜਾਂਦਾ ਹੈ। ਪਰਿਵਾਰ ਦੇ ਇਸ ਪ੍ਰਕਾਰ ਦੇ ਵਿਵਹਾਰ ਨਾਲ ਉਸ ਵਿਚ ਵਿਨਾਸ਼ਕਾਰੀ ਅਤੇ ਬਗਾਵਤ ਦੀਆਂ ਭਾਵਨਾਵਾਂ ਹੋਰ ਵੀ ਤੀਬਰ ਹੁੰਦੀਆਂ ਜਾਂਦੀਆਂ ਹਨ। ਇਸ ਤਰ੍ਹਾਂ ਉਸਦਾ ਸੰਤੁਲਨ ਹੋਰ ਵੀ ਵਿਗੜ ਜਾਂਦਾ ਹੈ, ਉਹ ਬੇਚੈਨ ਰਹਿੰਦਾ ਹੈ ਤੇ ਵਧੇਰੇ ਸ਼ੱਕੀ ਅਤੇ ਸੁਆਰਥੀ ਹੋ ਜਾਂਦਾ ਹੈ।

ਤਕਰੀਬਨ ਸਾਰੇ ਹੀ ਮਾਨਸਿਕ ਰੋਗੀਆਂ ਵਿਚ ਸੰਵੇਗੀ ਅਸੁਰੱਖਿਆ, ਪ੍ਰੇਮ ਅਤੇ ਹਮਦਰਦੀ ਦੀ ਕਮੀ ਅਤੇ ਕਈ ਪ੍ਰਕਾਰ ਦੇ ਸੰਵੇਗੀ ਭਾਵ ਹੁੰਦੇ ਹਨ। ਮਾਨਸਿਕ ਰੋਗੀ ਵਿਚ ਵਿਅਕਤੀਗਤ ਸਮਾਯੋਜਨ, ਸੰਵੇਗੀ ਅਤੇ ਮਾਨਸਿਕ ਪਰਿਪੱਕਤਾ ਦੀ ਘਾਟ ਹੁੰਦੀ ਹੈ ਅਤੇ ਆਪਣੇ ਸਾਧਾਰਣ ਵਾਤਾਵਰਣ ਨਾਲ ਉਹ ਸਮਾਯੋਜਨ ਨਹੀਂ ਕਰ ਸਕਦਾ। ਅਜਿਹਾ ਮਾਨਸਿਕ ਰੋਗੀ ਆਪਣੇ ਦੋਸ਼ਾਂ ਵੱਲ ਤਾਂ ਧਿਆਨ ਨਹੀਂ ਦਿੰਦਾ ਬਲਕਿ ਉਹਨਾਂ ਲਈ ਸਾਰੇ ਸੰਸਾਰ ਨੂੰ ਜ਼ਿੰਮੇਵਾਰ ਮੰਨ ਲੈਂਦਾ ਹੈ। ਉਸ ਦਾ ਕਾਮ ਜੀਵਨ ਵੀ ਸਾਧਾਰਨ ਨਹੀਂ ਹੁੰਦਾ ਅਤੇ ਕਈ ਪ੍ਰਕਾਰ ਦੇ ਕਾਮ ਵਿਗਾੜਾ ਵਿਚ ਉਹ ਗ੍ਰਸਤ ਰਹਿੰਦਾ ਹੈ। ਇਸ ਪ੍ਰਕਾਰ ਦੇ ਵਿਅਕਤੀ ਬਾਰੇ ਕੋਈ ਨਿਸ਼ਚੇ ਨਾਲ ਨਹੀਂ ਦੱਸ ਸਕਦਾ ਕਿ ਉਹ ਅਗਲੇ ਪਲ ਕੀ ਕਰੇਗਾ। ਉਸਦੀਆਂ ਸੰਵੇਗੀ ਭਾਵਨਾਵਾਂ ਬਹੁਤ ਤੀਬਰ ਹੁੰਦੀਆਂ ਹਨ ਅਤੇ ਇਹਨਾਂ ਦੇ

ਪ੍ਰਗਟਾਵੇ ਸਮੇਂ ਉਹ ਇਸ ਗੱਲ ਦੀ ਪ੍ਰਵਾਹ ਨਹੀਂ ਕਰਦਾ ਕਿ ਇਸਦਾ ਦੂਜਿਆਂ ਤੇ ਕੀ ਅਸਰ ਪਵੇਗਾ।

1.1.3.1.3 ਅਸਮਾਜਿਕ ਜਾਂ ਸਮਾਜ ਵਿਰੋਧੀ (a Social or anti social)

ਅਸਾਧਾਰਣ ਵਿਅਕਤੀ ਸਮਾਜਿਕ ਘੱਟ ਹੀ ਹੁੰਦਾ ਹੈ ਉਸ ਨੂੰ ਭਲੇ-ਬੁਰੇ ਦੀ ਪਹਿਚਾਣ ਨਹੀਂ ਹੁੰਦੀ ਅਤੇ ਨਾ ਹੀ ਉਹ ਸਮਾਜ ਦੇ ਵਿਚਾਰਾਂ ਦੀ ਕੋਈ ਪਰਵਾਹ ਕਰਦਾ ਹੈ। ਬਹੁਤਾ ਅਨੈਤਿਕ ਵਿਅਕਤੀ ਕਿਸੇ ਨਾ ਕਿਸੇ ਪ੍ਰਕਾਰ ਅਸਾਧਾਰਣ ਹੁੰਦਾ ਹੈ ਪਰ ਇਹ ਜਰੂਰੀ ਨਹੀਂ ਕਿ ਅਸਾਧਾਰਣ ਵਿਅਕਤੀ ਦਾ ਵਿਵਹਾਰ ਜ਼ਰੂਰ ਹੀ ਅਨੈਤਿਕ ਹੋਵੇ। ਅਸਾਧਾਰਣ ਵਿਅਕਤੀ ਸਮਾਜ ਦੇ ਨੈਤਿਕ ਦ੍ਰਿਸ਼ਟੀਕੋਣ ਦੀ ਪਰਵਾਹ ਨਹੀਂ ਕਰਦਾ ਅਤੇ ਨਾ ਹੀ ਉਹ ਸਮਾਜ ਦੇ ਨਿਯਮਾਂ ਅਨੁਸਾਰ ਚੱਲਣਾ ਪਸੰਦ ਕਰਦਾ ਹੈ। ਉਹ ਆਪਣੀ ਮਰਜ਼ੀ ਨਾਲ ਸਾਰੇ ਕੰਮ ਕਰਦਾ ਹੈ। ਇਕ ਪਾਸੇ ਤਾਂ ਉਹ ਇਕੱਲਾ ਰਹਿੰਦਾ ਹੈ ਤੇ ਸਮਝਦਾ ਹੈ ਕਿ ਸਮਾਜ ਨਾਲ ਉਸਦਾ ਕੋਈ ਸਬੰਧ ਨਹੀਂ, ਪਰ ਦੂਜੇ ਪਾਸੇ ਉਹ ਆਪਣੇ ਕੰਮਾਂ ਨਾਲ ਸਮਾਜ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਸ ਲਈ ਅਜਿਹੇ ਵਿਅਕਤੀ ਨੂੰ ਅਸਮਾਜਿਕਤਾਹੀਨ ਹੀ ਨਹੀਂ ਸਗੋਂ ਸਮਾਜ ਵਿਰੋਧੀ ਵੀ ਕਿਹਾ ਜਾ ਸਕਦਾ ਹੈ ।

1.1.3.2 ਅਸਾਧਾਰਣਤਾ ਦੀ ਕਸਵੱਟੀ (Criteria of abnormality)

ਕਲੀਨਿਕਲ ਅਧਿਐਨ, ਕੇਸ ਹਿਸਟਰੀ, ਪ੍ਰੇਖਣ ਤੇ ਕਈ ਮਾਪ ਦੰਡਾਂ ਰਾਹੀਂ ਅਸਾਧਾਰਣ ਵਿਵਹਾਰ ਦੀ ਜਾਂਚ ਹੋਈ ਜਿੰਨ੍ਹਾਂ ਦੇ ਆਧਾਰ ਤੇ ਮੰਨੀ ਅਸਾਧਾਰਣਤਾ ਦੀ ਕਸਵੱਟੀ ਦਾ ਵੇਰਵਾ ਇਸ ਪ੍ਰਕਾਰ ਹੈ :

1.1.3.2.1 ਨਿੱਜੀ ਯੋਗਤਾ ਸੰਬੰਧੀ ਅਪੂਰਨ ਭਾਵਨਾਵਾਂ (nadequate feelings of personal worth)

ਆਸਾਧਾਰਣ ਵਿਅਕਤੀ ਇਹ ਮਹਿਸੂਸ ਕਰਦਾ ਹੈ ਕਿ ਉਸ ਵਿਚ ਦੂਜਿਆਂ ਨਾਲੋਂ ਯੋਗਤਾ ਘੱਟ ਹੈ ਅਤੇ ਉਸ ਨੂੰ ਸਮਾਜ ਦਾ ਜ਼ਰੂਰੀ ਅੰਗ ਨਹੀਂ ਸਮਝਿਆ ਜਾਂਦਾ ਹੈ। ਉਹ ਆਪਣੇ ਆਪ ਨੂੰ ਬੇਸਹਾਰਾ ਮਹਿਸੂਸ ਕਰਦਾ ਹੈ। ਆਪਣੀ ਕਾਬਲੀਅਤ ਨਾਲ ਸੰਤੁਸ਼ਟ ਨਹੀਂ ਹੁੰਦਾ। ਉਹ ਆਪਣੇ ਵਿਵਹਾਰ ਵਿਚ ਆਤਮ ਰੱਖਿਆ ਪ੍ਰਤਿਕ੍ਰਿਆ ਪ੍ਰਗਟਾਉਂਦਾ ਹੈ ਅਤੇ ਹਮੇਸ਼ਾਂ ਅਪੂਰਣਤਾ ਦੀਆਂ ਭਾਵਨਾਵਾਂ ਨੂੰ ਦਬਾਉਣ ਦਾ ਚਿੰਨ੍ਹ ਦਰਸਾਉਂਦਾ ਹੈ।

1.1.3.2.2 ਆਤਮ ਵਿਸ਼ਵਾਸ ਦੀਆਂ ਅਪੂਰਣ ਭਾਵਨਾਵਾਂ (nadequate feelings of self-confidence)

ਅਸਾਧਾਰਣ ਵਿਅਕਤੀ ਆਪਣੇ ਆਪ ਨੂੰ ਘਟੀਆ, ਨਲਾਇਕ ਤੇ ਅਯੋਗ ਮਹਿਸੂਸ ਕਰਦਾ ਹੈ। ਅਜਿਹਾ ਅਨੁਭਵ ਉਸ ਨੂੰ ਕਿਸੇ ਵਿਸ਼ੇਸ਼ ਹੁਨਰ ਜਾਂ ਕੰਮ ਵਿਚ ਨਹੀਂ ਹੁੰਦਾ। ਪਰ ਉਹ ਹਰ ਸਮਾਜਿਕ ਸਥਿਤੀ ਵਿਚ ਆਪਣੇ ਆਪ ਨੂੰ ਘਟੀਆ ਮਹਿਸੂਸ ਕਰਦਾ ਹੈ।

1.1.3.2.3 ਸੁਰੱਖਿਆ ਦੀਆਂ ਅਪੂਰਨ ਭਾਵਨਾਵਾਂ (nadequate feelings of security)

ਅਸਾਧਾਰਣ ਵਿਅਕਤੀ ਇਹ ਮਹਿਸੂਸ ਕਰਦਾ ਹੈ ਕਿ ਨਾ ਹੀ ਉਸਦੀ ਕਿਸੇ ਨੂੰ ਲੋੜ ਹੈ ਤੇ ਨਾ ਹੀ ਉਸਨੂੰ ਕੋਈ ਪਿਆਰ ਕਰਦਾ ਹੈ। ਉਹ ਆਪਣੇ ਆਪ ਨੂੰ ਸਦਾ ਹੀ ਖਤਰੇ ਅਤੇ ਬੇ-ਆਰਾਮੀ ਦੀ ਸਥਿਤੀ ਵਿਚ ਮਹਿਸੂਸ ਕਰਦਾ ਹੈ। ਉਸ ਨੂੰ ਹਮੇਸ਼ਾਂ ਕੋਈ ਡਰ ਲੱਗਿਆ ਰਹਿੰਦਾ ਹੈ। ਉਹ ਇਹ ਅਨੁਭਵ ਨਹੀਂ ਕਰਦਾ ਕਿ ਉਹ ਆਪਣੇ ਘਰ ਜਾਂ ਸਮੂਹ ਨਾਲ ਕਿਸੇ ਤਰ੍ਹਾਂ ਸੰਬੰਧਿਤ ਹੈ।

1.1.3.2.4 ਅਪੂਰਣ ਸਮਾਜਿਕ ਸੰਬੰਧ (Inadequate social relationships)

ਅਸਾਧਾਰਣ ਵਿਅਕਤੀ ਦੂਜੇ ਲੋਕਾਂ ਨਾਲ ਸਬੰਧ ਨਹੀਂ ਰੱਖਦਾ। ਉਸਦਾ ਸਮਾਜਿਕ ਵਿਵਹਾਰ ਆਮ ਤੌਰ ਤੇ ਅਣਇੱਛਤ ਹੁੰਦਾ ਹੈ ਅਤੇ ਉਹ ਦੂਜਿਆਂ ਦੀ ਭਲਾਈ ਵਿਚ ਰੁਕਾਵਟ ਪਾਉਂਦਾ ਹੈ। ਉਹ

ਦੂਜੇ ਵਿਅਕਤੀ ਉਤੇ ਦਬਾਓ ਰੱਖਣ ਲਈ ਝਗੜਾ ਕਰਦਾ ਹੈ, ਧਮਕੀ ਦਿੰਦਾ ਹੈ ਅਤੇ ਧੱਕੇਸ਼ਾਹੀ ਕਰਦਾ ਹੈ। ਉਸ ਵਿਚ ਸਮਾਜਿਕ ਹੁਨਰਾਂ ਦੀ ਘੱਟ ਹੁੰਦੀ ਹੈ।

1.1.3.2.5 ਅਪੂਰਨ ਸਵੈ-ਸਮਝ (Inadequate self-understanding) :

ਅਸਾਧਾਰਣ ਵਿਅਕਤੀ ਵਿਚ ਆਮ ਤੌਰ ਤੇ ਆਪਣੀਆਂ ਇੱਛਾਵਾਂ ਤੇ ਪ੍ਰੇਰਨਾਵਾਂ ਨੂੰ ਸਮਝਣ ਦੀ ਘਾਟ ਹੁੰਦੀ ਹੈ। ਉਹ ਆਪਣੀਆਂ ਸਮੱਸਿਆਵਾਂ ਤੇ ਕਠਿਨਾਈਆਂ ਦੇ ਕਾਰਨਾਂ ਤੇ ਸੋਮਿਆਂ ਨੂੰ ਬਹੁਤ ਘੱਟ ਜਾਣਦਾ ਹੈ। ਉਸ ਨੂੰ ਆਪਣੀ ਕਾਬਲੀਅਤ ਤੇ ਸੰਭਾਵਿਕਤਾ ਤੇ ਪੂਰਾ ਯਕੀਨ ਨਹੀਂ ਹੁੰਦਾ।

1.1.3.2.6 ਭਾਵਾਤਮਕ ਅਪਰਪੱਕਤਾ (Emotional immaturity)

ਅਸਾਧਾਰਣ ਵਿਅਕਤੀ ਬੱਚਿਆਂ ਦੀ ਤਰ੍ਹਾਂ ਭਾਵਾਤਮਕ ਪ੍ਰਤਿਕ੍ਰਿਆ ਕਰਦਾ ਹੈ। ਉਹ ਸਲਾਹ ਮਸ਼ਵਰਾ ਲੈਣ ਲਈ ਤੇ ਅਗਵਾਈ ਲਈ ਦੂਜਿਆਂ ਉਤੇ, ਖਾਸ ਕਰਕੇ ਆਪਣੇ ਮਾਂ-ਬਾਪ ਉਤੇ ਨਿਰਭਰ ਕਰਦਾ ਹੈ। ਉਸਨੇ ਆਪਣੇ ਕਾਰਜਾਂ ਦੀ ਜਿੰਮੇਵਾਰੀ ਨੂੰ ਸਾਂਭਣ ਲਈ ਕੁਝ ਨਹੀਂ ਸਿੱਖਿਆ ਹੁੰਦਾ। ਉਹ ਭਾਵਾਤਮਕ ਨਿਯੰਤਰਣ ਕਰਨ ਵਿਚ ਸਫਲ ਨਹੀਂ ਹੁੰਦਾ ਤੇ ਕੇਵਲ ਆਪਣੇ ਬਾਰੇ ਹੀ ਸੋਚਦਾ ਰਹਿੰਦਾ ਹੈ।

1.1.3.2.7 ਵਿਅਕਤੀਤਵ ਦਾ ਅਪੂਰਨ ਏਕੀਕਰਣ (Inadequate integration of personality):

ਅਸਾਧਰਣ ਵਿਅਕਤੀ ਦੀ ਸੋਚਣ ਸ਼ਕਤੀ ਦੀ ਕ੍ਰਿਆ ਅਤੇ ਭਾਵਤਮਕ ਪ੍ਰਤਿਕ੍ਰਿਆ ਦਾ ਤਾਲਮੇਲ ਠੀਕ ਤਰ੍ਹਾਂ ਨਹੀਂ ਹੁੰਦਾ। ਕੁਝ ਮਾਨਸਿਕ ਕ੍ਰਿਆਵਾਂ ਮੁਢਲੀ ਸੋਚਣ ਸ਼ਕਤੀ ਦੇ ਪੱਧਰ ਤੋਂ ਦੂਰ ਜਾਂਦੀਆਂ ਹਨ ਅਤੇ ਕਈ ਤਰ੍ਹਾਂ ਦੀਆਂ ਅਸਾਧਾਰਣ ਹਾਲਤਾਂ ਪੈਦਾ ਹੋ ਜਾਂਦੀਆਂ ਹਨ ਜਿਵੇਂ ਯਾਦਹੀਨਤਾ, ਵਿਸਰਨ ਕਾਲ, ਸੁਪਨ-ਗੁਮਤਾ ਜਾਂ ਬਹੁਪੱਖੀ ਵਿਅਕਤੀਤਵ। ਵਿਅਕਤੀ ਆਪਣੀਆਂ ਸਮੱਸਿਆਵਾਂ ਤੇ ਮੁਸੀਬਤਾਂ ਦਾ ਮੁਕਾਬਲਾ ਕਰਨ ਅਤੇ ਉਹਨਾਂ ਉਤੇਕਾਬੂ ਪਾਉਣ ਦੇ ਅਸਮਰੱਥ ਹੁੰਦਾ ਹੈ। ਉਹ ਆਪਣੀ ਪ੍ਰਤਿਸ਼ਠਤਾ ਕਾਇਮ ਕਰਨ ਲਈ ਆਤਮਕ ਰੱਖਿਆ ਪ੍ਰਤਿਕ੍ਰਿਆਵਾਂ ਦਾ ਆਸਰਾ ਲੈਂਦਾ ਹੈ ਜਾਂ ਸ਼ਰਾਬ ਪੀ ਕੇ ਉਨ੍ਹਾਂ ਤੋਂ ਦੂਰ ਰਹਿਣਾ ਪਸੰਦ ਕਰਦਾ ਹੈ, ਅਤੇ ਕਈਂ ਵਾਰ ਆਤਮ ਹੱਤਿਆ ਵੀ ਕਰ ਲੈਂਦਾ ਹੈ।

1.1.3.2.8 ਕੇਂਦਰੀ ਤੰਤੂ ਪ੍ਰਬੰਧ ਦੀ ਬਣਤਰ ਵਿਚ ਤਬਦੀਲੀ ਜਾਂ ਵਿਨਾਸ਼ (Change or destruction in central nervous system)

ਕੁਝ ਵਿਅਕਤੀਆਂ ਵਿਚ ਅਸਾਧਾਰਣ ਦੇ ਚਿੰਨ੍ਹ ਉਸ ਦੀ ਕੇਂਦਰੀ ਤੰਤੂ ਪ੍ਰਬੰਧ ਦੀ ਪ੍ਰਣਾਲੀ ਵਿਚ ਤਬਦੀਲੀ ਹੋਣ ਕਾਰਨ ਪ੍ਰਗਟ ਹੁੰਦੇ ਹਨ ਜਿਹੜੀ ਕਿਸੇ ਬੀਮਾਰੀ ਜਾਂ ਆਘਾਤ ਹੋਣ ਕਾਰਨ ਉਪਜਦੀ ਹੈ। ਦਿਮਾਗੀ ਤੰਤੂ ਉੱਤੇ ਚੋਟ ਦਿਮਾਗ ਤੇ ਬੋਝ, ਵਿਟਾਮਿਨਾਂ ਦੀ ਘਾਟ, ਗਲੈਂਡ ਵਿਚ ਕਮਜ਼ੋਰੀ ਤੇ ਜ਼ਹਿਰਲੀਆਂ ਚੀਜ਼ਾਂ ਆਦਿ ਕਈ ਵਾਰ ਮਾਨਸਿਕ ਵਿਕਾਰਾਂ ਦੇ ਚਿਨ੍ਹ ਪ੍ਰਗਟਾਓਂਦੀਆਂ ਹਨ। ਸਰੀਰਕ ਢਾਂਚੇ ਵਿਚ ਵਿਕਾਰ ਅਤੇ ਢਾਹੂ-ਉਸਾਰੂ ਕ੍ਰਿਆ ਵੀ ਮਾਨਸਿਕ ਚਿੰਨ੍ਹ ਪ੍ਰਗਟਾਉਂਦੀਆਂ ਹਨ। ਜਿਹੜੇ ਰੋਜ ਅੰਦਰੂਨੀ ਮਾਨਸਿਕ ਸੰਘਰਸ਼ ਤੇ ਦਿਮਾਗੀ ਤੰਤੂ ਦੇ ਵਿਨਾਸ਼ ਜਾਂ ਜ਼ਖਮੀ ਹੋਣ ਨਾਲ ਸਬੰਧ ਰੱਖਦੇ ਹਨ, ਉਹ ਵੀ ਅਸਾਧਾਰਣ ਦੇ ਚਿੰਨ੍ਹ ਹੁੰਦੇ ਹਨ। ਅਜਿਹਾ ਵਿਵਹਾਰ ਸਮਾਜਿਕ ਤੌਰ ਤੇ ਵੀ ਸਵੀਕਾਰ ਨਹੀਂ ਕੀਤਾ ਜਾਂਦਾ ਅਤੇ ਅਜਿਹੇ ਚਿੰਨ੍ਹਾਂ ਵਾਲੇ ਵਿਅਕਤੀ ਜ਼ਿੰਦਗੀ ਪ੍ਰਤੀ ਬਹੁਤ ਜ਼ਿਆਦਾ ਅਸੰਤੁਸ਼ਟਤਾ ਦਰਸਾਉਂਦੇ ਹਨ।

1.1.3.3 ਅਸਾਧਾਰਣਤਾ ਸੰਬੰਧੀ ਵਿਭੰਨ ਦ੍ਰਿਸ਼ਟੀਕੋਣ (Different view-points regarding normality)

ਆਧੁਨਿਕ ਜਾਂ ਵਿਗਿਆਨਿਕ ਦ੍ਰਿਸ਼ਟੀਕੋਣ ਵਿਚ ਕਈ ਵਿਦਵਾਨਾਂ ਦੇ ਅਲੱਗ ਅਲੱਗ ਸਮੇਂ ਵਿਚ ਵਿਭਿੰਨ ਦ੍ਰਿਸ਼ਟੀਕੋਣ ਪ੍ਰਸਤੁਤ ਕੀਤੇ ਹਨ :

1.1.3.3.1 ਅੰਕੜਈ ਆਧਾਰ (Statistical view-point)

ਇਸ ਦ੍ਰਿਸ਼ਟੀਕੋਣ ਅਨੁਸਾਰ ਵਿਅਕਤੀ ਅਤੇ ਉਸ ਦੇ ਚਰਿਤਰ ਦੇ ਭਿੰਨ ਭਿੰਨ ਗੁਣਾਂ ਦੀ ਔਸਤ ਨਿਰਧਾਰਿਤ ਕਰਕੇ ਵੰਡ ਕੀਤੀ ਜਾਂਦੀ ਹੈ। ਫਿਰ ਇਸ ਨੂੰ ਸਾਧਾਰਣਤਾ ਦਾ ਪੱਧਰ ਮੰਨ ਲਿਆ ਜਾਂਦਾ ਹੈ। ਇਸ ਲਈ ਸਾਧਾਰਣ ਤੋ ਭਾਵ ਇਕ ਪ੍ਰਕਾਰ ਦਾ ਔਸਤ ਜਾਂ ਕੇਂਦਰੀ ਝੁਕਾਅ ਹੁੰਦਾ ਹੈ। ਜਿਵੇਂ ਜਿਵੇਂ ਇਸ ਕੇਂਦਰੀ ਝੁਕਾਅ ਤੋਂ ਸੱਜੇ ਖੱਬੇ ਵਧਦੇ ਜਾਈਏ ਤਿਵੇਂ ਤਿਵੇਂ ਸਾਧਾਰਣਤਾ ਘੱਟਦੀ ਜਾਏਗੀ ਅਤੇ ਅਸਾਧਾਰਣਤਾ ਵੱਧਦੀ ਜਾਏਗੀ। ਅਰਥਾਤ ਜਿਸ ਵਿਅਕਤੀ ਵਿਚ ਔਸਤ ਜਾਂ ਮੱਧਮਾਨ ਤੋਂ ਜਿਤਨਾ ਵਿਚਲਨ ਹੋਵੇਗਾ ਉਤਨਾ ਹੀ ਉਹ ਅਸਾਧਾਰਣ ਵਿਅਕਤੀ ਮੰਨਿਆ ਜਾਏਗਾ। ਇਸ ਦ੍ਰਿਸ਼ਟੀ ਅਨੁਸਾਰ ਕਿਸੇ ਵੀ ਜਨਸੰਖਿਆ ਦੇ ਬਹੁਤੇ ਵਿਅਕਤੀ ਸਾਧਾਰਣ ਵਰਗ ਵਿਚ ਆਉਂਦੇ ਹਨ ਅਤੇ ਜੇ ਇਨ੍ਹਾਂ ਨੂੰ ਗ੍ਰਾਫ ਦੀ ਸ਼ਕਲ ਵਿਚ ਦਰਜ ਕੀਤਾ ਜਾਏ ਤਾਂ ਇਹ ਇਕ ਘੰਟੀ ਦੀ ਸ਼ਕਲ ਦੇ ਮੱਧ ਵਿਚ ਸਥਿਤ ਹੋਣਗੇ।



ਆਸਾਧਰਣ ਸਾਧਾਰਣ ਸੀਮਾ ਸ਼੍ਰੇਸ਼ਠ

ਚਿਤਰ ਤੋਂ ਸਪਸ਼ਟ ਹੈ ਕਿ ਇਸ ਮੱਧ ਬਿੰਦੂ ਤੋਂ ਸੱਜੇ ਪਾਸੇ ਵੱਧਣ ਨਾਲ ਸਾਨੂੰ 'ਸਾਧਾਰਣ' ਤੇ ਬਹੁਤਭੇਦ ਵਾਲੇ ਵਿਅਕਤੀ ਮਿਲਣਗੇ। ਸੱਜੇ ਅਤੇ ਖੱਬੇ ਪਾਸੇ ਦੇ ਅੰਤਮ ਸਿਰਿਆਂ ਤੇ ਆਉਣ ਵਾਲੇ ਵਿਅਕਤੀਆਂ ਨੂੰ, ਉਨ੍ਹਾਂ ਦੀ ਸਮਾਜਿਕਤਾ ਜਾਂ ਕਿਸੇ ਹੋਰ ਗੁਣ ਦੇ ਮੁਲਾਂਕਣ ਦੇ ਆਧਾਰ ਤੇ ਕ੍ਰਮਵਾਰ ਅਸਾਧਾਰਣ ਅਤੇ ਸ਼੍ਰੇਸ਼ਠ ਕਿਹਾ ਜਾਂਦਾ ਹੈ। ਇਸ ਪ੍ਰਕਾਰ ਅੰਕੜਈ ਆਧਾਰ ਅਨੁਸਾਰ ਅਸਾਧਾਰਣਤਾ ਸ਼੍ਰੇਸ਼ਠਤਾ ਅਤੇ ਸਾਧਾਰਣਤਾ ਜਾਂ ਔਸਤ ਕੇਵਲ ਮਾਤ੍ਰਿਕ ਭੇਦਾਂ ਦੇ ਸੂਚਕ ਹਨ।

ਪੇਜ (Page) ਨੇ ਅੰਕੜਈ ਦ੍ਰਿਸ਼ਟੀਕੋਣ ਦੇ ਆਧਾਰ ਤੇ ਸਾਧਾਰਣ, ਅਸਾਧਾਰਣ ਅਤੇ ਉਚੇ ਸਮੂਹ ਨੂੰ ਸੰਬੰਧਿਤ ਕੀਤਾ ਉਸ ਨੇ ਸੰਭਾਵਿਤ ਗੁਣਾਤਮ ਅੰਤਰਾਂ ਦੇ ਆਧਾਰ ਤੇ ਤਿੰਨੇ ਸਮੂਹਾਂ ਨੂੰ ਤਿੰਨ ਗੋਲ ਚੱਕਰਾਂ ਦੇ ਆਧਾਰ ਤੇ ਸਮਝਾਇਆ ਹੈ। ਤਿੰਨਾਂ ਹੀ ਚੱਕਰਾਂ ਵਿਚ ਪ੍ਰਕਾਰ (Kind) ਦਾ ਅੰਤਰ ਨਾ ਹੋ ਕੇ ਅੰਸ਼ਾਂ (Degrees) ਦਾ ਅੰਤਰ ਹੈ। ਇਹ ਗੱਲ ਹੇਠ ਦਿਤੇ ਚਿੱਤਰ ਤੋਂ ਸਪਸ਼ਟ ਹੁੰਦੀ ਹੈ।

ਇਸ ਦ੍ਰਿਸ਼ਟੀਕੋਣ ਤੋਂ ਇਹ ਮੰਨ ਲਿਆ ਜਾਂਦਾ ਹੈ ਕਿ ਸਾਧਾਰਣ ਅਤੇ ਅਸਾਧਾਰਣ ਵਿਚ ਅੰਤਰ ਕੇਵਲ ਗੁਣਾਂ ਦੀ ਮਾਤਰਾ ਦਾ ਹੁੰਦਾ ਹੈ। ਇਹ ਅੰਤਰ ਅਸਲ ਵਿਚ ਗੁਣਾਤਮਕ ਹੁੰਦਾ ਹੈ, ਮਾਤ੍ਰਿਕ ਨਹੀਂ ਹੁੰਦਾ। ਪਰ ਇਸ ਵਿਚਾਰਧਾਰਾਂ ਵਿਚ ਸਭ ਤੋਂ ਵੱਡੀ ਤਰੁੱਟੀ ਇਹ ਹੈ ਕਿ ਇਹ ਗੁਣਾਤਮਕ ਅੰਤਰ ਨੂੰ ਮਾਤ੍ਰਿਕ ਅੰਤਰ ਮੰਨ ਲੈਂਦੀ ਹੈ। ਇਸ ਲਈ ਅੰਕੜਈ ਕਸਪਵੱਟੀ ਅਨੁਸਾਰ ਸਾਧਾਰਣ ਅਤੇ ਅਸਾਧਾਰਣ ਵਿਚ ਭੇਦ ਕਰਨਾ ਸੰਭਵ ਨਹੀਂ ਹੈ। ਇਸ ਤੋਂ ਛੁੱਟ ਇਸ ਵਿਚਾਰਧਾਰਾ ਦਾ ਵਿਚਾਰ ਹੈ ਕਿ ਵਿਅਕਤੀਤਵ ਤੇ ਚਰਿੱਤਰ ਦੇ ਸਾਰੇ ਗੁਣਾਂ ਨੂੰ ਮਾਤ੍ਰਿਕ ਤੌਰ ਤੇ ਮਾਪਿਆ ਜਾ ਸਕਦਾ ਹੈ, ਪਰ ਹਰ ਗੁਣ ਨੂੰ ਮਾਤ੍ਰਿਕ ਤੌਰ ਤੇ ਮਾਪਣਾ ਸੰਭਵ ਨਹੀਂ ਹੈ।

1.1.3.3.2 ਨਿੱਜੀ ਪਰਪੱਕਤਾ (Personal maturity)

ਹਰ ਉਮਰ ਪੱਧਰ ਤੇ ਇਕ ਵਿਸ਼ੇਸ਼ ਪ੍ਰਕਾਰ ਦੇ ਵਿਵਹਾਰ ਦੀ ਆਸ਼ਾ ਕੀਤੀ ਜਾਂਦੀ ਹੈ। ਜਿਹੜਾ ਵਿਅਕਤੀ ਆਪਣੀ ਉਮਰ ਅਨੁਸਾਰ ਅਤੇ ਸਮਾਯੋਜਕ ਪ੍ਰਤਿਕ੍ਰਿਆ ਅਨੁਸਾਰ ਵਿਵਹਾਰ ਕਰਦਾ ਹੈ,

ਉਸਨੂੰ ਸਾਧਾਰਣ ਵਿਅਕਤੀ ਕਿਹਾ ਜਾਂਦਾ ਹੈ ਅਤੇ ਜਿਹੜਾ ਆਪਣੀ ਉਮਰ ਅਨੁਸਾਰ ਵਿਵਹਾਰ ਨਾ ਕਰ ਸਕੇ ਉਸ ਨੂੰ ਅਸਾਧਾਰਣ ਵਿਅਕਤੀ ਕਿਹਾ ਜਾਂਦਾ ਹੈ। ਇਸ ਲਈ ਉਹ ਵਿਵਹਾਰ ਜ਼ਿਆਦਾ ਪਰਪੱਕ ਸਮਝਿਆ ਜਾਂਦਾ ਹੈ ਜਿਹੜਾ ਉਮਰ ਦੇ ਪੱਧਰ ਅਤੇ ਵਿਅਕਤੀ ਦੇ ਸਮਾਯੋਜਕੀ ਸਾਧਨਾ ਅਨੁਸਾਰ ਹੋਵੇ। ਨਿੱਜੀ ਪਰਪੱਕਤਾ ਹੀ ਕਿਸੇ ਵਿਅਕਤੀ ਦੇ ਵੱਡੇ ਹੋਣ ਅਤੇ ਵਿਕਸਿਤ ਹੋਣ ਦੀ ਚਿੰਨ੍ਹ ਸੂਚਕ ਹੁੰਦੀ ਹੈ। ਜੋ ਕੋਈ ਬਾਲਗ ਬੱਚਿਆਂ ਦੀ ਤਰ੍ਹਾਂ ਜ਼ਿੱਦ ਕਰੇ ਜਾਂ ਖਰਮਸਤੀ ਮਿਜ਼ਾਜ਼ ਦਿਖਾਵੇ ਜਾਂ ਰੋ ਪਵੇ ਤਾਂ ਉਹ ਆਪਣੇ ਅਸਾਧਾਰਣ ਵਿਵਹਾਰ ਪ੍ਰਗਟਾ ਰਿਹਾ ਹੁੰਦਾ ਹੈ ਜਿਹੜਾ ਕਿ ਇਕਬਾਲਗ ਲਈ ਠੀਕ ਨਹੀਂ ਹੁੰਦਾ।

1.1.3.3.3 ਨਿੱਜੀ ਸਮਾਯੋਜਨਾਂ (Personal adjustment)

ਸਮਾਯੋਜਨ ਜਿੰਦਗੀ ਦੀ ਲਗਾਤਾਰ ਪ੍ਰਕ੍ਰਿਆ ਹੈ। ਅਸੀਂ ਆਪਣੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ ਆਪਣੇ ਵਾਤਾਵਰਣ ਨਾਲ ਇਕਸਾਰਤਾ ਵਾਲੇ ਸਬੰਧ ਕਾਇਮ ਕਰਨਾ ਚਾਹੁੰਦੇ ਹਨ। ਜੇ ਇਕ ਵਿਅਕਤੀ ਆਪਣੀਆਂ ਸਮੱਸਿਆਵਾਂ ਸਫਲਤਾ ਨਾਲ ਸੁਲਝਾ ਸਕਦਾ ਹੈ, ਭਾਵ ਜੇ ਉਹ ਆਪਣੀਆਂ ਅੰਦਰੂਨੀ ਲੋੜਾਂ ਦਾ ਵਾਤਾਵਰਣ ਨਾਲ ਪ੍ਰਭਾਵਪੂਰਣ ਸਮਾਯੋਜਨ ਕਰ ਸਕਦਾ ਹੈ, ਤਾਂ ਉਹ ਸਾਧਾਰਣ ਵਿਅਕਤੀ ਹੈ। ਜੇ ਉਹ ਆਪਣੀਆਂ ਸਮੱਸਿਆਵਾਂ ਨੂੰ ਸੁਲਝਾਉਣ ਸਬੰਧੀ ਬਹੁਤ ਜ਼ਿਆਦਾ ਦਿੱਕਤ, ਬੇਚੈਨੀ ਜਾਂ ਉਦਾਸੀਨਤਾ ਮਹਿਸੂਸ ਕਰਦਾ ਹੈ, ਤਾਂ ਉਹ ਅਪਸਮਾਯੋਜਤ ਹੈ ਅਤੇ ਉਸ ਨੂੰ ਅਸਾਧਾਰਣ ਵਿਅਕਤੀ ਕਿਹਾ ਜਾਂਦਾ ਹੈ। ਇਸ ਲਈ ਅਸਾਧਾਰਣ ਵਿਵਹਾਰ ਨਿੱਜੀ ਅਪ-ਸਮਾਯੋਜਨ ਜਾਂ ਘੱਟ ਏਕੀਕਰਣ ਤੋਂ ਹੀ ਪ੍ਰਤੱਖ ਹੁੰਦਾ ਹੈ।

1.1.3.3.4ਸਮਾਜਿਕ ਕਲਿਆਣ (Social welfare)

ਸਮਾਜਿਕ ਕਲਿਆਣ ਦੇ ਦ੍ਰਿਸ਼ਟੀਕੋਣ ਤੋਂ ਜਿਹੜਾ ਵਿਅਕਤੀ ਸਮਾਜ ਦੇ ਹਿੱਤਾਂ ਲਈ ਕੰਮ ਕਰਦਾ ਹੈ ਤੇ ਲਾਭਦਾਇਕ ਸਿੱਧ ਹੁੰਦਾ ਹੈ, ਉਹ ਸਾਧਾਰਣ ਵਿਅਕਤੀ ਹੁੰਦਾ ਹੈ ਅਤੇ ਜਿਹੜਾ ਸਮਾਜ ਕਲਿਆਣ ਦੇ ਰਾਹ ਵਿਚ ਰੁਕਾਵਟਾਂ ਪਾਉਂਦਾ ਹੈ, ਉਸ ਨੂੰ ਅਸਾਧਾਰਣ ਵਿਅਕਤੀ ਕਿਹਾ ਜਾਂਦਾ ਹੈ। ਇਸ ਮਾਪ ਅਨੁਸਾਰ ਸਮਾਜ ਵਿਰੋਧੀ ਵਿਅਕਤੀਤਵ ਨੂੰ ਅਸਾਧਾਰਣ ਕਿਹਾ ਜਾ ਸਕਦਾ ਹੈ।

1.1.3.3.5 ਸਭਿਆਚਾਰਕ ਦ੍ਰਿਸ਼ਟੀਕੋਣ (Cultural view-point)

ਹਰ ਦੇਸ਼ ਦਾ ਆਪਣਾ ਸਭਿਆਚਾਰ ਹੁੰਦਾ ਹੈ। ਕੋਈ ਇਕ ਰਿਵਾਜ਼ ਇਕ ਦੇਸ਼ ਵਿਚ ਸਾਧਾਰਣ ਸਮਝਿਆ ਜਾ ਸਕਦਾ ਹੈ, ਉਹੀ ਰਿਵਾਜ ਕਿਸੇ ਹੋਰ ਦੇਸ਼ ਵਿਚ ਅਸਾਧਾਰਣ ਹੋ ਸਕਦਾ ਹੈ। ਕਈ ਰਿਵਾਜ ਜਿਹੜੇ ਪੱਛਮੀ ਦੇਸ਼ਾਂ ਵਿਚ ਸਾਧਾਰਣ ਸਮਝੇ ਜਾਂਦੇ ਹਨ ਪਰ ਸਾਡੇ ਦੇਸ਼ ਵਿਚ ਉਨ੍ਹਾਂ ਨੂੰ ਭੈੜਾ ਸਮਝਿਆ ਜਾਂਦਾ ਹੈ। ਜੇ ਅਸੀਂ ਸਭਿਆਚਾਰ ਦ੍ਰਿਸ਼ਟੀਕੋਣ ਤੋਂ ਸਾਧਾਰਣਤਾ ਦੀ ਪਰਿਭਾਸ਼ਾ ਕਰੀਏ ਤਾਂ ਭਿੰਨ ਭਿੰਨ ਸਭਿਆਚਾਰਾਂ ਦੇ ਲੋਕ ਇਕ ਦੂਜੇ ਦੀਆਂ ਨਜ਼ਰਾਂ ਵਿਚ ਅਸਾਧਾਰਣ ਹੋਣਗੇ। ਇਸ ਤੋਂ ਬਿਨਾਂ ਸਭਿਆਚਾਰ ਸਮੇਂ ਸਮੇਂ ਅਨੁਸਾਰ ਬਦਲਦਾ ਰਹਿੰਦਾ ਹੈ। ਜਿਸ ਰੀਤੀ ਰਿਵਾਜ ਨੂੰ ਅੱਜ ਅਸੀਂ ਠੀਕ ਸਮਝਦੇ ਹਾਂ, ਹੋ ਸਕਦਾ ਹੈ ਕਿ ਪਹਿਲੇ ਸਮੇਂ ਉਸ ਨੂੰ ਬੁਰਾ ਸਮਝਿਆ ਜਾਂਦਾ ਹੋਵੇ ਜਾਂ ਆਉਣ ਵਾਲੇ ਸਮੇਂ ਵਿਚ ਬੁਰਾ ਸਮਝਿਆ ਜਾਵੇ। ਇਸ ਲਈ ਸਭਿਆਚਾਰਕ ਦ੍ਰਿਸ਼ਟੀ ਦੇ ਪੱਖ ਤੋਂ ਜਿਹੜਾ ਵਿਅਕਤੀ ਆਪਣੇ ਸਭਿਆਚਾਰ ਅਨੁਸਾਰ ਕੰਮ ਕਰਦਾ ਹੈ, ਉਹ ਸਾਧਾਰਣ ਹੈ ਅਤੇ ਜਿਹੜਾ ਪ੍ਰਚਿਲਿਤ ਸਮਾਜਿਕ ਨਿਯਮਾਂ ਅਨੁਸਾਰ ਕੰਮ ਨਹੀਂ ਕਰਦਾ, ਉਹ ਅਸਾਧਾਰਣ ਹੈ।

1.1.3.3.6 ਰੋਗ ਵਿਗਿਆਨ ਦ੍ਰਿਸ਼ਟੀਕੋਣ (Pathological view-point)

ਇਸ ਦ੍ਰਿਸ਼ਟੀਕੋਣ ਅਨੁਸਾਰ ਉਹ ਵਿਅਕਤੀ ਜਿਹੜੇ ਕਿਸੇ ਵੀ ਮਾਨਸਿਕ ਬੀਮਾਰੀ ਤੇ ਮਨੋਵਿਕਾਰ ਨਾਲ ਦੁੱਖ ਪਾ ਰਹੇ ਹਨ ਸਭ ਅਸਾਧਾਰਣ ਹਨ। ਇਕ ਸਾਧਾਰਣ ਵਿਅਕਤੀ ਮਾਨਸਿਕ ਤੌਰ ਤੇ ਸਿਹਤਮੰਦ, ਤੰਦਰੁਸਤ ਤੇ ਪ੍ਰਭਾਵਸ਼ਾਲੀ ਹੁੰਦਾ ਹੈ। ਉਸਦੇ ਉਲਟ ਇਕ ਅਸਾਧਾਰਣ ਵਿਅਕਤੀ ਮਾਨਸਿਕ ਤੌਰ ਤੇ ਰੋਗੀ ਅਤੇ ਪ੍ਰਭਾਵਹੀਨ ਹੁੰਦਾ ਹੈ। ਸਾਧਾਰਣ ਵਿਅਕਤੀ ਦੀਆਂ ਮਨੋਵਿਰਤੀਆਂ ਤੇ ਵਿਚਾਰ ਅਜਿਹੇ ਨਹੀਂ ਹੁੰਦੇ ਜਿਹੜੇ ਕਿ ਇਕ ਮਾਨਸਿਕ ਵਿਗਾੜ ਵਾਲੇ ਵਿਅਕਤੀ ਦੇ ਹੁੰਦੇ ਹਨ।

1.1.3.3.7 ਨੈਤਿਕ ਦ੍ਰਿਸ਼ਟੀਕੋਣ (Ethical view-point)

ਕੁਝ ਵਿਦਵਾਨਾਂ ਦੇ ਅਨੁਸਾਰ ਅਨੈਤਿਕ ਵਿਵਹਾਰ (Immoral Behaviour) ਅਸਾਧਾਰਣ ਹੈ ਅਤੇ ਨੈਤਿਕ ਵਿਵਹਾਰ ਸਾਧਾਰਣ। ਦੂਸਰੇ ਸ਼ਬਦਾਂ ਵਿਚ ਜਿਸ ਵਿਅਕਤੀ ਦਾ ਵਿਵਹਾਰ ਨੈਤਿਕ ਨਿਯਮਾਂ ਦੇ ਅਨੁਕੂਲ ਹੈ, ਉਹ ਸਾਧਾਰਣ ਵਿਅਕਤੀ ਹੈ, ਅਤੇ ਜਿਸ ਵਿਅਕਤੀ ਦਾ ਵਿਵਹਾਰ ਨੈਤਿਕ ਨਿਯਮਾਂ ਦੇ ਉਲਟ ਹੈ ਉਹ ਅਸਾਧਾਰਣ ਵਿਅਕਤੀ ਹੈ। ਨੈਤਿਕਤਾ ਦੇਸ਼ ਕਾਲ ਦੁਆਰਾ ਨਿਰਧਾਰਿਤ ਕੀਤੀ ਜਾਂਦੀ ਹੈ। ਪਰੰਤੂ ਇਹ ਦ੍ਰਿਸ਼ਟੀਕੋਣ ਉਚਿਤ ਨਹੀਂ ਹੈ ਕਿਉਂਕਿ ਮਨੋਵਿਗਿਆਨ ਇਕ ਸਾਕਾਰਾਤਮਕ ਵਿਗਿਆਨ ਹੈ। ਇਸ ਲਈ ਇਸ ਦੀ ਅਧਿਐਨ ਸਮੱਗਰੀ ਵਿਚ ਚੰਗੇ-ਬੁਰੇ ਨੂੰ ਸ਼ਾਮਿਲ ਨਹੀਂ ਕੀਤਾ ਜਾ ਸਕਦਾ। ਸਮਾਜ ਵਿਚ ਨੇਤਿਕ ਨਿਯਮ ਇਕ ਬਰਾਬਰ ਨਹੀਂ ਹਨ। ਇਸ ਲਈ ਦ੍ਰਿਸ਼ਟੀਕੋਣ ਤੋਂ ਅਸਾਧਾਰਣਤਾ ਦੀ ਵਿਆਖਿਆ ਦਾ ਕੋਈ ਮਹੱਤਵ ਨਹੀਂ ਹੈ।

1.1.3.3.8 ਸਰੀਰਕ ਦ੍ਰਿਸ਼ਟੀਕੋਣ (Physiological view-point)

ਸਰੀਰਕ ਰੂਪ ਤੋਂ ਆਕਾਰ, ਲੰਬਾਈ, ਚੌੜਾਈ ਆਦਿ ਦੇ ਆਧਾਰ ਸਾਧਾਰਣ ਅਤੇ ਅਸਾਧਾਰਣ ਦਾ ਨਿਰਧਾਰਣ ਕੀਤਾ ਜਾਂਦਾ ਹੈ। ਇਹ ਦ੍ਰਿਸ਼ਟੀਕੋਣ ਕੁਝ ਸੀਮਾ ਤੱਕ ਤਾਂ ਠੀਕ ਹੈ ਕਿਉਂਕਿ ਸੱਤ ਫੁੱਟ ਦੇ ਲੰਬੇ ਜਾਂ ਤਿੰਨ ਫੁੱਟ ਦੇ ਛੋਟੇ ਆਦਮੀ ਨੂੰ ਅਸੀਂ ਅਸਾਧਾਰਣ ਹੀ ਕਹਾਂਗੇ ਪਰੰਤੂ ਇਹ ਦ੍ਰਿਸ਼ਟੀਕੋਣ ਵੀ ਇਕਾਂਗੀ ਹੈ ਕਿਉਂਕਿ ਸਿਰਫ ਸਰੀਰਕ ਪ੍ਰਤੀ ਕ੍ਰਿਆਵਾਂ ਦਾ ਸਾਧਾਰਣ ਵਿਅਕਤੀਆਂ ਦੀ ਪ੍ਰਤੀ ਕ੍ਰਿਆਵਾਂ ਬਰਾਬਰ ਨਾ ਹੋਣਾ ਅਸਾਧਾਰਣਤਾ ਦਾ ਇਕ ਮਾਤਰ ਕਾਰਨ ਨਹੀਂ ਮੰਨਿਆ ਜਾ ਸਕਦਾ।

1.1.3.3.9 ਸਰਬਗ੍ਰਾਹੀ ਦਾਰਸ਼ਨਿਕ ਦ੍ਰਿਸ਼ਟੀਕੋਣ (Electic view-point)

ਇਹ ਦ੍ਰਿਸ਼ਟੀਕੋਣ ਅਸਾਧਾਰਣਤਾ ਦੇ ਸਾਰੇ ਦ੍ਰਿਸ਼ਟੀਕੌਣਾਂ ਦੇ ਅਲੱਗ ਅਲੱਗ ਨਾ ਰੱਖ ਕੇ ਇਕ ਸਮਲਿਤ ਰੂਪ ਦਾ ਅਧਿਐਨ ਕਰਦਾ ਹੈ। ਦੂਸਰੇ ਸ਼ਬਦਾਂ ਵਿਚ ਇਸ ਦ੍ਰਿਸ਼ਟੀਕੋਣ ਵਿਚ ਸਾਰੇ ਦ੍ਰਿਸ਼ਟੀਕੋਣਾਂ ਨੂੰ ਉਚਿਤ ਸਥਾਨ ਦਿੱਤਾ ਜਾਂਦਾ ਹੈ। ਇਸ ਦ੍ਰਿਸ਼ਟੀਕੋਣ ਦੇ ਆਧਾਰ ਤੇ ਕਿਹਾ ਜਾਂਦਾ ਹੈ ਕਿ ਸੰਪੂਰਣ ਜਨ ਸੰਖਿਆ ਦਾ 10% ਭਾਗ ਅਜਿਹੇ ਵਿਅਕਤੀਆਂ ਦਾ ਹੁੰਦਾ ਹੈ ਜਿਹਨਾਂ ਨੂੰ ਅਸਾਧਾਰਣ ਕਿਹਾ ਜਾਂਦਾ ਹੈ। ਇਹਨਾਂ ਦਾ ਵਿਅਕਤੀਤਵ ਅਸੰਗਠਿਤ, ਦੂਸ਼ਿਤ ਅਤੇ ਅਸਮਾਜਿਕ ਹੁੰਦਾ ਹੈ। ਇਸੇ ਤਰ੍ਹਾਂ 10% ਭਾਗ ਪ੍ਰਤਿਭਾਸ਼ਾਲੀ ਵਿਅਕਤੀਆਂ ਦਾ ਹੁੰਦਾ ਹੈ ਜੋ ਸਾਧਾਰਣ ਵਿਅਕਤੀਆਂ ਦੀ ਤੁਲਨਾਂ ਵਿਚ ਜ਼ਿਆਦਾ ਬੁੱਧੀਮਾਨ, ਕੁਸ਼ਲ, ਸੰਗਠਿਤ ਵਿਅਕਤੀਤਵ ਵਾਲੇ ਹੁੰਦੇ ਹਨ। ਇਹਨਾਂ ਵਿਸ਼ੇਸ਼ਤਾਵਾਂ ਦੇ ਕਾਰਣ ਉਹਨਾਂ ਦਾ ਸਮਾਜ ਵਿਚ ਇਕ ਵਿਸ਼ੇਸ਼ ਸਥਾਨ ਹੁੰਦਾ ਹੈ। 80% ਭਾਗ ਸਾਧਾਰਣ ਵਿਅਕਤੀ ਦਾ ਹੁੰਦਾ ਹੈ। ਇਹਨਾਂ ਦਾ ਸਮਾਜਿਕ ਸਮਾਯੋਜਨ ਠੀਕ ਹੁੰਦਾ ਹੈ।

1.1.4 ਸ੍ਰੇਸ਼ਠ (Superiors)

ਸਾਧਾਰਣ ਅਤੇ ਅਸਾਧਾਰਣ ਵਿਅਕਤੀਆਂ ਤੋਂ ਛੁੱਟ ਹਰ ਦੇਸ਼ ਵਿਚ ਕੁਝ ਸੰਖਿਆ ਅਜਿਹੇ ਲੋਕਾਂ ਦੀ ਹੁੰਦੀ ਹੈ ਜਿਹੜੇ ਇਹਨਾਂ ਸਾਧਾਰਣ ਵਿਅਕਤੀਆਂ ਨਾਲੋਂ ਚੰਗੇ ਹੁੰਦੇ ਹਨ, ਇਸ ਲਈ ਇਹਨਾਂ ਤੋਂ ਭਿੰਨ ਹੁੰਦੇ ਹਨ। ਇਹਨਾਂ ਦੀ ਬੁੱਧੀ ਤੀਖਣ ਹੁੰਦੀ ਹੈ। ਵਿਅਕਤੀਤਵ ਵੀ ਸਾਧਾਰਣ ਮਨੁੱਖਾਂ ਨਾਲੋਂ ਚੰਗੇਰਾ ਹੁੰਦਾ ਹੈ ਅਤੇ ਇਹ ਆਪਣੇ ਸਮਾਜ ਤੇ ਵਾਤਾਵਰਣ ਨਾਲ ਸੁੱਖਲਾ ਤੇ ਸੁਚੱਜਾ ਸਮੰਜਨ ਕਰ ਲੈਂਦੇ ਹਨ। ਸਮਾਜਿਕ ਖੇਤਰ ਵਿਚ ਵੀ ਇਹ ਕਈ ਪ੍ਰਕਾਰ ਦੀਆਂ ਕਾਢਾਂ ਕੱਢਦੇ ਹਨ। ਪੰਡਿਤ ਨਹਿਰੂ, ਮਹਾਤਮਾ ਗਾਂਧੀ ਅੱਜ ਦੇ ਸਮੇਂ ਕੁਝ ਕੁ ਅਜਿਹੇ ਵਿਅਕਤੀਆਂ ਨੂੰ ਅਸੀਂ ਸ੍ਰੇਸ਼ਠ ਵਿਅਕਤੀ ਮੰਨ ਲੈਂਦੇ ਹਾਂ। ਤਿੰਨਾਂ ਹੀ ਵਰਗਾਂ ਲਈ ਅਲੱਗ ਨਿਯਮ ਬਣਾਏ ਗਏ ਹਨ ਜਿਸਦੇ ਕਾਰਣ ਹੀ ਇਹਨਾਂ ਵਿਚ ਭਿੰਨ ਵਿਸ਼ੇਸ਼ਤਾਵਾਂ ਆਉਂਦੀਆਂ ਹਨ। ਸਾਧਾਰਣ ਸਮੂਹ ਤੋਂ ਉਪਰ ਜੋ ਵਿਅਕਤੀ ਆਉਂਦੇ ਹਨ, ਉਨ੍ਹਾਂ ਨੂੰ ਪ੍ਰਤਿਭਾਸ਼ਾਲੀ ਕਹਿੰਦੇ ਹਨ।

ਸੰਖੇਪ ਸਾਰ

ਸਾਧਾਰਣ ਵਿਅਕਤੀ ਉਹ ਹੁੰਦਾ ਹੈ ਜੋ ਸਾਧਾਰਣ ਰੂਪ ਵਿਚ ਆਪਣੀਆਂ ਕਿਰਿਆਵਾਂ ਨੂੰ ਕਰਦਾ ਹੈ। ਆਪਣੇ ਦਿਨ ਭਰ ਦੇ ਕੰਮਾਂ ਵਿਚ ਵਿਚਾਰਪੂਰਵਕ ਨਿਰਣੈ ਲੈਂਦਾ ਹੈ ਅਤੇ ਸਮਾਜਿਕ ਮਾਨਤਾਵਾਂ

ਦਾ ਇੱਕ ਸੀਮਾ ਤੱਕ ਪਾਲਣਾ ਕਰਦਾ ਹੋਇਆ ਸਮਾਜਿਕ, ਆਰਥਿਕ, ਸੰਸਕ੍ਰਿਤਕ, ਪਰਿਵਾਰਿਕ ਅਤੇ ਵਿਅਕਤੀਗਤ ਪਰਿਸਥਿਤੀਆਂ ਨਾਲ ਸਮਾਯੋਜਨ ਬਣਾਈ ਰੱਖਦਾ ਹੈ। ਅਤੇ ਅਸਧਾਰਣ ਵਿਅਕਤੀ ਇਨ੍ਹਾਂ ਸਾਰੀਆਂ ਪ੍ਰਸਥਿਤੀਆਂ ਵਿਚ ਚੰਗੀ ਤਰ੍ਹਾਂ ਸਮਾਯੋਜਨ ਨਹੀ ਕਰ ਪਾਉਂਦਾ। ਇਨ੍ਹਾਂ ਵਿਅਕਤੀਆਂ ਵਿਚ ਅਸਥਿਰ ਸੰਵੇਗ, ਅਸੰਗਠਿਤ ਵਿਅਕਤੀਤਵ, ਦੂਸ਼ਿਤ ਚਰਿੱਤਰ ਆਦਿ ਤਰ੍ਹਾਂ ਦੇ ਅਨੇਕ ਗੁਣ ਹੁੰਦੇ ਹਨ।

1.1.5 **ਅਭਿਆਸ**

ਪ੍ਰਸ਼ਨ 1. ਅਸਾਧਾਰਣ ਵਿਵਹਾਰ ਤੋਂ ਕੀ ਭਾਵ ਹੈ ?

ਪ੍ਰਸ਼ਨ 2. ਸਧਾਰਣ ਵਿਅਕਤੀ ਦੀ ਪਰਖ ਦੇ ਆਧਾਰ ਲਿਖੋ ।

ਪ੍ਰਸ਼ਨ 3. ਅਸਾਧਾਰਣਤਾ ਸੰਬੰਧੀ ਵਿਭਿੰਨ ਦ੍ਰਿਸ਼ਟੀਕੋਣ ਬਾਰੇ ਲਿਖੋ ।

1.1.6 **ਸ਼ਬਦਾਵਲੀ**

1. ਅਸਧਾਰਨ ਮਨੋਵਿਗਿਆਨ:

ਅਸਧਾਰਨ ਮਨੋਵਿਗਿਆਨ; ਮਨੋਵਿਗਿਆਨ ਦਾ ਇੱਕ ਅਨੁਸ਼ਾਸ਼ਨ ਹੈ ਜੋ ਕਿ ਮਾਨਸਿਕ ਵਿਗਿਆਨ ਅਤੇ ਉਪਚਾਰ ਵਿਵਸਥਾਵਾਂ ਵਿੱਚ ਅਸਾਧਾਰਣ ਵਿਵਹਾਰ ਡਿਪਰੈਸ਼ਨ, ਜਨੂੰਨ-ਮਜਬੂਰੀ ਵਿਗਾੜ (ਓਸੀਡੀ) ਤੋਂ ਲੈ ਕੇ ਸ਼ਖਸੀਅਤ ਦੀਆਂ ਸਮੱਸਿਆਵਾਂ ਤੱਕ, ਇਸ ਵਿਚ ਰੋਗਾਂ ਦੀ ਇੱਕ ਵਿਸ਼ਾਲ ਸਪੈਕਟ੍ਰਮ ਸ਼ਾਮਲ ਹੈ. ਇਸ ਖੇਤਰ ਵਿਚ ਅਕਸਰ ਸਲਾਹਕਾਰ, ਕਲੀਨਿਕਲ ਮਨੋਵਿਗਿਆਨਕ ਅਤੇ ਮਨੋਚਿਕਿਤਸਕ ਸ਼ਾਮਲ ਹੁੰਦ ਹਨ.

2. ਕਲੀਨਿਕਲ ਮਨੋਵਿਗਿਆਨ:

ਇਹ ਵਿਗਿਆਨ, ਸਿਧਾਂਤ ਅਤੇ ਕਲੀਨਿਕੀ ਮਹਾਰਤ ਦੀ ਵਰਤੋਂ ਮਨੋਵਿਗਿਆਨਕ ਪ੍ਰੇਸ਼ਾਨੀ ਜਾਂ ਨਪੁੰਸਕਤਾ ਨੂੰ ਬਿਹਤਰ ਤਰੀਕੇ ਨਾਲ ਸਮਝਣ, ਰੋਕਣ ਅਤੇ ਇਲਾਜ ਕਰਨ ਦੇ ਨਾਲ ਨਾਲ ਵਿਅਕਤੀਗਤ ਤੰਦਰੁਸਤੀ ਅਤੇ ਵਿਅਕਤੀਗਤ ਵਿਕਾਸ ਨੂੰ ਬਿਹਤਰ ਬਣਾਉਣ ਲਈ ਹੈ. ਇਹ ਮਨੋਵਿਗਿਆਨ ਦੀ ਇਕ ਸ਼ਾਖਾ ਹੈ ਜੋ ਕਲੀਨਿਕਲ ਸੈਟਿੰਗਾਂ ਵਿਚ ਮਨੋਵਿਗਿਆਨਕ ਵਿਗਾੜਾਂ ਦਾ ਮੁਲਾਂਕਣ ਕਰਨ, ਸਮਝਣ ਅਤੇ ਇਲਾਜ ਕਰਨ 'ਤੇ ਕੇਂਦ੍ਰਿਤ ਹੈ.

3. ਅਨੁਕੂਲ ਵਿਵਹਾਰ:

ਇਹ ਇਕ ਕਿਸਮ ਦਾ ਵਿਵਹਾਰ ਹੈ ਜੋ ਇਕ ਵਿਅਕਤੀ (ਆਮ ਤੌਰ 'ਤੇ ਇਕ ਨੌਜਵਾਨ) ਨੂੰ ਆਪਣੇ ਵਾਤਾਵਰਣ ਵਿਚ ਸਭ ਤੋਂ ਵਧੀਆ ਕੰਮ ਕਰਨ ਦੀ ਆਗਿਆ ਦਿੰਦਾ ਹੈ. ਇਹ ਸ਼ਬਦ ਮਨੋਵਿਗਿਆਨ ਅਤੇ ਵਿਸ਼ੇਸ਼ ਸਿੱਖਿਆ ਦੇ ਖੇਤਰਾਂ ਵਿਚ, ਕਾਰਜਸ਼ੀਲ ਹੈ. ਅਨੁਕੂਲ ਵਿਵਹਾਰ, ਜਿਵੇਂ "ਜੀਵਨ ਹੁਨਰ (Life skills)", ਰੋਜ਼ਮਰ੍ਹਾ ਦੀਆਂ ਯੋਗਤਾਵਾਂ ਜਾਂ ਕਾਰਜਾਂ ਨੂੰ ਦਰਸਾਉਂਦਾ ਹੈ ਜੋ ਕੋਈ average ਵਿਅਕਤੀ ਕਰ ਸਕਦਾ ਹੈ.

1.1.7 ਹਵਾਲਾ ਪੁਸਤਕਾਂ

1.	ਅਸਾਧਾਰਣ ਮਨੋਵਿਗਿਆਨ	:	ਡਾ. ਆਗਿਆਜੀਤ ਸਿੰਘ
2.	Abnormal Psychology	:	Coleman & Butcher
3.	Abnormal Psychology	:	Balwant B. Kumar

ਪਾਠ ਨੰ : 1.2 **ਲੇਖਕ : ਡਾ. ਮਮਤਾ ਸ਼ਰਮਾ**

ਅਸਾਧਾਰਣ ਮਨੋਵਿਗਿਆਨ ਦਾ ਇਤਿਹਾਸਕ ਪਿਛੋਕੜ
(HISTORICAL BACKGROUND OF PSYCHOPATHOLOGY)

ਪਾਠ ਸੰਰਚਨਾ

1.2.0 ਉਦੇਸ਼
1.2.1 ਭੂਮਿਕਾ
1.2.1.1 ਮੱਧ-ਕਾਲ
1.2.1.2 ਆਰੰਭਿਕ ਮਨੁੱਖ-ਸਨੇਹੀ
1.2.1.3 ਦੇਹ-ਜਨਿਤ ਸਮਾਂ

1.2.2 ਮਨੋਵਿਗਿਆਨਕ ਦ੍ਰਿਸ਼ਟੀਕੋਣ ਦਾ ਵਿਕਾਸ (Development of psychological view-point)
1.2.2.1 ਮੈਸਮਰਿਜ਼ਮ (Mesmerism)
1.2.2.2 ਨੈਂਸੀ ਸਕੂਲ (Nancy School)
1.2.2.3 ਜੇਨੇ ਦਾ ਕੰਮ (Janet's Work)
1.2.2.4 ਮਨੋ ਵਿਸ਼ਲੇਸ਼ਣ ਅਤੇ ਉਸਦੀਆਂ ਸਾਖਾਵਾਂ (Psychoanalysis and its branches)
1.2.2.4.1 ਜੋਸਫ ਬਰੁਅਰ (Josef Breuer)
1.2.2.4.2 ਫ੍ਰਾਇਡ (Freud)
1.2.2.4.3 ਸੀ.ਜੀ.ਯੁੰਗ (C.G.Jung)
1.2.2.4.4 ਐਲਫਰੇਡ ਐਡਲਰ (Alfred Adler) :
1.2.2.4.5 ਪ੍ਰਯੋਗਿਕ ਮਨ ਸੰਤਾਪ (Experimental Neurosis) :

1.2.3 ਸਮਾਜ ਵਿਗਿਆਨ ਵਿਚਾਰਧਾਰਾ ਦਾ ਵਿਕਾਸ (Development of School of Social Science)
1.2.4 ਹੋਲਿਸਟਿਕ ਵਿਚਾਰਧਾਰਾ (The holistic view-point) :
1.2.5 ਆਧੁਨਿਕ ਵਿਕਾਸ ਅਤੇ ਵਿਚਾਰਧਾਰਾਵਾਂ (Modern developments and view-points)
1.2.6 ਸੰਖੇਪ ਸਾਰ
1.2.7 ਸ਼ਬਦਾਵਲੀ
1.2.8 ਹਵਾਲਾ ਪੁਸਤਕਾਂ

1.2.0 ਉਦੇਸ਼

ਵਿਅਕਤੀ ਦੇ ਅਸਾਧਾਰਣ ਪੱਖ ਨੂੰ ਅਧਿਐਨ ਕਰਨ ਵਾਲੀ ਮਨੋਵਿਗਿਆਨਕ ਸ਼ਾਖਾ ਅਸਾਧਾਰਣ ਮਨੋਵਿਗਿਆਨ ਦੇ ਇਤਿਹਾਸਿਕ ਪਿਛੋਕੜ ਨਾਲ ਜਾਣੂ ਕਰਵਾਉਣ ਦੇ ਮੰਤਵ ਨਾਲ ਇਸ ਪਾਠ ਵਿਚ ਅਸਾਧਾਰਣ ਵਿਵਹਾਰ ਨੂੰ ਸਮਝਣ ਲਈ ਪੁਰਾਤਨ ਸਮੇ ਤੋ ਆਧੁਨਿਕ ਸਮੇ ਵਿਚ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਜ਼ਿਕਰ ਕੀਤਾ ਜਾਵੇਗਾ। ਹਿਪੋਕ੍ਰੇਟਸ ਤੋ ਸ਼ੁਰੂ ਕਰਦੇ ਹੋਏ ਮੱਧ ਕਾਲ ਦੇ ਚਿੰਤਕਾਂ ਨੇ ਅਸਾਧਾਰਣਤਾ ਦੀਆਂ ਮਾਨਤਾਵਾਂ ਦੀ ਗੱਲ ਕਰਦੇ ਹੋਏ ਇਸ ਦੇ ਮਨੋਵਿਗਿਆਨਿਕ ਦ੍ਰਿਸ਼ਟੀਕੋਣ ਦੇ ਵਿਕਾਸ ਬਾਰੇ ਚਾਨਣਾ ਪਾਇਆ ਜਾਵੇਗਾ। ਮਨੋਵਿਸ਼ਲੇਸ਼ਣ ਜੋ ਕਿ ਅਸਾਧਾਰਣ ਮਨੋਵਿਗਿਆਨ ਨੂੰ ਸਮਝਣ ਦਾ ਪਹਿਲਾ ਯਤਨ ਸਮਝਿਆ ਜਾਂਦਾ ਹੈ ਦੇ ਨਾਲਸ਼ਨਾਲ ਸਮਾਜ ਵਿਗਿਆਨ ਵਿਚਾਰਧਾਰਾ, ਹੋਲਿਸਟਿਕ ਵਿਚਾਰਧਾਰਾ ਅਤੇ ਆਧੁਨਿਕ ਵਿਚਾਰਧਾਰਾਵਾਂ ਦਾ ਬਿਊਰਾ ਇਸ ਪਾਠ ਵਿਚ ਦਰਜ ਹੈ।

1.2.1 ਭੂਮਿਕਾ

ਪੁਰਾਤਨ ਸਮੇਂ ਵਿੱਚ ਵਿਅਕਤੀ ਦੇ ਵਿਵਹਾਰ ਵਿਚ ਜੋ ਕਿਸੇ ਪ੍ਰਕਾਰ ਦੀ ਅਸਾਧਾਰਨਤਾ ਦਿਖਾਈ ਦਿੰਦੀ ਸੀ, ਤਾਂ ਸਮਝਿਆ ਜਾਂਦਾ ਸੀ ਕਿ ਇਹ ਅਸਾਧਾਰਣਤਾ ਉਸਦੇ ਸਰੀਰ ਵਿਚ ਕਿਸੇ ਭੂਤ-ਪ੍ਰੇਤ ਦੇ ਆ ਜਾਣ ਕਰਕੇ ਹੈ। ਭੂਤਾਂ ਪ੍ਰੇਤਾਂ ਨੂੰ ਬਾਹਰ ਕੱਢਣ ਲਈ ਵਿਅਕਤੀ ਨੂੰ ਮਾਰਿਆ ਕੁੱਟਿਆ ਜਾਂਦਾ ਸੀ। ਇਸ ਲਈ ਉਸ ਸਮੇਂ ਅਸਾਧਾਰਣ ਵਿਹਾਰ ਦੀ ਸਮਝ ਤੇ ਵਿਆਖਿਆ ਅੰਧ-ਵਿਸ਼ਵਾਸ ਤੇ ਜਾਦੂ-ਟੂਣਿਆਂ ਤੇ ਆਰਾਧਤ ਸੀ। ਮਨੁੱਖ ਸਮਝਦਾ ਸੀ ਕਿ ਨਿਰਜੀਵ ਵਸਤੂਆਂ ਵਿਚ ਵੀ ਆਤਮਾ ਹੁੰਦੀ ਹੈ ਅਤੇ ਹਰ ਪ੍ਰਕਾਰ ਦੀ ਕਿਰਿਆ ਤੇ ਕਿਸੇ ਦੈਵੀ ਸ਼ਕਤੀ ਦਾ ਪ੍ਰਭਾਵ ਹੁੰਦਾ ਹੈ। ਮਨੋਵਿਗਿਆਨਕ ਸਿਧਾਂਤਾਂ ਦੇ ਆਧਾਰ ਤੇ ਮਾਨਸਿਕ ਰੋਗਾਂ ਦੀ ਚਿਕਿਤਸਾ ਦਾ ਇਤਿਹਾਸ ਬਹੁਤ ਪੁਰਾਣਾ ਨਹੀਂ ਹੈ।

ਯੂਨਾਨ ਦੇ ਨਿਦਾਨ ਵਿਗਿਆਨੀ ਹਿਪੋਕ੍ਰੇਟਸ (Hippocrates, 460-377 B.C.) ਨੇ ਮਾਨਸਿਕ ਰੋਗਾਂ ਦੀ ਵਿਆਖਿਆ ਲਈ ਇੱਕ ਨਵਾਂ ਹੀ ਆਧਾਰ ਦਿੱਤਾ ਹੈ। ਉਸ ਦੇ ਅਨੁਸਾਰ ਵਿਅਕਤੀ ਦੀ ਹਰ ਕਿਰਿਆ ਦਾ ਕੇਦਰ ਉਸ ਦਾ ਦਿਮਾਗ ਹੈ ਤੇ ਦਿਮਾਗ ਵਿਚ ਕੋਈ ਦੋਸ਼ ਆ ਜਾਣ ਨਾਲ ਮਾਨਸਿਕ ਰੋਗਾਂ ਦੀ ਉਤਪਤੀ ਹੁੰਦੀ ਹੈ। ਇਸ ਲਈ ਹਿਪੋਕ੍ਰੇਟਸ ਨੇ ਮਾਨਸਿਕ ਰੋਗੀਆਂ ਲਈ ਜਾਦੂ-ਟੂਣਿਆਂ ਦੀ ਥਾਂ ਨਿਦਾਨਿਕ ਵਿਧੀਆਂ ਦੀ ਵਰਤੋ ਕੀਤੀ। ਇਸੇ ਕਰਕੇ ਹਿਪੋਕ੍ਰੇਟਸ ਨੂੰ ਨਿਦਾਨਿਕ ਵਿਗਿਆਨ ਦਾ ਮੋਢੀ ਮੰਨਿਆ ਜਾਂਦਾ ਹੈ। ਪਲੈਟੋ ਅਤੇ ਯੂਨਾਨ ਦੇ ਹੋਰ ਮਨੋਵਿਗਿਆਨੀਆਂ ਨੇ ਵੀ ਹਿਪੋਕ੍ਰੇਟਸ ਦੇ ਵਿਚਾਰਾਂ ਦਾ ਸਮਰਥਨ ਕੀਤਾ। ਪਲੈਟੋ ਅਨੁਸਾਰ ਇਹ ਰੋਗ ਸਿਰਫ ਇਸਤਰੀਆਂ ਵਿਚ ਹੀ ਹੁੰਦਾ ਹੈ। ਉਸ ਨੇ ਇਸ ਦੇ ਸਰੀਰਕ ਕਾਰਨਾਂ ਬਾਰੇ ਥੋੜ੍ਹਾ ਬਹੁਤ ਦੱਸਿਆ। ਉਸਨੇ ਕਿਹਾ ਕਿ ਰੋਗੀਆਂ ਨਾਲ ਹਮਦਰਦੀ ਵਾਲਾ ਵਿਵਹਾਰ ਕੀਤਾ ਜਾਵੇ ਅਤੇ ਉਨ੍ਹਾਂ ਦਾ ਇਲਾਜ ਚਿਕਿਤਸਾ ਦੇ ਨਿਯਮਾਂ ਅਨੁਸਾਰ ਕੀਤਾ ਜਾਵੇ। ਪਰੰਤੂ ਵਿਆਖਿਆ ਦੇ ਇਸ ਵਿਗਿਆਨਕ ਢੰਗ ਨੂੰ ਜ਼ਿਆਦਾ ਦੇਰ ਹੁੰਗਾਰਾ ਨਹੀ ਮਿਲਿਆ ਅਤੇ ਲੋਕ ਫੇਰ ਭੂਤ-ਪ੍ਰੇਤ ਦੇ ਵਹਿਮਾਂ ਵਿਚੋ ਪੈ ਗਏ ਅਤੇ ਰੋਗਾਂ ਦੇ ਇਲਾਜ ਲਈ ਭੂਤ-ਪ੍ਰੇਤ ਕੱਢਣ ਵਾਲਿਆਂ ਦਾ ਸਹਾਰਾ ਲੈਣ ਲੱਗੇ।

1.2.1.1 ਮੱਧ-ਕਾਲ

ਮੱਧ-ਕਾਲ ਦੇ ਦੌਰਾਨ ਵੀ ਇਹ ਪੁਰਾਣੇ ਵਿਚਾਰ ਪ੍ਰਚੱਲਤ ਰਹੇ ਕਿ ਵਿਅਕਤੀ ਦੇ ਸਰੀਰ ਵਿਚ ਕਿਸੇ ਭੂਤ-ਪ੍ਰੇਤ ਦੇ ਹੋਣ ਕਰਕੇ ਅਸਾਧਾਰਣ ਵਿਵਹਾਰ ਹੁੰਦਾ ਹੈ। ਭੂਤਾਂ-ਪ੍ਰੇਤਾਂ ਨੂੰ ਕੱਢਣ ਲਈ ਫਿਰ ਜਾਦੂ-ਟੂਣਿਆਂ ਦੀ ਮਦਦ ਲਈ ਜਾਣ ਲੱਗੀ। ਇਹਨਾਂ ਜਾਦੂ-ਟੂਣਿਆਂ ਦੀ ਅਸਫਲਤਾ ਤੇ ਵਿਅਕਤੀ ਨੂੰ ਸਰੀਰਕ ਤੌਰ ਤੇ ਕਾਫੀ ਤੰਗ ਕੀਤਾ ਜਾਂਦਾ ਸੀ ਜਿਵੇਂ ਕਿ ਉਸਨੂੰ ਅੱਗ ਜਾਂ ਗਰਮ ਪਾਣੀ ਵਿਚ ਪਾਇਆ ਜਾਂਦਾ ਸੀ ਤੇ ਕਈ ਵਾਰ ਗੰਧਕ ਦਾ ਧੂੰਆਂ ਦੇ ਕੇ ਉਸ ਨੂੰ ਠੀਕ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਸੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇੰਨੇ ਜ਼ਿਆਦਾ ਸਰੀਰਕ ਤਸੀਹਿਆਂ ਤੋ

ਤੰਗ ਆ ਕੇ ਵਿਅਕਤੀ ਦੇ ਅੰਦਰ ਬੈਠੇ ਭੂਤ-ਪ੍ਰੇਤ ਪਿੱਛਾ ਛੱਡ ਦੇਣਗੇ। ਇਸ ਕਾਲ ਦੇ ਕੁਝ ਸਮੇਂ ਵਿਚ ਅਰਥ ਦੇਸ਼ ਅਤੇ ਕਈ ਹੋਰ ਦੇਸ਼ਾਂ ਦੇ ਲੋਕਾਂ ਨੇ ਪੁਰਾਣੇ ਯੂਨਾਨੀ ਵਿਗਿਆਨਕ ਢੰਗਾਂ ਨੂੰ ਮੰਨਿਆ ਅਤੇ ਰੋਗੀਆਂ ਲਈ ਨਿਦਾਨਿਕ ਹਸਪਤਾਲ ਬਣਵਾਏ। ਪਰੰਤੂ ਬਾਕੀ ਥਾਵਾਂ ਤੇ ਭੂਤਾਂ-ਪ੍ਰੇਤਾਂ ਨੂੰ ਹੀਅਸਾਧਾਰਣ ਵਿਵਹਾਰ ਦਾ ਆਧਾਰ ਮੰਨਿਆ ਗਿਆ। ਇਸ ਕਾਲ ਦੇ ਅੰਤ ਵਿਚ ਕਈ ਵਿਚਾਰਕਾਂ, ਜਿਵੇ ਪਾਰਸਲੋਸ (Paracelus, 1493-1541) ਅਤੇ ਵੇਅਰ (Wayer, 1515-1588) ਆਦਿ, ਦੇ ਅਸਾਧਾਰਣ ਵਿਵਹਾਰ ਦੇ ਵਿਗਿਆਨਕ ਢੰਗਾਂ ਦੀ ਖੋਜ ਸ਼ੁਰੂ ਕੀਤੀ ਕਿਉਂਕਿ ਇਹ ਲੋਕ ਭੂਤ-ਪ੍ਰੇਤ ਅਤੇ ਜਾਦੂ-ਟੂਣਿਆਂ ਵਿਚ ਵਿਸ਼ਵਾਸ ਨਹੀਂ ਸਨ ਕਰਦੇ।

1.2.1.2 ਆਰੰਭਿਕ ਮਨੁੱਖ-ਸਨੇਹੀ

ਇਸ ਸਮੇਂ ਧਰਮ ਦੇ ਸਿਧਾਂਤਾਂ ਅਤੇ ਭੂਤ-ਪ੍ਰੇਤਾਂ ਸੰਬੰਧੀ ਵਿਚਾਰਾਂ ਤੇ ਸੰਦੇਹ ਹੋਣ ਲੱਗਾ ਅਤੇ ਮਨੁੱਖੀ-ਸਨੇਹੀ ਵਿਚਾਰਾਂ ਵਾਲੇ ਵਿਅਕਤੀਆਂ ਨੇ ਇਹਨਾਂ ਦੇ ਆਧਾਰ ਤੇ ਦਿੱਤੀ ਗਈ ਮਾਨਸਿਕ ਰੋਗਾਂ ਦੀ ਵਿਆਖਿਆ ਦੀ ਨਿੰਦਿਆ ਕੀਤੀ। ਜਿਸ ਦੇ ਨਤੀਜੇ ਵਜੋ ਮਾਨਸਿਕ ਰੋਗਾਂ ਦੇ ਇਲਾਜ ਵੱਲ ਜ਼ਿਆਦਾ ਧਿਆਨ ਦਿੱਤਾ ਜਾਣ ਲੱਗਾ। ਮੱਧ-ਕਾਲ ਅਤੇ ਇਸ ਤੋ ਪਹਿਲਾਂ ਮਾਨਸਿਕ ਰੋਗੀਆਂ ਨੂੰ ਜ਼ੰਜ਼ੀਰਾਂ ਨਾਲ ਬੰਨ ਕੇ ਰੱਖਿਆ ਜਾਂਦਾ ਸੀ ਪਰ ਆਰੰਭਿਕ ਮਨੁੱਖੀ ਸਨੇਹੀ ਵਿਚਾਰਕਾਂ ਦੇ ਕਹਿਣ ਤੇ ਮਾਨਸਿਕ ਰੋਗੀਆਂ ਨਾਲ ਵੀ ਸਾਧਾਰਣ ਰੋਗੀਆਂ ਵਾਲਾ ਵਿਵਹਾਰ ਕੀਤਾ ਜਾਣ ਲੱਗਾ। ਉਨ੍ਹਾਂ ਲਈ ਮਾਨਸਿਕ ਹਸਪਤਾਲ ਬਣਾਏ ਗਏ। ਸਭ ਤੋ ਪਹਿਲਾਂ ਪਿਨੇਲ ਨੇ ਮਾਨਸਿਕ ਹਸਪਤਾਲਾਂ ਦੀ ਸਥਾਪਨਾ ਕੀਤੀ ਅਤੇ ਰੋਗੀਆਂ ਦੀਆਂ ਜ਼ੰਜ਼ੀਰਾਂ ਖੁਲਵਾ ਕੇ ਉਨ੍ਹਾਂ ਨੂੰ ਆਮ ਰੋਗੀ ਸਮਝਿਆ ਗਿਆ। ਪਿਨੇਲ ਦੇ ਇਸ ਕੰਮ ਨੂੰ ਖਤਰਨਾਕ ਸਮਝਿਆ ਜਾਣ ਲੱਗਾ ਪਰ ਇਸ ਦੇ ਲਾਭ ਦਿਖਾਈ ਦੇਣ ਕਰਕੇ ਕਈ ਹੋਰ ਵਿਅਕਤੀਆਂ ਨੇ ਯੂਰਪ ਆਦਿ ਵਿਚ ਮਾਨਸਿਕ ਰੋਗੀਆਂ ਨਾਲ ਹਮਦਰਦੀ ਪੂਰਨ ਵਿਵਹਾਰ ਕਰਨ ਤੇ ਜ਼ੋਰ ਦਿੱਤਾ। ਭਾਵੇ ਪਿਨੇਲ ਨੂੰ ਮਾਨਸਿਕ ਰੋਗਾਂ ਦੀ ਚਿਕਿਤਸਾ ਦਾ ਮੋਢੀ ਨਹੀ ਮੰਨਿਆ ਜਾਂਦਾ, ਪਰੰਤੂ ਉਸ ਨੇ ਰੋਗੀਆਂ ਦੇ ਵਾਤਾਵਰਣ ਨੂੰ ਬਦਲਣ ਦੇ ਫਿਰ ਵੀ ਬਹੁਤ ਯਤਨ ਕੀਤੇ। ਮਾਨਸਿਕ ਰੋਗਾਂ ਦੇ ਮਨੋਵਿਗਿਆਨਕ ਆਧਾਰ ਦੀ ਵਿਚਾਰਧਾਰਾ ਵੀ ਪਿਨੇਲ ਨੇ ਹੀ ਪ੍ਰਚਲਿਤ ਕੀਤੀ।

1.2.1.3 ਦੇਹ-ਜਨਿਤ ਸਮਾਂ

19ਵੀਂ ਸਦੀ ਦੇ ਸ਼ੁਰੂ ਵਿਚ ਮਾਨਸਿਕ ਰੋਗਾਂ ਦੇ ਦੇਹ-ਜਨਿਤ ਯਤਨ ਆਰੰਭ ਹੋਏ। ਬੈਨਜ਼ਾਮਿਨ ਰਸ਼ (Benjamin Rush, 1745-1813), ਜਿਸ ਨੇ ਮਾਨਸਿਕ ਰੋਗੀਆਂ ਨਾਲ ਮਨੁੱਖ-ਸਨੇਹੀ ਵਿਵਹਾਰ ਕਰਨ ਤੇ ਜ਼ੋਰ ਦਿੱਤਾ ਸੀ, ਨੇ 1812 ਵਿਚ ਮਾਨਸਿਕ ਰੋਗਾਂ ਬਾਰੇ ਇੱਕ ਕਿਤਾਬ ਲਿਖੀ ਤਾਂ ਜੋ ਲੋਕਾਂ ਨੂੰ ਮਾਨਸਿਕ ਰੋਗਾਂ ਦੇ ਇਲਾਜ ਬਾਰੇ ਗਿਆਨ ਮਿਲ ਸਕੇ। ਇਸ ਪਿੱਛੋ ਜਰਮਨੀ ਦੇ ਇੱਕ ਚਿਕਿਤਸਕ ਵਿਲਹੇਮ ਗ੍ਰਿਜ਼ਿੰਗਰ (Wilhem Griesinger) ਨੇ 1845 ਵਿਚ ਇੱਕ ਕਿਤਾਬ ਲਿਖੀ। ਇਸ ਨੇ ਵੀ ਆਪਣੀ ਕਿਤਾਬ ਵਿਚ ਦੇਹ-ਜਨਿਤ ਪੱਖ ਬਾਰੇ ਲਿਖਿਆ ਅਤੇ ਦੱਸਿਆ ਕਿ ਮਨੋ-ਰੋਗ ਵਿਗਿਆਨ ਨੂੰ ਸਮਝਣ ਲਈ ਦਿਮਾਗੀ ਵਿਚਾਰ ਵਿਗਿਆਨ ਦਾ ਆਸਰਾ ਲੈਣਾ ਚਾਹੀਦਾ ਹੈ। ਉਸ ਦੇ ਸਿਧਾਂਤ ਵਿਚ ਵੀ ਮਾਨਸਿਕ ਰੋਗਾਂ ਦੀ ਚਿਕਿਤਸਾ ਦਾ ਆਧਾਰ ਦੇਹ-ਜਨਿਤ ਦ੍ਰਿਸ਼ਟੀਕੋਣ ਦੱਸਿਆ ਗਿਆ। ਦੇਹ-ਜਨਿਤ ਦ੍ਰਿਸ਼ਟੀਕੋਣ ਦਾ ਵਿਵਸਥਿਤ ਰੂਪ ਐਮਿਲ ਕ੍ਰੇਪਲਿਨ (Emil Kraepelen, 1856-1926) ਨੇ ਸਭ ਤੋ ਪਹਿਲਾਂ ਦਿੱਤਾ। ਉਸ ਨੇ ਆਪਣੇ ਅਧਿਐਨ ਵਿਚ ਪ੍ਰਯੋਗਾਂ ਦੀ ਵਰਤੋਂ ਕੀਤੀ ਤੇ ਦਿਮਾਗੀ ਵਿਕਾਰ ਸਮਝਣ ਤੇ ਜ਼ੋਰ ਦਿੱਤਾ। ਕ੍ਰੇਪਲਿਨ ਦੇ ਮਾਨਸਿਕ ਰੋਗਾਂ ਦੀ ਚਿਕਿਤਸਾ ਦੇ ਸਿਧਾਂਤਾਂ ਤੇ ਵਰਗੀਕਰਣ ਨੂੰ ਅੱਜ ਤੱਕ ਵੀ ਮਹੱਤਵਪੂਰਨ ਸਮਝਿਆ ਜਾਂਦਾ ਹੈ। ਮਾਨਸਿਕ ਰੋਗਾਂ ਨੂੰ ਸਮਝਣ ਲਈ ਅੱਜ ਵੀ ਐਬਿੰਗ ਦੇ ਅਧਿਐਨ ਕਾਫੀ ਮਹੱਤਵਪੂਰਨ ਸਮਝੇ ਜਾਂਦੇ ਹਨ।

ਕ੍ਰੇਪਲਿਨ ਦੇ ਸਿਧਾਂਤਾਂ ਤੋ ਬਾਅਦ ਗ੍ਰਿਜ਼ਿੰਗਰ ਦੇ ਇੱਕ ਦੋਸਤ ਕਰਾਫਟ ਐਬਿੰਗ (1840-1902 ਈ.) ਨੇ ਵੀ ਮਾਨਸਿਕ ਰੋਗਾਂ ਦੀ ਚਿਕਿਤਸਾ ਸੰਬੰਧੀ ਵਿਆਖਿਆ ਕੀਤੀ। ਉਸ ਅਨੁਸਾਰ ਇਨ੍ਹਾਂ ਰੋਗਾਂ ਨੂੰ

ਸਮਝਣ ਲਈ ਸਿਰਫ ਉਨ੍ਹਾਂ ਦੇ ਵਰਗੀਕਰਣ ਦੀ ਹੀ ਨਹੀ ਸਗੋ ਅਸਾਧਾਰਣ ਵਿਵਹਾਰ ਦੇ ਕਾਰਨਾਂ ਨੂੰ ਵੀ ਸਮਝਣ ਦੀ ਜ਼ਰੂਰਤ ਹੈ। ਐਬਿੰਗ ਨੇ ਰੋਗੀ ਦੇ ਵਿਅਕਤੀਗਤ ਇਤਿਹਾਸ ਅਤੇ ਕਾਮ-ਮਹੱਤਤਾ ਤੇ ਵੀ ਆਪਣੇ ਵਿਚਾਰ ਪੇਸ਼ ਕੀਤੇ।

1.2.2 ਮਨੋਵਿਗਿਆਨਕ ਦ੍ਰਿਸ਼ਟੀਕੋਣ ਦਾ ਵਿਕਾਸ (Development of psychological view-point)

ਉਪਰ ਦਿੱਤੇ ਗਏ ਸਾਰੇ ਵਿਦਵਾਨਾਂ ਦੇ ਸਿਧਾਂਤ ਵਿਚ ਮਾਨਸਿਕ ਰੋਗ ਦਾ ਕਾਰਨ ਸਿਰਫ ਸਰੀਰਕ ਹੀ ਮੰਨਿਆ ਗਿਆ। ਉਨ੍ਹਾਂ ਨੇ ਮਾਨਸਿਕ ਰੋਗਾਂ ਦੇ ਮਨੋਵਿਗਿਆਨਕ ਪੱਖ ਵੱਲ ਬਿਲਕੁਲ ਧਿਆਨ ਨਹੀ ਦਿੱਤਾ। ਸਰੀਰਕ ਕਾਰਨਾਂ ਦੇ ਵਿਕਾਸ ਦੇ ਬਾਵਜੂਦ ਵੀ ਕਈ ਸਮੱਸਿਆਵਾਂ ਅਜਿਹੀਆਂ ਸਨ ਜਿਨ੍ਹਾਂ ਨੂੰ ਸੁਲਝਾਇਆ ਨਹੀ ਸੀ ਜਾ ਸਕਿਆ ਜਿਵੇ ਕਿ ਕਈ ਮਾਨਸਿਕ ਰੋਗੀਆਂ ਵਿਚ ਕਿਸੇ ਪ੍ਰਕਾਰ ਦੀ ਕੋਈ ਵੀ ਸਰੀਰਕ ਤਰੁੱਟੀ ਦਿਖਾਈ ਨਹੀ ਦਿੱਤੀ ਅਤੇ ਕਈ ਵਾਰ ਸਾਧਾਰਣ ਵਿਅਕਤੀਆਂ ਵਿਚ ਵੀ ਕਿਸੇ ਨਾ ਕਿਸੇ ਪ੍ਰਕਾਰ ਦੇ ਅੰਗਿਕ ਵਿਕਾਰ ਦਿਖਾਈ ਦਿੰਦੇ ਸਨ। ਅਜਿਹੀਆਂ ਸਮੱਸਿਆਵਾਂ ਨੇ ਵਿਗਿਆਨੀਆਂ ਨੂੰ ਹੋਰ ਖੋਜਾਂ ਕਰਨ ਲਈ ਪ੍ਰੇਰਿਆ। ਵੀਹਵੀਂ ਸਦੀ ਦੇ ਆਰੰਭ ਵਿਚ ਕਈ ਚਿਕਿਤਸਕਾਂ ਨੇ ਮਾਨਸਿਕ ਰੋਗਾਂ ਦੇ ਇੱਕੋ ਕਾਰਣ ਦਿਮਾਗੀ ਵਿਕਾਰ ਨੂੰ ਗਲਤ ਦੱਸਿਆ। ਉਨ੍ਹਾਂ ਨੇ ਸਰੀਰਕ ਪੱਖ ਦੀ ਬਜਾਏ ਮਨੋਵਿਗਿਆਨਕ ਦ੍ਰਿਸ਼ਟੀਕੋਣ ਪੇਸ਼ ਕੀਤਾ। ਇਸ ਦ੍ਰਿਸ਼ਟੀਕੋਣ ਅਨੁਸਾਰ ਹਰ ਰੋਜ਼ ਜ਼ਿੰਦਗੀ ਦੇ ਬਦਲ ਰਹੇ ਢੰਗਾਂ ਤੇ ਸਖਤ ਮੁਕਾਬਲਿਆਂ ਨਾਲ ਸਮਾਯੋਜਨ ਕਰਨ ਤੋ ਅਸਫਲ ਰਹਿਣ ਨਾਲ ਵਿਅਕਤੀ ਨਿਰਾਸ਼ਤਾਵਾਂ ਤੇ ਸੰਘਰਸ਼ਾਂ ਦਾ ਸਾਹਮਣਾ ਕਰਦਾ ਹੈ ਤੇ ਕਦੀ ਇਹ ਅਸਫਲਤਾ ਇੰਨੀ ਦੁਖਦਾਈ ਹੁੰਦੀ ਹੈ ਕਿ ਵਿਅਕਤੀ ਆਪਣੇ ਆਪ ਨੂੰ ਸਮਾਯੋਜਤ ਕਰਨ ਲਈ ਗਲਤ ਵਿਵਹਾਰ ਅਪਣਾ ਲੈਂਦਾ ਹੈ। ਕਈ ਵਾਰ ਜੀਵਨ ਵਿਚ ਬੁਰੀ ਤਰ੍ਹਾਂ ਅਸਫਲ ਹੋਣ ਕਰਕੇ ਵਿਅਕਤੀ ਜ਼ਿੰਦਗੀ ਤੋ ਨਿਰਾਸ਼ ਹੋ ਜਾਂਦੇ ਹਨ ਅਤੇ ਆਪਣੇ ਆਪ ਨੂੰ ਹੀਣ ਸਮਝਣ ਲੱਗ ਪੈਦੇ ਹਨ। ਇਸ ਲਈ ਸੰਭਵ ਹੈ ਕਿ ਮਾਨਸਿਕ ਰੋਗ ਇਹੋ ਜਿਹੀਆਂ ਦੋਸ਼ ਪੂਰਨ ਪ੍ਰਤਿਕ੍ਰਿਆਵਾਂ ਤੋ ਹੀ ਉਪਜਦੇ ਹੋਣ। ਕਿਉਕਿ ਮਨੋਵਿਗਿਆਨਕ ਆਧਾਰ ਵਿਕਾਸ ਦੇ ਆਰੰਭਕ ਪੜਾਅ ਤੇ ਸੀ, ਇਸ ਕਰਕੇ ਮਨੋਵਿਗਿਆਨਕ ਪੱਖ ਦੇ ਵਿਕਾਸ ਬਾਰੇ ਬਹੁਤਾ ਗਿਆਨ ਪ੍ਰਾਪਤ ਨਹੀਂ ਸੀ ਹੋਇਆ।

1.2.2.1 ਮੈਸਮਰਿਜ਼ਮ (Mesmerism)

ਹਿਪਨਾਸਿਸ ਦਾ ਵਿਗਿਆਨ ਅਧਿਐਨ ਸਭ ਤੋ ਪਹਿਲਾਂ ਮੈਸਮਰ (Anton Mesmer, 1734-1815) ਨੇ ਕੀਤਾ। ਮਨੋਵਿਗਿਆਨ ਦ੍ਰਿਸ਼ਟੀਕੋਣ ਦੀ ਉਪਜ ਵੀ ਹਿਪਨਾਸਿਸ ਅਤੇ ਹਿਸਟੀਰੀਆ ਤੋ ਹੀ ਹੋਈ। ਮੈਸਮਰ ਨੇ ਰੋਗੀ ਨੂੰ ਠੀਕ ਕਰਨ ਲਈ ਚੁੰਬਕ ਦਾ ਪ੍ਰਯੋਗ ਕੀਤਾ। ਇਸ ਕਰਕੇ ਚੁੰਬਕ ਨੂੰ ਉਸ ਸਮੇ ਅਨੋਖਾ ਜਿਹਾ ਯੰਤਰ ਸਮਝਿਆ ਜਾਂਦਾ ਸੀ। ਪਰੰਤੂ ਬਾਅਦ ਵਿਚ ਪਤਾ ਲੱਗਾ ਕਿ ਰੋਗੀ ਨੂੰ ਚੁੰਬਕ ਛੁਹਣ ਨਾਲ ਆਰਾਮ ਨਹੀ ਸੀ ਮਿਲਦਾ ਸਗੋ ਚੁੰਬਕ ਨੂੰ ਸਰੀਰ ਨਾਲ ਛੁਹਾਦਿਆਂ ਜਿਹੜੇ ਨਿਰਦੇਸ਼ ਦਿੱਤੇ ਜਾਂਦੇ ਸਨ, ਉਨ੍ਹਾਂ ਨਿਰਦੇਸ਼ਾਂ ਨਾਲ ਰੋਗੀ ਨੂੰ ਆਰਾਮ ਮਿਲਦਾ ਸੀ। ਮੈਸਮਰ ਨੇ ਦੇਖਿਆ ਕਿ ਚੁੰਬਕ ਛੁਹੇ ਬਿਨਾਂ ਹੀ ਰੋਗੀ ਨੂੰ ਆਰਾਮ ਮਿਲ ਸਕਦਾ ਹੈ। ਇਸ ਖੋਜ ਤੋ ਮੈਸਮਰ ਨੇ ਇਹ ਸਿੱਟਾ ਕਢਿੱਆ ਕਿ ਹਰ ਵਿਅਕਤੀ ਵਿਚ ਇਕ ਚੁੰਬਕੀ ਸ਼ਕਤੀ ਹੁੰਦੀ ਹੈ ਅਤੇ ਜੇ ਚੰਗੀ ਤਰ੍ਹਾਂ ਪਰਖ ਕਰਕੇ ਇਸਦੀ ਯੋਗ ਵਰਤੋਂ ਕੀਤੀ ਜਾਵੇ ਤਾਂ ਰੋਗੀ ਨੂੰ ਠੀਕ ਕੀਤਾ ਜਾ ਸਕਦਾ ਹੈ। ਇਸ ਚੁੰਬਕੀ ਸ਼ਕਤੀ ਨਾਲ ਉਹ ਰੋਗੀਆਂ ਨੂੰ ਸੁਆ ਕੇ ਉਨ੍ਹਾਂ ਪਾਸੋਂ ਉਨ੍ਹਾਂ ਬਾਰੇ ਹੀ ਜਾਣਕਾਰੀ ਲੈ ਲੈਂਦਾ ਸੀ। ਸੰਨ 1778 ਵਿਚ ਮੈਸਮਰ ਨੇ ਪੈਰਿਸ ਜਾਂਦੇ ਇਸ ਵਿਧੀ ਦਾ ਪ੍ਰਦਰਸ਼ਨ ਕੀਤਾ ਅਤੇ ਉਸਦੇ ਨਾਂ ਤੇ ਹੀ ਇਸ ਵਿਧੀ ਦਾ ਨਾਮ ਮੈਸਮਰਿਜ਼ਮ ਰੱਖ ਦਿੱਤਾ ਗਿਆ। ਸਰਕਾਰ ਨੇ ਇਸ ਵਿਧੀ ਤੇ ਰੁਕਾਵਟ ਲਾ ਦਿੱਤੀ ਕਿਉਂਕਿ ਥੋੜ੍ਹੀ ਦੇਰ ਬਾਅਦ ਦੀ ਫਰਾਂਸ ਅਤੇ ਯੂਰਪ ਦੇਸ਼ਾਂ ਦੇ ਚਿਕਿਤਸਾ ਵਿਗਿਆਨੀਆਂ ਨੇ ਇਸ ਵਿਧੀ ਦੀ ਆਲੋਚਨਾ ਕੀਤੀ। ਪਰ ਇਸ ਆਲੋਚਨਾ ਅਤੇ

ਰੁਕਾਵਟਾਂ ਦੇ ਬਾਵਜੂਦ ਵੀ ਮੈਸਮਰ ਆਪਣੇ ਸਿਧਾਂਤ ਤੇ ਅੜਿੱਗ ਰਿਹਾ ਅਤੇ ਕਈ ਹੋਰ ਵਿਦਵਾਨਾਂ ਦੀ ਵੀ ਇਸ ਵਿਚ ਰੁਚੀ ਬਣੀ ਰਹੀ।

ਮੈਸਮਰ ਦੇ ਸਮਰਥਕਾਂ ਵਿੱਚੋਂ ਇੱਕ ਚਿਕਿਤਸਕ ਜੇਮਜ਼ ਬਰੇਡ (James Braid, 1795–1830) ਸੀ ਜਿਸ ਨੇ ਮੈਸਮਰਿਜ਼ਮ ਤੋਂ ਉਤਪੰਨ ਨੀਂਦ ਨੂੰ ਹਿਪਨਾਸਿਸ ਦਾ ਨਾਮ ਦਿੱਤਾ। ਜੇਮਜ਼ ਬਰੇਡ ਨੇ ਕਿਹਾ ਕਿ ਹਿਪਨਾਸਿਸ ਨੂੰ ਬਿਨਾਂ ਕਿਸੇ ਚੁੰਬਕੀ ਸ਼ਕਤੀ ਦੇ ਪੈਦਾ ਕੀਤਾ ਜਾ ਸਕਦਾ ਹੈ। ਹਿਪਨਾਸਿਸ ਧਿਆਨ ਕੇਂਦਰਿਤ ਕਰਨ ਦੀ ਇੱਕ ਵਿਧੀ ਹੈ। ਪੈਨਸਲ ਦੀ ਨੋਕ ਜਾਂ ਆਪਣੀ ਉਂਗਲ ਤੇ ਹੀ ਵਿਅਕਤੀਆਂ ਦਾ ਧਿਆਨ ਕੇਂਦਰਿਤ ਕਰਕੇ ਉਸਨੂੰ ਹਿਪੋਨੇਟਾਈਜ਼ ਕੀਤਾ ਜਾ ਸਕਦਾ ਹੈ। ਜੇਮਸ ਬਰੇਡ ਨੇ ਆਪਣੀਆਂ ਖੋਜਾਂ ਦੇ ਆਧਾਰ ਤੇ ਕਿਹਾ ਕਿ ਹਰ ਵਿਅਕਤੀ ਵਿਚ ਨਿਰਦੇਸ਼ ਗ੍ਰਹਿਣ ਕਰਨ ਦੀ ਇੱਕ ਸ਼ਕਤੀ ਹੁੰਦੀ ਹੈ ਜਿਸ ਦੁਆਰਾ ਹਿਪਨਾਸਿਸ ਦੇ ਪ੍ਰਭਾਵ ਵਿਚ ਆ ਕੇ ਵਿਅਕਤੀ ਸਰੀਰਕ ਤੌਰ ਤੇ ਸੌ ਜਾਂਦਾ ਹੈ ਪਰ ਮਾਨਸਿਕ ਤੌਰ ਤੇ ਉਹ ਚੇਤਨ ਅਵਸਥਾ ਵਿਚ ਹੁੰਦਾ ਹੈ। ਅਤੇ ਇਸ ਚੇਤਨ ਅਵਸਥਾ ਦੇ ਅਧੀਨ ਉਹ ਚਿਕਿਤਸਕ ਜਾਂ ਹਿਪਨਾਟਿਸਟ ਦੇ ਨਿਰਦੇਸ਼ਾਂ ਨੂੰ ਗ੍ਰਹਿਣ ਕਰਦਾ ਹੈ। 19ਵੀ ਸਦੀ ਦੇ ਆਰੰਭ ਵਿਚ ਹਿਪਨਾਸਿਸ ਬਹੁਤ ਪ੍ਰਚਲਿਤ ਹੋ ਗਿਆ। ਲੰਡਨ ਵਿਚ ਜਾਨ-ਈਲਿਅਟਸਨ (John Elliotson) ਨੇ ਹਿਪਨਾਸਿਸ ਦੀ ਮਦਦ ਨਾਲ ਕਈ ਔਖੇ ਉਪਰੇਸ਼ਨ ਕੀਤੇ। ਪਰ ਫਿਰ ਕਲੋਰੋਫਾਰਮ ਦੀ ਕਾਢਨਾਲ ਇਸ ਦੀ ਵਰਤੋਂ ਤਕਰੀਬਨ 50 ਸਾਲਾਂ ਤੱਕ ਬੰਦ ਰਹੀ। ਹਿਪਨਾਸਿਸ ਦਾ ਪ੍ਰਯੋਗ ਸਿਰਫ ਬਜ਼ਾਰਾਂ ਵਿਚ ਮਦਾਰੀਆਂ ਹੱਥੋਂ ਪ੍ਰਦਰਸ਼ਨ ਤੱਕ ਹੀ ਸੀਮਤ ਰਹਿ ਗਿਆ।

1.2.2.2 ਨੈਂਸੀ ਸਕੂਲ (Nancy School)

ਦੋ ਪ੍ਰਸਿੱਧ ਚਿਕਿਤਸਕ ਲਿਬਾਰਟ ਅਤੇ ਬਰਨਹੀਮ (Bernheim,1840-1919) ਨੈਂਸੀ ਸਕੂਲ ਵਿਚ ਕੰਮ ਕਰ ਰਹੇ ਸਨ। ਬਰਨਹੀਮ ਨੇ ਦੇਖਿਆ ਕਿ ਜਿਸ ਹਿਸਟੀਰੀਆ ਦੇ ਮਰੀਜ ਦਾ ਉਹ ਚਾਰ ਸਾਲ ਪੁਰਾਣੇ ਢੰਗਾਂ ਨਾਲ ਇਲਾਜ ਕਰ ਰਿਹਾ ਸੀ, ਉਸ ਮਰੀਜ ਨੂੰ ਲਿਬਾਰਟ ਨੇ ਹਿਪਨਾਸਿਸ ਨਾਲ ਤੰਦਰੁਸਤ ਕਰ ਦਿੱਤਾ। ਇਹ ਸਭ ਦੇਖ ਕੇ ਬਰਨਹੀਮ ਨੇ ਹਿਸਟੀਰੀਆ ਅਤੇ ਹਿਪਨਾਸਿਸ ਵਿਚ ਸੰਬੰਧ ਲੱਭਣ ਦੀ ਕੋਸ਼ਿਸ਼ ਕੀਤੀ। ਲਿਬਾਰਟ ਅਤੇ ਬਰਨਾਹੀਮ ਦੋਵਾਂ ਨੇ ਰਲ ਕੇ ਇਸ ਸਮੱਸਿਆ ਨੂੰ ਸੁਲਝਾਇਆ ਅਤੇ ਇਸ ਨਤੀਜੇ ਤੇ ਪਹੁੰਚੇ ਕਿ ਹਿਪਨਾਸਿਸ ਤੇ ਹਿਸਟੀਰੀਆ ਦੋਵੇ ਹੀ ਸੁਭਾਅ ਕਾਰਨ ਉਤਪੰਨ ਹੁੰਦੇ ਹਨ। ਇਸ ਸੰਬੰਧ ਦਾ ਆਧਾਰ ਇਹ ਸੀ ਕਿ :-

(1) ਹਿਸਟੀਰੀਆ ਦੇ ਸਾਰੇ ਲੱਛਣ ਜਿਵੇਂ ਕਿ ਸੁਨਣ ਸ਼ਕਤੀ ਦਾ ਬੰਦ ਹੋ ਜਾਣਾ, ਸੰਵੇਦਨਾ ਦਾ ਅਨੁਭਵ ਨਾ ਹੋਣਾ ਆਦਿ ਹਿਪਨਾਸਿਸ ਦੁਆਰਾ ਸਾਧਾਰਨ ਵਿਅਕਤੀਆਂ ਵਿਚ ਉਤਪਨ ਕੀਤਾ ਜਾ ਸਕਦੇ ਹਨ।

(2) ਹਿਪਨਾਸਿਸ ਦੁਆਰਾ ਹੀ ਇਹਨਾਂ ਲੱਛਣਾਂ ਨੂੰ ਹਟਾਇਆ ਵੀ ਜਾ ਸਕਦਾ ਹੈ।

ਉਨ੍ਹਾਂ ਨੇ ਹਿਸਟੀਰੀਆ ਨੂੰ ਆਤਮ ਹਿਪਨਾਸਿਸ ਦੱਸਿਆ। ਇਸ ਵਿਚਾਰ ਨਾਲ ਸਹਿਮਤ ਹੋਣ ਵਾਲੇ ਸਾਰੇ ਚਿਕਿਸਤਕਾਂ ਨੂੰ ਨੈਂਸੀ ਸਕੂਲ ਦੇ ਨਾਮ ਨਾਲ ਜੋੜਿਆ ਗਿਆ।

ਜੀਨ ਸ਼ਾਰਕੋ (Jean Charcot, 1825–1893), ਜੋ ਮੈਸਮਰਿਜ਼ਮ ਤੇ ਖੋਜ ਕਰ ਰਿਹਾ ਸੀ, ਨੇ ਨੈਂਸੀ ਸਕੂਲ ਦੇ ਵਿਚਾਰਾਂ ਦਾ ਵਿਰੋਧ ਕੀਤਾ ਤੇ 19ਵੀ ਸਦੀ ਵਿਚ ਕਾਫੀ ਵਾਦ-ਵਿਵਾਦ ਚਲ ਪਿਆ ਪਰ ਅੰਤ ਵਿਚ ਨੈਂਸੀ ਸਕੂਲ ਦੀ ਵਿਚਾਰਧਾਰਾਂ ਨੂੰ ਠੀਕ ਮੰਨਿਆ ਗਿਆ। ਹਿਸਟੀਰੀਆ ਨੂੰ ਆਤਮ ਹਿਪਨਾਸਿਸ ਦੀ ਅਵਸਥਾ ਹੀ ਮੰਨਿਆ ਗਿਆ। ਇਸ ਅਵਸਥਾ ਦੇ ਕਾਰਨ ਮਨ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ। ਇਕ ਭਾਗ ਹਿਪਨਾਟਿਸਟ ਬਣ ਕੇ ਦੂਜੇ ਭਾਗ ਨੂੰ ਕੁਝ ਉਪਦੇਸ਼ ਗ੍ਰਹਿਣ ਕਰਨ ਲਈ ਕਹਿੰਦਾ ਹੈ। ਹਿਸਟੀਰੀਆ ਨੂੰ ਇਕ ਮਨੋ-ਜਾਤ ਰੋਗ ਮੰਨ ਲਿਆ। ਇਸ ਮਨੋ-ਜਾਤ ਰੋਗ ਦੇ ਕਾਰਨਾਂ ਦਾ ਪਤਾ ਲਗਣ ਤੇ ਮਾਨਸਿਕ ਰੋਗਾਂ ਦਾ ਨਵੇ ਸਿਰ ਤੋ ਅਧਿਐਨ ਕੀਤਾ ਗਿਆ। ਅੰਤ ਵਿਚ ਸ਼ਾਰਕੋ ਨੂੰ ਇਹਨਾਂ ਅਧਿਐਨਾਂ ਤੋਂ ਪਤਾ ਲੱਗਿਆ ਕਿ ਕੁਝ ਮਾਨਸਿਕ ਰੋਗਾਂ ਦਾ ਆਧਾਰ ਵਿਚਾਰਾਂ ਦੀ ਕਿਰਿਆ ਹੈ। ਸ਼ਾਰਕੋ ਦੇ ਇਸ ਆਧਾਰ ਨੂੰ ਮਾਨਸਿਕ ਰੋਗਾਂ ਦੇ ਇਲਾਜ

ਦਾ ਆਧਾਰ ਮੰਨਿਆ ਗਿਆ। ਚਿੰਤਾ, ਭੈ, ਅਸਫਲਤਾ, ਘਰੇਲੂ ਜਾਂ ਸਮਾਜਿਕ ਕਾਰਨ ਆਦਿ ਦੀ ਮਨੋਵਿਗਿਆਨਕ ਮਹੱਤਤਾ ਦਾ ਪਤਾ ਲੱਗਿਆ ਪਰੰਤੂ ਕੁਝ ਕ੍ਰਿਆਵਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਠੀਕ ਸਮਝਣਾ ਕਠਿਨ ਹੋ ਸਕਦਾ ਹੈ। ਇਸ ਕਰਕੇ ਹਰ ਪ੍ਰਕਾਰ ਦੀ ਵਿਚਾਰਾਂ ਦੀ ਪ੍ਰਕ੍ਰਿਆ ਦੇ ਕਾਰਨਾਂ ਦੀ ਖੋਜ ਕੀਤੀ ਗਈ।

1.2.2.3 ਜੇਨੇ ਦਾ ਕੰਮ (Janet's Work)

ਮਾਨਸਿਕ ਰੋਗਾਂ ਦੇ ਵਿਗਿਆਨ ਵਿਚ ਫਰਾਂਸ ਦੇ ਇਕ ਹੋਰ ਚਿਕਿਸਤਕ ਜੇਨੇ (Janet, 1859–1947) ਦੇ ਵਿਘਟਨ ਦੇ ਸਿਧਾਂਤ ਦਾ ਬਹੁਤ ਮਹੱਤਵਪੂਰਨ ਯੋਗਦਾਨ ਹੈ। ਜੇਨੇ ਅਨੁਸਾਰ ਵਿਘਟਨ ਹੋਣ ਨਾਲ ਮਨ ਕਈ ਵੱਖ ਵੱਖ ਸੁਤੰਤਰ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। ਇਹਨਾਂ ਵੱਖ ਹੋਏ ਭਿੰਨ-ਭਿੰਨ ਭਾਗਾਂ ਤੋਂ ਹਿਸਟੀਰੀਆ ਵਰਗੇ ਮਾਨਸਿਕ ਰੋਗਾਂ ਦਾ ਤਾਂ ਪਤਾ ਲਗਦਾ ਹੀ ਹੈ, ਸਗੋਂ ਜੀਵਨ ਦੀਆਂ ਮਾਨਸਿਕ ਕ੍ਰਿਆਵਾਂ ਬਾਰੇ ਵੀ ਜਾਣਿਆ ਗਿਆ। ਇਹਨਾਂ ਵੱਖ ਵੱਖ ਭਾਵਾਂ ਵਿਚ ਚੇਤਨ ਮਨ ਤੋਂ ਇਲਾਵਾ ਉਸ ਨੇ ਕੁਝ ਹੋਰ ਪੱਧਰਾਂ ਬਾਰੇ ਵੀ ਦੱਸਿਆ। ਜੇਨੇ ਦਾ ਇਸ਼ਾਰਾ ਅਸਿੱਧੇ ਰੂਪ ਵਿਚ ਅਚੇਤ ਮਨ ਵਲ ਸੀ। ਉਸ ਨੇ ਇਸ ਪੱਧਰ ਨੂੰ ਅਚੇਤ ਮਨ ਦਾ ਨਾਮ ਤਾਂ ਨਹੀਂ ਦਿੱਤਾ, ਪਰ ਇਸ ਦੇ ਵਿਚਾਰਾਂ ਤੋਂ ਅਚੇਤ ਮਨ ਬਾਰੇ ਸੋਚਿਆ ਜਾਣ ਲੱਗਾ। ਵਿਘਟਨ ਦੇ ਸਿਧਾਂਤ ਦੁਆਰਾ ਮਾਨਸਿਕ ਰੋਗਾਂ ਨੂੰ ਸਮਝਣ ਵਿਚ ਸਹਾਇਤਾ ਮਿਲੀ ਪਰ ਇਕ ਪ੍ਰਸ਼ਨ ਪੈਦਾ ਹੋਇਆ ਕਿ ਵਿਘਟਨ ਹੋਣ ਦਾ ਕਾਰਣ ਕੀ ਹੈ? ਭਾਵ ਉਹ ਕਿਹੜੀਆਂ ਮਾਨਸਿਕ ਪ੍ਰਕ੍ਰਿਆਵਾਂ ਹਨ ਜੋ ਸਾਡੇ ਮਨ ਨੂੰ ਵੱਖ-ਵੱਖ ਤਰੀਕੇ ਨਾਲ ਕੰਮ ਕਰਨ ਲਈ ਪ੍ਰੇਰਦੀਆਂ ਹਨ। ਫ੍ਰਾਇਡ (Freud) ਅਤੇ ਉਸ ਦੇ ਸਾਥੀਆਂ ਨੇ ਇਸ ਪ੍ਰਸ਼ਨ ਦਾ ਉਤਰ ਲੱਭਣ ਦੇ ਯਤਨ ਸ਼ੁਰੂ ਕੀਤੇ।

1.2.2.4 ਮਨੋ ਵਿਸ਼ਲੇਸ਼ਣ ਅਤੇ ਉਸਦੀਆਂ ਸਾਖਾਵਾਂ (Psychoanalysis and its branches)

1.2.2.4.1 ਜੋਸਫ ਬਰੁਅਰ (Josef Breuer)

ਵਿਆਨਾ ਦਾ ਜੋਸਫ ਬਰੁਅਰ (Josef Breuer) (1842–1925) ਸੰਨ 1880 ਵਿਚ ਜਦੋਂ ਹਿਸਟੀਰੀਏ ਦੇ ਇਕ ਮਰੀਜ਼ ਦਾ ਅਧਿਐਨ ਕਰ ਰਿਹਾ ਸੀ, ਤਾਂ ਉਹ ਇਸ ਨਤੀਜੇ ਤੇ ਪਹੁੰਚਿਆ ਕਿ ਉਸ ਦੇ ਰੋਗ ਦੇ ਲੱਛਣਾਂ ਦਾ ਕਾਰਨ ਉਸ ਦੀਆਂ ਭੁੱਲੀਆਂ ਹੋਈਆਂ ਯਾਦਾਂ ਸਨ। ਇਹਨਾਂ ਭੁੱਲੀਆਂ ਹੋਈਆਂ ਯਾਦਾਂ ਨੂੰ ਦੁਬਾਰਾ ਯਾਦ ਕਰਵਾਉਣ ਨਾਲ ਰੋਗ ਠੀਕ ਹੋ ਗਿਆ ਹੈ। ਸਿਗਮੰਡ ਫ੍ਰਾਇਡ, ਜੋ ਕਿ ਇਕ ਨਾੜੀ ਵਿਗਿਆਨੀ ਸੀ, ਨੇ ਵੀ ਬਰੁਅਰ ਦਾ ਸਾਥ ਦਿੱਤਾ। ਬਰੁਅਰ ਨਾਲ ਖੋਜ ਕਰਦਿਆਂ ਫ੍ਰਾਇਡ ਵੀ ਹਿਸਟੀਰੀਆ ਵਿਚ ਦਿਲਚਸਪੀ ਲੈਣ ਲਗ ਪਿਆ। ਹਿਸਟੀਰੀਆ ਬਾਰੇ ਹੋਰ ਅਧਿਐਨ ਕਰਨ ਲਈ ਉਹ ਸ਼ਾਰਕੋ ਕੋਲ ਪੈਰਿਸ ਚਲਾ ਗਿਆ, ਸ਼ਾਰਕੋ ਹਿਸਟੀਰੀਆ ਠੀਕ ਰਕਨ ਲਈ ਹਿਪਨਾਸਿਸ ਦੇ ਢੰਗ ਦੀ ਵਰਤੋਂ ਕਰਦਾ ਸੀ। ਸ਼ਾਰਕੋ ਦੇ ਇਸ ਢੰਗ ਨੂੰ ਦੇਖ ਕੇ ਫ੍ਰਾਇਡ ਨੂੰ ਯਕੀਨ ਹੋ ਗਿਆ ਕਿ ਕੁਝ ਮਾਨਸਿਕ ਕ੍ਰਿਆਵਾਂ ਵਿਅਕਤੀ ਦੇ ਅਚੇਤ ਮਨ ਵਿਚ ਛੁਪੀਆਂ ਰਹਿੰਦੀਆਂ ਹਨ ਜੋ ਕਿਸੇ ਨਾ ਕਿਸੇ ਰੂਪ ਵਿਚ ਬਾਹਰ ਆ ਜਾਂਦੀਆਂ ਹਨ। ਬਰੁਅਰ ਹਿਪਨਾਸਿਸ ਦੀ ਥਾਂ ਇਕ ਨਵੇ ਢੰਗ ਦੀ ਹੀ ਵਰਤੋਂ ਕਰ ਰਿਹਾ ਸੀ। ਉਹ ਹਿਪਨਾਸਿਸ ਵਿਚ ਰੋਗੀ ਨੂੰ ਆਪਣੇ ਆਪ ਹੀ ਆਪਣੀ ਸਮਸਿਆਵਾਂ ਬਾਰੇ ਦੱਸਣ ਲਈ ਕਹਿੰਦਾ ਸੀ। ਰੋਗੀ ਇਸ ਤਰ੍ਹਾਂ ਆਪਣੀਆਂ ਸਮਸਿਆਵਾਂ ਬਾਰੇ ਖੁੱਲ੍ਹੀ ਤਰ੍ਹਾਂ ਗੱਲਬਾਤ ਕਰਦਾ ਸੀ। ਹਿਪਨਾਸਿਸ ਤੋ ਜਾਗਣ ਤੋ ਬਾਅਦ ਰੋਗੀ ਕਾਫੀ ਅਰਾਮ ਮਹਿਸੂਸ ਕਰਦਾ ਸੀ। ਇਸ ਤਰੀਕੇ ਨਾਲ ਵਿਅਕਤੀ ਆਪਣੇ ਮਨ ਦੀ ਪਰੇਸ਼ਾਨੀ ਦੂਰ ਕਰ ਲੈਂਦਾ ਸੀ ਅਤੇ ਉਸ ਦੇ ਰੋਗ ਦੇ ਕਾਰਨਾਂ ਦਾ ਵੀ ਪਤਾ ਲਗ ਜਾਂਦਾ ਸੀ। ਆਪਣੀਆਂ ਸਮਸਿਆਵਾਂ ਅਤੇ ਸੰਵੇਗਾਂ ਦੇ ਪ੍ਰਗਟ ਕਰਨ ਦੇ ਇਸ ਢੰਗ ਨੂੰ ਭਾਵ-ਵਿਵੇਚਨ (Catharsis) ਦਾ ਨਾਮ ਦਿਤਾ ਗਿਆ। ਇਸ ਤਰ੍ਹਾਂ ਅਚੇਤ ਮਨ ਦੀ ਖੋਜ ਹੋਈ।

1.2.2.4.2 ਫ੍ਰਾਇਡ (Freud)

ਫ੍ਰਾਇਡ (Freud) (1856–1939)ਨੇ ਹਿਪਨਾਸਿਸ ਦੀ ਜਗ੍ਹਾ ਨਵੇ ਢੰਗ ਮੁਕਤ-ਸਹਿਚਾਰਤਾ (Free Association) ਦੀ ਵਰਤੋਂ ਕੀਤੀ। ਮੁਕਤ-ਸਹਿਚਾਰਤਾ ਵਿਚ ਵਿਅਕਤੀ ਨੂੰ ਉਤਸ਼ਾਹ ਦਿਤਾ ਜਾਂਦਾ ਹੈ ਤਾਂ ਕਿ ਉਹ ਆਪਣੇ ਮਨ ਦੀਆਂ ਭਾਵਨਾਵਾਂ ਅਤੇ ਸਮੱਸਿਆਵਾਂ ਨੂੰ ਖੁਲ੍ਹੇ ਰੂਪ ਵਿਚ ਪ੍ਰਗਟ ਕਰ ਸਕੇ। ਇਸ ਉਤਸ਼ਾਹ ਨਾਲ ਹੀ ਵਿਅਕਤੀ ਆਪਣੀਆਂ ਸਮੱਸਿਆਵਾਂ ਬਾਰੇ ਦੱਸਣ ਲੱਗ ਜਾਂਦਾ ਸੀ। ਰੋਗੀ ਜੋ ਕੁਝ ਵੀ ਆਪਣੇ ਬਾਰੇ ਦੱਸਦਾ ਸੀ, ਉਸ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਲਈ ਅਤੇ ਉਸ ਦੇ ਸਮਾਯੋਜਨ ਨੂੰ ਯੋਗ ਬਨਾਉਣ ਦੇ ਢੰਗਾਂ ਲਈ ਵਰਤੇ ਗਏ ਸਿਧਾਂਤਾਂ ਨੂੰ 'ਮਨੋਵਿਸ਼ਲੇਸ਼ਣ' ਦੇ ਨਾਮ ਨਾਲ ਜਾਣਿਆ ਗਿਆ। ਇਸ ਤੋਂ ਇਲਾਵਾ ਫ੍ਰਾਇਡ ਨੇ 'ਸੁਪਨ ਵਿਸ਼ਲੇਸ਼ਣ' (Dream Analysis) ਦੀ ਵੀ ਤਕਨੀਕ ਬਣਾਈ ਜਿਸ ਦੇ ਦੁਆਰਾ ਵਿਅਕਤੀ ਦੇ ਅਚੇਤ ਮਨ ਬਾਰੇ ਜਾਣਿਆ ਜਾ ਸਕਦਾ ਹੈ। ਫ੍ਰਾਇਡ ਇਸ ਸਿੱਟੇ ਤੇ ਪਹੁੰਚਿਆ ਕਿ ਵਿਅਕਤੀ ਦਾ ਵਿਵਹਾਰ ਉਸ ਦੀਆਂ ਅਚੇਤ ਮਾਨਸਿਕ ਕ੍ਰਿਆਵਾਂ ਤੋਂ ਪੈਦਾ ਹੁੰਦਾ ਹੈ। ਵਿਅਕਤੀ ਦੇ ਬਚਪਨ ਦੇ ਅਨੁਭਵ ਉਸ ਦੇ ਸਮਾਯੋਜਨ ਜਾਂ ਅਸਮਾਯੋਜਨ ਵਿਚ ਸਹਾਈ ਹੁੰਦੇ ਹਨ ਅਤੇ ਕਾਮਿਕ ਤਰੁੱਟੀਆਂ ਦੀ ਵੀ ਮਾਨਸਿਕ ਰੋਗਾਂ ਵਿਚ ਬਹੁਤ ਮਹੱਤਤਾ ਹੈ। ਜੋ ਕਾਮ ਰੁਚੀਆਂ ਤ੍ਰਿਪਤ ਨਹੀਂ ਹੁੰਦੀਆਂ ਉਹ ਅਚੇਤ ਮਨ ਵਿਚ ਚਲੀਆਂ ਜਾਂਦੀਆਂ ਹਨ। ਫਿਰ ਇਹ ਅਸੰਤੁਸ਼ਟ ਰੁਚੀਆਂ ਅਚੇਤ ਮਨ ਵਿਚੋ ਮਨ ਵਿਚ ਆਉਣ ਲਈ ਜ਼ੋਰ ਲਗਾਉਂਦੀਆਂ ਰਹਿੰਦੀਆਂ ਹਨ ਪਰੰਤੂ ਵਿਅਕਤੀ ਦੇ ਮਨ ਦਾ ਇਕ ਹਿੱਸਾ ਇਹਨਾਂ ਨੂੰ ਪ੍ਰਗਟ ਹੋਣ ਤੋਂ ਰੋਕਦਾ ਰਹਿੰਦਾ ਹੈ ਪਰੰਤੂ ਫਿਰ ਇਹ ਸਿੱਧੇ ਜਾਂ ਅਸਿਧੇ ਰੂਪ ਵਿਚ ਵੱਖ-ਵੱਖ ਲੱਛਣਾਂ ਰਾਹੀਂ ਪ੍ਰਗਟ ਹੁੰਦੀਆਂ ਹਨ।

ਫ੍ਰਾਇਡ ਨੇ ਅਸਾਧਾਰਨ ਮਾਨਸਿਕ ਕ੍ਰਿਆਵਾਂ ਨੂੰ ਸਾਧਾਰਨ ਮਾਨਸਿਕ ਕ੍ਰਿਆਵਾਂ ਦਾ ਹੀ ਵਿਸਤ੍ਰਤਵ ਰੂਪ ਦੱਸਿਆ। ਰੋਗੀ ਇਹਨਾਂ ਅਸਾਧਾਰਨ ਮਾਨਸਿਕ ਕ੍ਰਿਆਵਾਂ ਦੇ ਲੱਛਣਾਂ ਰਾਹੀਂ ਆਪਣੀਆਂ ਸਮੱਸਿਆਵਾਂ ਸੁਲਝਾਉਣ ਦੇ ਯਤਨ ਕਰਦਾ ਹੈ। ਫ੍ਰਾਇਡ ਨੇ ਵਿਅਕਤੀਤਵ ਦੇ ਵਿਕਾਸ ਵਿਚ ਸਰੀਰਕ, ਮਨੋਵਿਗਿਆਨਕ ਅਤੇ ਸਮਾਜਿਕ ਕਾਰਨਾਂ ਦੀ ਮਹੱਤਤਾ ਤੇ ਜ਼ੋਰ ਦਿਤਾ। ਫ੍ਰਾਇਡ ਦੇ ਕੰਮ ਨੂੰ ਮਹੱਤਤਾ ਮਿਲੀ ਅਤੇ ਉਸ ਦੇ ਬਹੁਤ ਸਾਰੇ ਸਾਥੀਆਂ ਨੇ ਉਸ ਨਾਲ ਮਿਲ ਕੇ ਕੰਮ ਕਰਨਾ ਸ਼ੁਰੂ ਕਰ ਦਿਤਾ। ਪਰ ਫ੍ਰਾਇਡ ਦੇ ਕੰਮ ਦੀ ਅਲੋਚਨਾ ਵੀ ਹੋਈ ਕਿਉਂਕਿ ਉਸ ਨੇ ਕਾਮ-ਰੁਚੀਆਂ ਦੀ ਮਹੱਤਤਾ ਤੇ ਬਹੁਤ ਜ਼ੋਰ ਦਿਤਾ, ਇਸ ਕਰਕੇ ਲੋਕ ਉਸਦੇ ਵਿਰੁੱਧ ਹੋ ਗਏ। ਇਸ ਦੇ ਬਾਵਜੂਦ ਵੀ ਮਨੋਵਿਗਿਆਨ ਦੇ ਖੇਤਰ ਵਿਚ ਸਭ ਤੋਂ ਵੱਧ ਪ੍ਰਭਾਵ ਫ੍ਰਾਇਡ ਦਾ ਹੀ ਪਿਆ। ਯੁੰਗ (Jung) ਅਤੇ ਐਡਲਰ (Adler) ਨੇ ਫ੍ਰਾਇਡ ਦਾ ਸਾਥ ਦਿਤਾ ਪਰ ਕੁਝ ਦੇਰ ਬਾਅਦ ਉਹ ਆਪਣੇ ਵੱਖਰੇ ਸਿਧਾਂਤਾਂ ਕਰਕੇਫ੍ਰਾਇਡ ਤੋਂ ਵੱਖ ਹੋ ਗਏ।

1.2.2.4.3 ਸੀ.ਜੀ.ਯੁੰਗ (C.G.Jung)

ਯੁੰਗ 1911 ਵਿਚ ਫ੍ਰਾਇਡ ਤੋ ਵੱਖ ਹੋ ਗਿਆ। ਯੁੰਗ ਅਨੁਸਾਰ ਫ੍ਰਾਇਡ ਨੇ ਮਾਨਸਿਕ ਰੋਗਾਂ ਦੇ ਕਾਰਣਾਂ ਵਿਚੋਂ ਕਾਮ ਕਾਰਣਾਂ ਤੇ ਜ਼ਿਆਦਾ ਜ਼ੋਰ ਦਿੱਤਾ ਸੀ। ਯੁੰਗ ਦਾ ਵਿਅਕਤੀਤਵ ਦਾ ਸਿਧਾਂਤ ਫ੍ਰਾਇਡ ਦੇ ਸਿਧਾਂਤ ਤੋ ਬਿਲਕੁਲ ਭਿੰਨ ਸੀ। ਯੁੰਗ ਨੇ ਤਿੰਨ ਮੁੱਖ ਸੰਕਲਪ ਦਿੱਤੇ-ਸਮੂਹਿਕ ਅਚੇਤਨ ਮਨ, ਆਂਤਰਿਕ ਆਤਮਾ ਅਤੇ ਵਿਅਕਤੀਤਵ ਦੀਆਂ ਮਨੋਵਿਗਿਆਨਕ ਪ੍ਰਕਾਰਾਂ। ਉਸ ਅਨੁਸਾਰ ਅਚੇਤਨ ਮਨ ਵਿਅਕਤੀਗਤ ਹੁੰਦਾ ਹੈ ਜਿਸ ਵਿਚ ਅਜਿਹੇ ਅਨੁਭਵ ਹੁੰਦੇ ਹਨ ਜੋ ਕਿਸੇ ਸਮੇ ਤਾਂ ਸੁਚੇਤ ਹੁੰਦੇ ਹਨ ਪਰ ਸਮਾਂ ਗੁਜ਼ਰਨ ਨਾਲ ਅਚੇਤ ਮਨ ਵਿਚ ਚਲੇ ਜਾਂਦੇ ਹਨ। ਯੁੰਗ ਨੇ ਵਿਅਕਤੀ ਦੇ ਇਕ ਸਮੂਹਿਕ ਮਨ ਬਾਰੇ ਵੀ ਦੱਸਿਆ ਜਿਸ ਵਿਚ ਮਨੁੱਖ ਦੀਆਂ ਹਜ਼ਾਰਾਂ ਸਾਲਾਂ ਦੀਆਂ ਪੁਰਾਣੀਆਂ ਵਿਅਕਤੀਗਤ ਯਾਦਾਂ ਜਮ੍ਹਾਂ ਹੁੰਦੀਆਂ ਹਨ।

ਯੁੰਗ ਦੀ ਸਭ ਤੋ ਵੱਡੀ ਸਫਲਤਾ ਵਿਅਕਤੀਤਵ ਦੀ ਅੰਤਰਮੁਖੀ ਅਤੇ ਬਾਹਰਮੁਖੀ ਕਿਸਮ ਵਿਚ ਅੰਤਰ ਹੈ। ਵਿਅਕਤੀ ਦੇ ਸਫਲ ਸਮਾਯੋਜਨ ਲਈ ਅਤੇ ਸਮਾਯੋਜਨ ਸੰਬੰਧੀ ਆਉਣ ਵਾਲੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਵਿਅਕਤੀਤਵ ਕਿਸਮ ਦੀ ਮਦਦ ਲਈ ਜਾ ਸਕਦੀ ਹੈ।

ਆਂਤਰਿਕ ਆਤਮਾ ਬਾਰੇ ਯੁੰਗ ਦਾ ਵਿਚਾਰ ਹੈ ਕਿ ਵਿਅਕਤੀ ਦੇ ਅਚੇਤ ਮਨ ਦੀਆਂ ਯਾਦਾਂ ਕਿਸੇ ਨਾ ਕਿਸੇ ਰੂਪ ਵਿਚ ਬਾਹਰ ਪ੍ਰਗਟ ਹੋਣੀਆਂ ਚਾਹੁੰਦੀਆਂ ਹਨ ਅਤੇ ਜਦੋ ਇਹ ਯਾਦਾਂ ਸੁਪਨਿਆਂ ਜਾਂ ਕਿਸੇ ਹੋਰ ਰੂਪ ਵਿਚ ਸੁਚੇਤ ਮਨ ਵਿਚ ਆ ਜਾਂਦੀਆਂ ਹਨ, ਤਾਂ ਵਿਅਕਤੀ ਦਾ ਵਿਅਕਤੀਤਵ ਸੰਪੂਰਨ ਹੋ ਜਾਂਦਾ ਹੈ। ਅਚੇਤ ਮਨ ਅਤੇ ਸੁਚੇਤ ਮਨ ਵਿਚ ਸੰਬੰਧ ਖਤਮ ਹੋਣ ਨਾਲ ਇਹ ਵਿਚਾਰ ਡਰ, ਭਰਮ ਆਦਿ ਦੇ ਰੂਪ ਵਿਚ ਸੁਚੇਤ ਮਨ ਵਿਚ ਆ ਜਾਂਦੇ ਹਨ।

1.2.2.4.4 ਐਲਫਰਡ ਐਡਲਰ (Alfred Adler) :

ਐਲਫਰਡ ਅਨੁਸਾਰ ਮਨੁੱਖ ਇਕ ਸਮਾਜਿਕ ਜੀਵ ਹੈ ਅਤੇ ਉਹ ਸਮੂਹ ਵਿਚ ਹੀ ਰਹਿਣਾ ਪਸੰਦ ਕਰਦਾ ਹੈ। ਹਰ ਵਿਅਕਤੀ ਦਾ ਆਪਣੇ ਜੀਵਨ ਦਾ ਢੰਗ ਅਲੱਗ ਹੁੰਦਾ ਹੈ ਉਸਦਾ ਵਿਅਕਤੀਤਵ ਦੂਸਰਿਆਂ ਤੋ ਨਿਵੇਕਲਾ ਹੁੰਦਾ ਹੈ। ਵਿਅਕਤੀ ਦੇ ਇਸ ਵਿਸ਼ੇਸ਼ ਢੰਗ ਤੋ ਹੀ ਉਸ ਦੇ ਵਿਵਹਾਰ ਮੂਲ ਪ੍ਰੇਰਨਾਵਾਂ ਅਤੇ ਮੁੱਲਾਂ ਦਾ ਪਤਾ ਲਗਦਾ ਹੈ। ਇਸ ਕਰਕੇ ਹੀ ਐਡਲਰ ਦੇ ਸਿਧਾਂਤ ਨੂੰ ਵਿਅਕਤੀਗਤ ਮਨੋਵਿਗਿਆਨ (Individual Psychology) ਦਾ ਨਾਮ ਦਿੱਤਾ ਗਿਆ। ਐਡਲਰ ਨੇ ਮਨੁੱਖੀ ਸੁਭਾਅ ਸੰਬੰਧੀ ਇਕ ਮਨੁੱਖ-ਸਨੇਹੀ ਸਿਧਾਂਤ ਬਣਾਇਆ ਜਿਸ ਵਿਚ ਵਿਅਕਤੀ ਦੀਆਂ ਸਮਾਜਿਕ ਰੁਚੀਆਂ ਨੂੰ ਮਹੱਤਤਾ ਦਿੱਤੀ ਗਈ ਅਤੇ ਇਹ ਸਿਧਾਂਤ ਫ੍ਰਾਇਡ ਦੇ ਸਿਧਾਂਤ ਤੋ ਬਿਲਕੁਲ ਭਿੰਨ ਸੀ। ਐਡਲਰ ਅਨੁਸਾਰ ਵਿਅਕਤੀ ਨੂੰ ਆਪਣੇ ਵਿਚ ਕਿਸੇ ਪ੍ਰਕਾਰ ਦੀ ਕਮੀ ਮਹਿਸੂਸ ਹੋਣ ਨਾਲ ਹੀਣਤਾ ਦੀ ਭਾਵਨਾ ਆ ਜਾਂਦੀ ਹੈ। ਅਜਿਹੀਆਂ ਅਸਫਲਤਾਂ ਦੀਆਂ ਭਾਵਨਾਵਾਂ ਉਸ ਨੂੰ ਹੋਰ ਚੰਗਾ ਕੰਮ ਤੇ ਸਫਲਤਾ ਪ੍ਰਾਪਤ ਕਰਨ ਲਈ ਪ੍ਰੇਰਨਾ ਦਿੰਦੀਆਂ ਹਨ। ਜਦੋ ਇਹ ਭਾਵਨਾਵਾਂ ਲਗਾਤਾਰ ਤੇ ਕਾਫੀ ਲੰਬੇ ਸਮੇ ਤੱਕ ਅਨੁਭਵ ਹੁੰਦੀਆਂ ਰਹਿੰਦੀਆਂ ਹਨ ਤਾਂ ਇਹ ਹੀਣ ਭਾਵਨਾ ਧਾਰਨ ਕਰਕੇ ਅਯੋਗ ਵਿਵਹਾਰ ਕਰਨ ਲੱਗ ਜਾਂਦੀਆਂ ਹਨ। ਇਸ ਹੀਣਤਾ ਦੀ ਭਾਵਨਾ ਨੂੰ ਦੂਰ ਕਰਨ ਲਈ ਤੇ ਆਪਣੇ ਆਪ ਨੂੰ ਸਫਲ ਵਿਅਕਤੀ ਦਰਸਾਉਣ ਲਈ ਉਸਨੇ ਆਪਣੀ ਹੀ ਮਹੱਤਤਾ ਤੇ ਜ਼ੋਰ ਦਿਤਾ।

1.2.2.4.5. ਪ੍ਰਯੋਗਿਕ ਮਨ ਸੰਤਾਪ (Experimental Neurosis) :

ਮਨੋਵਿਗਿਆਨਕ ਵਿਚਾਰਧਾਰਾ ਦੇ ਵਿਕਾਸ ਵਿਚ ਰੂਸੀ ਸਰੀਰ ਵਿਗਿਆਨੀ ਪੈਵਲਵ (Ivan Pavlov, 1849–1936) ਦਾ ਮਹੱਤਵਪੂਰਨ ਯੋਗਦਾਨ ਹੈ। ਪੈਵਲਵ ਨੇ ਕੁੱਤਿਆਂ, ਬਿੱਲੀਆਂ ਤੇ ਸੂਰਾਂ ਤੇ ਵੀ ਪ੍ਰਯੋਗ ਕੀਤੇ। ਕੁੱਤਿਆਂ ਵਿਚ ਲਾਰ ਗਲੈਂਡ ਤੇ ਪ੍ਰਯੋਗ ਕਰਦੇ ਹੋਏ ਪੈਵਲਵ ਨੇ ਅਨੁਕੂਲਿਤ ਪ੍ਰਤਿਵਰਤ ਦਾ ਸੰਕਲਪ ਦੇਖਿਆ। ਇਸ ਖੋਜ ਲਈ ਉਸ ਨੇ ਕੁੱਤੇ ਨੂੰ ਇਕ ਗੋਲਾਕਾਰ ਅਤੇ ਅੰਡਾਕਾਰ ਸ਼ਕਲ ਵਿਚ ਭੇਦ ਕਰਨਾ ਸਿਖਾਇਆ। ਪੈਵਲਵ ਨੇ ਦੇਖਿਆ ਕਿ ਕੁੱਤਾ ਇਸ ਭੇਦ ਦੇ ਬਹੁਤ ਹੀ ਬਾਰੀਕ ਅੰਤਰਾਂ ਦੀ ਪਛਾਣ ਨਹੀਂ ਸੀ ਕਰ ਸਕਦਾ। ਕਿਉਂਕਿ ਅਜਿਹੀ ਸਥਿਤੀ ਵਿਚ ਕੁੱਤੇ ਤੇ ਅੰਤਰ ਕਰਨ ਦਾ ਦਬਾਓ ਪੈਂਦਾ ਸੀ ਜਿਸ ਕਾਰਣ ਕੁੱਤਾ ਆਕ੍ਰਮਣਕਾਰੀ ਹੋ ਜਾਂਦਾ ਸੀ। ਕੁੱਤੇ ਦੇ ਵਿਵਹਾਰ ਦਾ ਇਹ ਪਰਿਵਰਤਨ ਮਨ-ਸੰਤਾਪੀ ਰੋਗਾਂ ਅਨੁਸਾਰ ਸੀ। ਹੋਰ ਜਾਨਵਰਾਂ ਤੇ ਕੀਤੇ ਗਏ ਪ੍ਰਯੋਗਾਂ ਤੋਂ ਵੀ ਇਹੀ ਸਿੱਟਾ ਨਿਕਲਿਆ। ਪੈਵਲਵ ਨੇ ਇਹਨਾਂ ਸਾਰੀਆਂ ਖੋਜਾਂ ਤੋਂ ਇਹ ਸਿੱਟਾ ਕੱਢਿਆਕਿ ਵਿਅਕਤੀ ਦਾ ਅਸਾਧਾਰਨ ਵਿਵਹਾਰ ਜੀਵਨ ਵਿਚ ਪ੍ਰਤਿਬਲ ਵਾਲੀਆਂ ਸਥਿਤੀਆਂ ਤੋਂ ਵੀ ਪੈਦਾ ਹੋ ਸਕਦਾ ਹੈ, ਅਤੇ ਇਹਨਾਂ ਸਥਿਤੀਆਂ ਕਾਰਨ ਉਹ ਅਸਾਧਾਰਨ ਪ੍ਰਤਿਕ੍ਰਿਆਵਾਂ ਕਰਦੇ ਹਨ। ਮਨੁੱਖ ਵਿਚ ਭਾਸ਼ਾ ਦੇ ਤੱਤ ਨੂੰ ਵੇਖਦੇ ਹੋਏ ਪੈਵਲਵ ਨੇ ਦੋ ਪ੍ਰਕਾਰ ਦੀਆਂ ਪ੍ਰਤਿਕ੍ਰਿਆਵਾਂ ਵਾਲੇ ਵਿਅਕਤੀ ਮੰਨੇ :-

(1) **ਕਲਾਕਾਰ :** ਅਜਿਹੇ ਵਿਅਕਤੀ ਬਾਹਰੀ ਉਤੇਜਨਾਵਾਂ ਪ੍ਰਤੀ ਸੰਵੇਦਨਸ਼ੀਲ ਹੁੰਦੇ ਹਨ ਅਤੇ ਇਸ ਪ੍ਰਕਾਰ ਦੇ ਵਿਅਕਤੀ ਨੂੰ ਹਿਸਟੀਰੀਆ ਤੇ ਉਨਮਾਦ ਉਦਾਸ ਪ੍ਰਤਿਕ੍ਰਿਆ ਦੇ ਮਾਨਸਿਕ ਰੋਗ ਹੋ ਸਕਦੇ ਹਨ।

(2) ਚਿੰਤਕ : ਅਜਿਹੇ ਵਿਅਕਤੀ ਚੁੱਪ ਰਹਿਣ, ਸ਼ਾਂਤ ਸੁਭਾਅ ਤੇ ਸੋਚ ਵਿਚਾਰ ਕਰਨ ਵਾਲੇ ਹੁੰਦੇ ਹਨ ਅਤੇ ਅਜਿਹੇ ਵਿਅਕਤੀ ਸਕੀਜ਼ੋਫਰੀਨੀਆਂ ਤੇ ਬੰਧਨਕਾਰੀ ਮਨੋਗ੍ਰਸਤਤਾ ਰੋਗਾਂ ਦਾ ਸ਼ਿਕਾਰ ਹੋ ਸਕਦੇ ਹਨ।

ਪੈਵਲਵ (Pavlov) ਦੀ ਅਨੁਕੂਲਿਤ ਪ੍ਰਤਿਵਰਤ ਦੀ ਤਕਨੀਕ ਬਹੁਤ ਸਾਰੇ ਪ੍ਰਯੋਗਾਂ ਦੀ ਅਤੇ ਖਾਸ ਕਰਕੇ ਅਪਸਮਾਯਜਨ ਸੰਬੰਧੀ ਮਹੱਤਤਾ ਦਾ ਆਧਾਰ ਬਣੀ। ਅਮਰੀਕਾ ਦੇ ਮਨੋਵਿਗਿਆਨੀ ਵਾਟਸਨ ਨੇ ਪੈਵਲਵ ਦੇ ਸਿਧਾਂਤ ਨੂੰ ਮਨੁੱਖੀ ਵਿਵਹਾਰ ਦੇ ਅਧਿਐਨ ਦਾ ਆਧਾਰ ਬਣਾਇਆ। ਉਸ ਨੇ ਸਿੱਟਾ ਕੱਢਿਆ ਕਿ ਹਰ ਪ੍ਰਕਾਰ ਦੇ ਤਰਕਹੀਨ ਡਰ, ਛਲਾਵੇ ਤੇ ਭਰਮ ਆਦਿ ਅਨੁਕੂਲਿਤ ਪ੍ਰਤਿਵਰਤ ਦੇ ਸਿਧਾਂਤ ਰਾਹੀਂ ਹੀ ਸਿੱਖੇ ਜਾਂਦੇ ਹਨ। ਇਸ ਲਈ ਮਨੋਵਿਗਿਆਨੀ ਇਸ ਨਤੀਜੇ ਤੇ ਪਹੁੰਚੇ ਕਿ ਹੋ ਸਕਦਾ ਹੈ ਦੂਸਰੇ ਪ੍ਰਕਾਰ ਦੇ ਅਸਾਧਾਰਨ ਵਿਵਹਾਰ ਵੀ ਇਸ ਅਨੁਕੂਲਿਤ ਪ੍ਰਵਿਰਤੀ ਦੁਆਰਾ ਹੀ ਸਿੱਖੇ ਜਾਂਦੇ ਹਨ।

1.2.3 ਸਮਾਜ ਵਿਗਿਆਨ ਵਿਚਾਰਧਾਰਾ ਦਾ ਵਿਕਾਸ (Development of School of Social Science)

ਵੀਹਵੀਂ ਸਦੀ ਦੇ ਸ਼ੁਰੂ ਵਿਚ ਸਮਾਜ ਵਿਗਿਆਨ ਨੂੰ ਇਕ ਅੱਲਗ ਵਿਗਿਆਨ ਸਮਝਿਆ ਜਾਣ ਲੱਗਾ ਕਿਉਂਕਿ ਵਿਅਕਤੀ ਦੀ ਸ਼ਖਸ਼ੀਅਤ ਦਾ ਵਿਕਾਸ ਸਮਾਜ ਵਿਚ ਰਹਿ ਕੇ ਆਪਣੇ ਆਲੇ-ਦੁਆਲੇ ਦੇ ਲੋਕਾਂ ਦੁਆਰਾ ਸਮਾਜਿਕ ਸੰਸਥਾਵਾਂ, ਰਵਾਇਤਾਂ, ਮੁੱਲਾਂ ਅਤੇ ਵਿਚਾਰਾਂ ਆਦਿ ਰਾਹੀਂ ਹੁੰਦਾ ਹੈ। ਵਿਅਕਤੀ ਦਾ ਵਿਅਕਤੀਤਵ ਪੂਰਨ ਰੂਪ ਵਿਚ ਸਮਾਜ ਅਤੇ ਪਰਿਵਾਰ ਉਤੇ ਨਿਰਭਰ ਕਰਦਾ ਹੈ। ਸਮਾਜ ਵਿਚ ਰਹਿੰਦੇ ਹੋਏ ਵਿਅਕਤੀ ਨੂੰ ਕਈਂ ਅਜਿਹੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਸ ਲਈ ਪ੍ਰਤਿਬਲ ਪੈਦਾ ਕਰਦੀਆਂ ਹਨ। ਇਸ ਪ੍ਰਤਿਬਲ ਕਾਰਨ ਵਿਅਕਤੀ ਦੇ ਵਿਵਹਾਰ ਵਿਚ ਅਸਾਧਾਰਨਤਾ ਆ ਜਾਂਦੀ ਹੈ। ਇਸ ਕਰਕੇ ਸਮਾਜਿਕ ਤੇ ਸਭਿਅਕ ਤੱਤਾਂ ਦਾ ਮਾਨਸਿਕ ਰੋਗਾਂ ਨਾਲ ਗਹਿਰਾ ਸੰਬੰਧ ਸਮਝਿਆ ਜਾਣ ਲੱਗਾ। ਸਮਾਜ-ਵਿਗਿਆਨ ਵਿਚ ਹੋਈਆਂ ਇਹਨਾਂ ਖੋਜਾਂ ਦਾ ਮਨੋ-ਰੋਗ ਵਿਗਿਆਨ ਤੇ ਵੀ ਪ੍ਰਭਾਵ ਪੈਣ ਲੱਗਾ।

1.2.4 ਹੋਲਿਸਟਿਕ ਵਿਚਾਰਧਾਰਾ (The Holistic View-point) :

ਅੰਤ ਵਿਚ ਇਹ ਸਿੱਟਾ ਨਿਕਲਿਆ ਕਿ ਅਸਾਧਾਰਨ ਵਿਵਹਾਰ ਜਾਂ ਮਾਨਸਿਕ ਰੋਗ ਕਿਸੇ ਇਕ ਕਾਰਨ ਤੋਂ ਨਹੀਂ ਉਪਜਦੇ, ਸਗੋਂ ਜੈਵਿਕ, ਮਨੋਵਿਗਿਆਨਕ ਅਤੇ ਸਮਾਜਿਕ ਕਾਰਨਾਂ ਦੇ ਮਿਸ਼ਰਣ ਕਰਕੇ ਪੈਦਾ ਹੁੰਦੇ ਹਨ। ਇਹਨਾਂ ਵਿਚਾਰਧਾਰਾਵਾਂ ਵਿਚ ਖੋਜਾਂ ਕਾਰਣ ਹੀ ਮਾਨਸਿਕ ਰੋਗਾਂ ਵਿਚ ਇਹਨਾਂ ਦੀ ਮਹੱਤਤਾ ਨੂੰ ਸਮਝਿਆ ਗਿਆ। ਕਈਂ ਵਾਰ ਜੈਵਿਕ ਤਰੁੱਟੀ ਇਕੋ ਸਮਾਨ ਹੋਣ ਦੇ ਬਾਵਜੂਦ ਵੀ ਕਈ ਮਾਨਸਿਕ ਰੋਗੀ ਪ੍ਰਸੰਨ ਤੇ ਕਈ ਗੰਭੀਰ ਰਹਿੰਦੇ ਹਨ। ਇਹ ਵੀ ਦੇਖਿਆ ਗਿਆ ਕਿ ਕਈ ਰੋਗੀ ਦਿਮਾਗ ਵਿਚ ਹਲਕੀ ਜਿਹੀ ਸੱਟ ਲੱਗਣ ਕਾਰਣ ਹੀ ਅਤਿ ਅਸਾਧਾਰਣ ਹੋ ਜਾਂਦੇ ਹਨ ਤੇ ਕਈਆਂ ਵਿਚ ਸਾਧਾਰਨ ਜਿਹੇ ਹੀ ਲੱਛਣ ਪੈਦਾ ਹੁੰਦੇ ਹਨ। ਅਜਿਹੀਆਂ ਸਭ ਖੋਜਾਂ ਤੇ ਮਨੋਵਿਗਿਆਨੀਆਂ ਨੂੰ ਵਿਸ਼ਵਾਸ ਹੋ ਗਿਆ ਕਿ ਰੋਗਾਂ ਦੇ ਲੱਛਣਾਂ ਦੇ ਸਰੂਪ ਨੂੰ ਸਮਝਣ ਲਈ ਮਨੋਵਿਗਿਆਨ ਪ੍ਰਤਿਕ੍ਰਿਆਵਾਂ ਨੂੰ ਸਮਝਣਾ ਜ਼ਰੂਰੀ ਹੈ ਕਿਉਂਕਿ ਕਈ ਵਾਰ ਮਾਨਸਿਕ ਰੋਗ ਦਾ ਕਾਰਨ ਸਿਰਫ ਮਨੋਵਿਗਿਆਨਕ ਹੀ ਹੁੰਦਾ ਹੈ ਪਰ ਇਹਨਾਂ ਦਾ ਇਲਾਜ ਸਰੀਰਕ ਤੌਰ ਤੇ ਜਿਵੇਂ ਬਿਜਲੀ ਦਾਸ਼ਾਕ ਦੇ ਕੇ ਵੀ ਕੀਤਾ ਜਾ ਸਕਦਾ ਹੈ।ਇਸ ਤਰ੍ਹਾਂ ਇਹ ਸਮਝਿਆ ਗਿਆ ਕਿ ਮਾਨਸਿਕ ਰੋਗਾਂ ਵਿਚ ਮਨੋਵਿਗਿਆਨਕ, ਸਮਾਜਿਕਅਤੇ ਸਰੀਰਕ ਕਾਰਨਾਂ ਦਾ ਵੱਖ-ਵੱਖ ਮਹੱਤਵ ਹੈ। ਕਈ ਮਾਨਸਿਕ ਰੋਗ ਜਿਨ੍ਹਾਂ ਵਿਚ ਮਨੋਵਿਗਿਆਨਕ ਕਾਰਨਾਂ ਨੂੰ ਮਹੱਤਵਪੂਰਨ ਸਮਝਿਆ ਜਾਂਦਾ ਸੀ, ਉਹ ਜੈਵਿਕ ਕਾਰਨਾਂ ਤੋਂ ਵੀ ਪੈਦਾ ਹੋ ਸਕਦੇ ਹਨ। ਹਰ ਮਾਨਸਿਕ ਰੋਗੀ ਨੂੰ ਸਮਝਣ ਲਈ ਉਸਦੇ ਸੰਬੰਧਿਤ ਜੈਵਿਕ, ਮਨੋਵਿਗਿਆਨਕ ਅਤੇ ਸਮਾਜਿਕ ਕਾਰਣਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਵਿਅਕਤੀ ਦਾ ਹਰ ਵਿਕਾਰ ਇਕ ਸਮੁੱਚੇ ਵਿਅਕਤੀ ਦਾ ਵਿਕਾਰ ਹੁੰਦਾ ਹੈ। ਹੋਲਿਸਟਿਕ

ਵਿਚਾਰਧਾਰਾ ਦੇ ਮਹੱਤਵ ਨੂੰ ਸਮਝਣ ਤੋਂ ਬਾਅਦ ਵੀ ਮਨੋਵਿਗਿਆਨੀਆਂ ਵਿੱਚ ਕੁਝ ਮੱਤ-ਭੇਦ ਚਲਦੇ ਰਹੇ।

1.2.5 ਆਧੁਨਿਕ ਵਿਕਾਸ ਅਤੇ ਵਿਚਾਰਧਾਰਾਵਾਂ (Modern Developments and View-points)

ਮਾਨਸਿਕ ਰੋਗਾਂ ਦੇ ਸਾਰੇ ਕਾਰਣਾਂ ਜੈਵਿਕ, ਮਨੋਵਿਗਿਆਨਕ ਅਤੇ ਸਮਾਜਿਕ ਸਾਰੇ ਹੀ ਖੇਤਰਾਂ ਵਿਚ ਵਿਕਾਸ ਹੋ ਰਿਹਾ ਹੈ। ਮਨੋਵਿਗਿਆਨਕ ਖੇਤਰ ਵਿੱਚ ਮਨੁੱਖੀ ਵਿਵਹਾਰ ਦੇ ਸਰੂਪ ਵਿਚ ਸਮਝਣ ਵਿਚ ਬਹੁਤ ਉੱਨਤੀ ਹੋਈ ਹੈ। ਵਿਅਕਤੀ ਦੇ ਵਿਵਹਾਰ ਵਿਚ ਚੰਗੇ ਅਤੇ ਤਰਕਸ਼ੀਲ ਲੱਛਣ ਵੀ ਦੇਖੇ ਜਾਣ ਲੱਗੇ ਕਿਉਂਕਿ ਪਹਿਲਾਂ ਸਿਰਫ ਤਰਕਹੀਨ ਤੇ ਅਯੋਗ ਲੱਛਣਾਂ ਨੂੰ ਹੀ ਸਮਝਿਆ ਜਾਂਦਾ ਸੀ। ਵਿਅਕਤੀ ਦੀ ਸ਼ਖਸੀਅਤ ਦੇ ਸਮੁੱਚੇ ਵਿਕਾਸ ਵਿੱਚ ਉਸ ਦੀਆਂ ਪ੍ਰੇਰਨਾਵਾਂ ਸੰਬੰਧੀ, ਸਿੱਖਣ ਦੀ ਪ੍ਰਕ੍ਰਿਆ ਸੰਬੰਧੀ ਗਿਆਨ ਵਿੱਚ ਵਾਧਾ ਹੋਇਆ। ਮਾਨਸਿਕ ਰੋਗਾਂ ਨੂੰ ਸਮਝਣ ਲਈ ਮਾਨਸਿਕ ਪ੍ਰਤੀਕ੍ਰਿਆਵਾਂ ਤੇ ਅਪਸਮਾਯੋਜਿਤ ਪ੍ਰਕ੍ਰਿਆਵਾਂ ਰਾਹੀਂ ਕਾਫੀ ਸਹਾਇਤਾ ਮਿਲੀ। ਜੈਵਿਕ ਖੇਤਰ ਵਿਚ ਵਿਅਕਤੀ ਨੂੰ ਸ਼ਾਂਤ ਕਰਨ ਵਾਲੀਆਂ ਦਵਾਈਆਂ ਨੂੰ ਮਹੱਤਤਾ ਮਿਲੀ। ਅਜਿਹੀਆਂ ਦਵਾਈਆਂ ਦੀ ਵਰਤੋ ਨਾਲ ਇਹ ਫਾਇਦਾ ਹੋਇਆ ਕਿ ਰੋਗੀ ਨੂੰ ਹਸਪਤਾਲ ਵਿਚ ਦਾਖਲ ਕਰਵਾਏ ਬਿਨਾਂ ਘਰ ਵਿੱਚ ਰਹਿ ਕੇ ਠੀਕ ਕੀਤਾ ਜਾ ਸਕਦਾ ਹੈ ਤੇ ਰੋਗ ਦੀ ਤੀਬਰਤਾ ਨੂੰ ਵੀ ਘਟਾਇਆ ਜਾ ਸਕਦਾ ਹੈ।

ਸਮਾਜਿਕ ਕਾਰਨਾਂ ਰਾਹੀਂ ਪ੍ਰਤਿਬਲ ਤੇ ਮਾਨਸਿਕ ਰੋਗਾਂ ਵਿਚ ਸੰਬੰਧ ਜਾਨਣ ਤੋਂ ਬਾਅਦ ਅਯੋਗ ਸਮਾਜਿਕ ਕਾਰਨਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਅਨੁਕੂਲਿਤ ਪ੍ਰਤਿਵਰਤ ਦੀ ਚਿਕਿਤਸਾ ਵਰਤ ਕੇ ਵੀ ਅਪਸਮਾਯੋਜਿਤ ਪ੍ਰਤਿਕ੍ਰਿਆਵਾਂ ਨੂੰ ਠੀਕ ਕਰਨ ਦੇ ਯਤਨ ਕੀਤੇ ਗਏ। ਇਸ ਪ੍ਰਕਾਰ ਦੀਆਂ ਪ੍ਰਗਤੀਆਂ ਕਾਰਣ ਜੈਵਿਕ, ਮਨੋਵਿਗਿਆਨਕ, ਤੇ ਸਮਾਜਿਕ ਕਾਰਨਾਂ ਵਿੱਚ ਆਪਸੀ ਸੰਬੰਧ ਹੋਣ ਕਾਰਨ ਮਨੋ-ਰੋਗ ਵਿਗਿਆਨੀ, ਸਮਾਜ ਸੇਵਕ ਅਤੇ ਹੋਰ ਸੰਬੰਧਤ ਵਿਅਕਤੀ ਰਲ-ਮਿਲ ਕੇ ਕੰਮ ਕਰਨ ਲੱਗ ਪਏ ਤਾ ਕਿ ਲਾਭਵੰਦ ਸਿੱਟੇ ਤੇ ਪਹੁੰਚਿਆ ਜਾ ਸਕੇ।

ਆਧੁਨਿਕ ਵਿਕਾਸ ਤੇ ਵਿਚਾਰਧਾਰਵਾਂ ਦੀ ਪ੍ਰਗਤੀ ਹੋਣ ਦੇ ਬਾਵਜੂਦ ਵੀ ਮਨੋਵਿਗਿਆਨਕਾਂ ਵਿਚ ਕਾਫ਼ੀ ਮਤ-ਭੇਦ ਹਨ। ਮਾਨਸਿਕ ਰੋਗਾਂ ਨਾਲ ਸੰਬੰਧਿਤ ਕਈ ਸਮੱਸਿਆਵਾਂ ਨੂੰ ਅਜੇ ਤੱਕ ਵੀ ਸੁਲਝਾਇਆ ਨਹੀਂ ਜਾ ਸਕਿਆ ਅਤੇ ਚਿਕਿਤਸਾ ਦੇ ਢੰਗ ਵੀ ਆਪਣੇ ਆਪ ਵਿੱਚ ਮੁਕੰਮਲ ਨਹੀਂ ਹਨ। ਰੋਗੀ ਨੂੰ ਸ਼ਾਂਤ ਕਰਨ ਲਈ ਜੋ ਦਵਾਈਆਂ ਜਾਂ ਬਿਜਲੀ ਦੇ ਝਟਕੇ ਦਿੱਤੇ ਜਾਂਦੇ ਹਨ ਉਨ੍ਹਾਂ ਨਾਲ ਰੋਗਾਂ ਨੂੰ ਕੁਝ ਦੇਰ ਲਈ ਹਟਾਇਆ ਤਾਂ ਜਾ ਸਕਦਾ ਹੈ ਪਰ ਲੱਛਣਾਂ ਨੂੰ ਬਿਲਕੁਲ ਖਤਮ ਨਹੀਂ ਕੀਤਾ ਜਾ ਸਕਦਾ। ਵੱਖ-ਵੱਖ ਵਿਚਾਰਧਾਰਾਵਾਂ ਹੋਣ ਕਾਰਨ ਸੰਘਰਸ਼ ਪੈਦਾ ਹੁੰਦਾ ਰਿਹਾ ਅਤੇ ਇਸ ਸੰਘਰਸ਼ ਦਾ ਨਤੀਜਾ ਉਸਾਰੂ ਹੋਣ ਦੀ ਬਜਾਏ ਵਿਨਾਸ਼ਕਾਰੀ ਹੀ ਰਿਹਾ ਹੈ। ਮਤ-ਭੇਦ ਹੋਣ ਦੇ ਬਾਵਜੂਦ ਵੀ ਮਨੋਵਿਗਿਆਨੀ ਕੁਝ ਗੱਲਾਂ ਤੇ ਸਹਿਮਤ ਹਨ। ਮਾਨਸਿਕ ਰੋਗਾਂ ਦੀ ਰੋਕ-ਥਾਮ ਤੇ ਉਨ੍ਹਾਂ ਦੇ ਇਲਾਜ ਲਈ ਹੋਲਿਸਟਿਕ ਵਿਚਾਰਧਾਰਾ ਨੂੰ ਮੰਨਿਆ ਗਿਆ। ਸਾਧਾਰਨ ਅਤੇ ਅਸਾਧਾਰਨ ਵਿਵਹਾਰ ਦੇ ਮੂਲ ਸਿਧਾਂਤ ਬਰਾਬਰ ਹਨ। ਮਾਨਸਿਕ ਰੋਗਾਂ ਦੀ ਚਿਕਿਤਸਾ ਲਈ ਮਨੋ-ਰੋਗ ਵਿਗਿਆਨੀ, ਨਿਦਾਨਿਕ ਮਨੋਵਿਗਿਆਨੀ, ਸਮਾਜਿਕ ਕਾਰਜ-ਕਰਤਾ ਅਤੇ ਸੰਬੰਧਿਤ ਵਿਅਕਤੀ ਪਰਸਪਰ ਸਹਿਯੋਗ ਨਾਲ ਕੰਮ ਕਰਨ ਤੇ ਸਹਿਮਤ ਹੋ ਗਏ। ਅਸਾਧਾਰਨ ਵਿਹਾਰ ਨੂੰ ਸ਼ੁਰੂ ਵਿੱਚ ਹੀ ਸਮਝ ਕੇ ਉਸਦੀ ਰੋਕਥਾਮ ਲਈ ਉਪਾਅ ਕਰਨ ਅਤੇ ਜਨਤਾਂ ਨੂੰ ਇਸ ਸੰਬੰਧੀ ਜਾਗਰੂਪ ਕਰਨ ਤੇ ਸਹਿਮਤੀ ਪ੍ਰਗਟ ਕੀਤੀ ਗਈ। ਮਾਨਸਿਕ ਰੋਗਾਂ ਦਾਕਾਰਨ ਸਿਰਫ ਮਨੁੱਖੀ ਹੋਣ ਦੀ ਬਜਾਏ ਸਮਾਜਿਕ ਰੋਗ ਨੂੰ ਵੀ ਸਵੀਕਾਰ ਕੀਤਾ ਗਿਆ। ਵੱਖ-ਵੱਖ ਵਿਚਾਰਧਾਰਾਵਾਂ ਵਿੱਚ ਇਕਰੂਪਤਾ ਲਿਆਉਣਾ ਅਤੇ ਨਿਦਾਨਿਕ ਮਨੋਵਿਗਿਆਨ, ਨਵੀਆਂ ਖੋਜਾਂ ਅਤੇ ਆਧੁਨਿਕ ਮਨੋ-ਰੋਗ ਵਿਗਿਆਨ ਵਿੱਚ ਸੰਬੰਧ ਸਥਾਪਿਤ ਕਰਨ ਦੀ ਜ਼ਰੂਰਤ ਹੈ।

1.2.6 ਸੰਖੇਪ ਸਾਰ

ਅਸਾਧਾਰਣ ਵਿਵਹਾਰ ਦੀ ਵਿਆਖਿਆ ਹਿਪੋਕ੍ਰੇਟਸ ਨੇ ਸਭ ਤੋ ਪਹਿਲਾ ਕੀਤੀ ਪਰ ਮੱਧ ਕਾਲ ਦੇ ਦੌਰਾਨ ਵੀ ਇਸ ਦਾ ਕਾਰਨ ਭੂਤਸ਼ਪ੍ਰੇਤਾਂ ਦਾ ਅਸਰ ਮੰਨਿਆ ਜਾਂਦਾ ਸੀ। 19ਵੀ ਸਦੀ ਦੇ ਸ਼ੁਰੂ ਵਿਚ ਮਾਨਸਿਕ ਰੋਗ ਦੇ ਦੇਹ ਜਨਿਤ ਕਾਰਨ ਨੂੰ ਲੱਭਣ ਦੇ ਯਤਨ ਸ਼ੁਰੂ ਹੋਏ। 19ਵੀ ਸਦੀ ਦੇ ਅੰਤ ਤੋ ਅਸਾਧਾਰਣਤਾਂ ਦੇ ਮਨੋਵਿਗਿਆਨਿਕ ਦਿਸ੍ਰਟੀਕੋਣ ਉੱਪਰ ਕੰਮ ਹੋਣਾ ਸ਼ੁਰੂ ਹੋਇਆ ਜਿਸ ਵਿਚ Charcot, Breuer ਤੋ ਬਾਦ Freud, Jung & Adler ਨੇ ਅਸਾਧਾਰਣਤਾ ਦੀ ਮਨੋਵਿਸ਼ਲੇਸ਼ਣ ਵਿਆਖਿਆ ਦਿੱਤੀ ਤੇ ਇਲਾਜ ਕਰਨ ਦੀ ਕੋਸ਼ਿਸ਼ ਕੀਤੀ। ਆਧੁਨਿਕ ਸਮੇ ਵਿਚ ਸਾਰੇ ਕਾਰਣਾਂ, ਜੈਵਿਕ, ਮਨੋਵਿਗਿਆਨ ਅਤੇ ਸਮਾਜਿਕ ਸਾਰੇ ਹੀ ਖੇਤਰਾਂ ਵਿਚ ਅਧਿਐਨ ਕੀਤਾ ਜਾ ਰਿਹਾ ਹੈ ਤਾਂ ਜੋ ਮਨੁੱਖੀ ਵਿਵਹਾਰ ਦੇ ਸਰੂਪ ਨੂੰ ਸਹੀ ਢੰਗ ਨਾਲ ਸਮਝਿਆ ਜਾ ਸਕੇ।

ਅਭਿਆਸ

ਪ੍ਰਸ਼ਨ 1 ਅਸਾਧਾਰਣ ਮਨੋਵਿਗਿਆਨ ਦੇ ਇਤਿਹਾਸਕ ਪਿਛੋਕੜ ਬਾਰੇ ਸੰਖੇਪ ਵਿਚ ਲਿਖੋ।

ਪ੍ਰਸ਼ਨ 2 ਮਨੋ ਵਿਸ਼ਲੇਸ਼ਣ ਅਤੇ ਉਸਦੀਆਂ ਸ਼ਾਖਾਵਾਂ ਬਾਰੇ ਜਾਣਕਾਰੀ ਦਿਉ।

1.2.7 ਸ਼ਬਦਾਵਲੀ

1. ਹੀਯੂਮਰ:

ਹਿਪੋਕ੍ਰੇਟਸ (460-377 ਬੀ.ਸੀ.ਈ) ਨੇ ਸੰਕੇਤ ਦਿੱਤਾ ਕਿ ਜਦੋਂ ਸਰੀਰ ਦੇ ਜ਼ਰੂਰੀ ਤਰਲ ਅਸੰਤੁਲਿਤ ਹੋ ਜਾਂਦੇ ਹਨ, ਤਾਂ ਸਰੀਰ ਅਤੇ ਮਨ ਬੀਮਾਰ ਹੋ ਜਾਂਦੇ ਹਨ. ਇਹ ਤਰਲ ਕਾਲਾ ਪਿਤ, ਪੀਲਾ ਪਿਤ, ਬਲਗਮ ਅਤੇ ਖ਼ੂਨ ਹਨ. ਬਹੁਤ ਜ਼ਿਆਦਾ ਬਲਗਮ ਇੱਕ ਵਿਅਕਤੀ ਨੂੰ ਥੱਕਾਉਂਦਾ ਹੈ, ਬਹੁਤ ਜ਼ਿਆਦਾ ਕਾਲਾ ਪਿਤ ਇੱਕ ਵਿਅਕਤੀ ਨੂੰ ਉਦਾਸ ਕਰ ਦਿੰਦਾ ਹੈ, ਬਹੁਤ ਜ਼ਿਆਦਾ ਪੀਲਾ ਪਿਤ ਇੱਕ ਵਿਅਕਤੀ ਨੂੰ ਚਿੜਚਿੜਾ ਬਣਾਉਂਦਾ ਹੈ, ਅਤੇ ਬਹੁਤ ਜ਼ਿਆਦਾ ਖ਼ੂਨ ਇੱਕ ਵਿਅਕਤੀ ਨੂੰ ਆਸ਼ਾਵਾਦੀ, ਖੁਸ਼ ਅਤੇ ਆਤਮਵਿਸ਼ਵਾਸ ਬਣਾਉਂਦਾ ਹੈ.

2. ਮਨੋਵਿਗਿਆਨਕ ਅਸਧਾਰਨਤਾ:

ਅੰਕੜਿਆਂ ਅਨੁਸਾਰ ਨਿਰਧਾਰਤ ਆਦਰਸ਼, ਜਿਵੇਂ ਕਿ 100 ਦੀ ਆਬਾਦੀ Iਸਤ ਆਈ ਕਿ I, ਤੋਂ ਵੱਖਰੇਪਨ ਨੂੰ ਮਨੋਵਿਗਿਆਨਕ ਕਮੀ ਵਜੋਂ ਜਾਣਿਆ ਜਾਂਦਾ ਹੈ. ਇਸ ਦ੍ਰਿਸ਼ਟੀਕੋਣ ਵਿੱਚ, 70-75 ਤੋਂ ਘੱਟ ਦਾ ਆਈਕਿਯੂ ਸਕੋਰ ਇਹ ਸੰਕੇਤ ਕਰ ਸਕਦਾ ਹੈ ਕਿ ਕਿਸੇ ਨੂੰ ਸਿੱਖਣ ਦੀ ਸਮੱਸਿਆ ਹੈ ਅਤੇ ਉਸਨੂੰ ਜ਼ਿੰਦਗੀ ਦੇ ਨਾਲ ਕੰਮ ਕਰਨ ਵਿੱਚ ਮੁਸ਼ਕਲ ਆਵੇਗੀ.

1.2.8 ਹਵਾਲਾ ਪੁਸਤਕਾਂ

1.	Abnormal Psychology and Modern Life	:	Carson & Butcher
2.	Abnormal Psychology	:	Davison and Neale
3.	ਅਸਾਧਾਰਣ ਮਨੋਵਿਗਿਆਨ	:	ਡਾ. ਆਗਿਆਜੀਤ ਸਿੰਘ
4.	ਅਸਾਧਾਰਣ ਮਨੋਵਿਗਿਆਨ	:	ਡਾ. ਬਲਵੰਤ ਬੀ. ਕੁਮਾਰ

ਪਾਠ ਨੰ : 1.3 ਲੇਖਕ : ਡਾ. ਮੁਹੰਮੱਦ ਇਰਫਾਨ ਫਾਰੂਕੀ

ਡੀ. ਐਸ. ਐਮ. — ਵਰਗੀਕਰਣ
(DSM – CLASSIFICATION)

ਪਾਠ ਸੰਰਚਨਾ

1.3.0 ਉਦੇਸ਼
1.3.1 ਭੂਮਿਕਾ
1.3.2 DSM III-R (The Disagnostic and Statistical Manual of The Amrican Psychiatiric Association) ਦਾ ਸੰਖੇਪ ਵਿਚ ਵਰਣਨ
1.3.3 DSM IV ਦਾ ਵਰਣਨ
- **1.3.3.1 Axis I**
- **1.3.3.2 Axis II**
- **1.3.3.3 Axis III**
- **1.3.3.4 Axis IV**
- **1.3.3.5 Axis V**

1.3.4 International classsification of Disease (ICD)
1.3.5 ਸੰਖੇਪ ਸਾਰ
1.3.6 ਹਵਾਲਾ ਪੁਸਤਕਾਂ

1.3.0 ਉਦੇਸ਼

ਕਿਸੇ ਵੀ ਮਨੋਵਿਗਿਆਨਕ ਵਿਕਾਰ ਦੇ ਇਲਾਜ ਲਈ ਉਸ ਵਿਕਾਰ ਦਾ ਸਹੀ ਤਰ੍ਹਾਂ ਨਾਲ Diagnose ਹੋਣਾ ਬਹੁਤ ਜ਼ਰੂਰੀ ਹੈ। ਇਸ ਮੰਤਵ ਲਈ American Psychiatric Association ਨੇ ਇਕ ਵਰਗੀਕਰਨ ਤਿਆਰ ਕੀਤਾ ਜਿਸ ਨੂੰ Diagnostic & Statistical Manual of Mental Disorders ਦਾ ਨਾਮ ਦਿੱਤਾ ਗਿਆ। ਇਸ ਪਾਠ ਦਾ ਮੰਤਵ ਇਸ DSM IV ਅਤੇ ICD ਬਾਰੇ ਜਾਣਕਾਰੀ ਦੇਣਾ ਹੈ ਤਾਂ ਜੋ ਮਨੋਵਿਗਿਆਨਕ ਵਿਕਾਰਾਂ ਦਾ ਸਹੀ ਢੰਗ ਨਾਲ ਵਰਗੀਕਰਨ ਕੀਤਾ ਜਾ ਸਕੇ। ਇਸ ਵਿਚ DSM-IV ਦੇ ਅੰਤਰਗਤ ਆਉਦੀਆਂ ਵੱਖਸ਼ਵੱਖ ਸ਼੍ਰੇਣੀਆਂ ਅਤੇ ਉਨ੍ਹਾਂ ਨਾਲ ਸੰਬੰਧਿਤ ਮਾਨਸਿਕ ਰੋਗਾਂ ਬਾਰੇ ਦੱਸਿਆ ਜਾਵੇਗਾ। ਅਖੀਰ ਵਿਚ ICD, ਜੋ ਕਿ WHO ਦੁਆਰਾ ਪ੍ਰਤਿਪਾਦਤ ਇਕ ਹੋਰ ਵਰਗੀਕਰਣ ਹੈ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ।

1.3.1 ਭੂਮਿਕਾ

ਅਸਾਧਾਰਣ ਵਿਵਹਾਰ ਦਾ ਵਰਗੀਕਰਣ ਕਰਨਾ ਆਮ ਲੋਕਾਂ ਲਈ ਤਾਂ ਕਠਿਣ ਹੈ ਹੀ, ਪਰ ਇਹ ਮਨੋਵਿਗਿਆਨੀਆਂ ਲਈ ਵੀ ਕਠਿਨ ਹੈ। ਇਸ ਲਈ ਹਰ ਸਾਲ ਨਵਾਂ ਵਰਗੀਕਰਣ ਦੁਨੀਆਂ ਦੇ ਸਾਹਮਣੇ ਆ ਜਾਂਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕੀ ਜਦੋਂ ਤੱਕ ਸਾਡੇ ਸਾਹਮਣੇ ਅਸਾਧਾਰਣਤਾ ਦਾ ਸਰੂਪ, ਅਸਾਧਾਰਣਤਾ ਦੇ ਕਾਰਨ ਅਤੇ ਵਿਧੀ ਦਾ ਵਿਸਥਾਰ ਪੂਰਵਕ ਤੌਰ ਤੇ ਲਿਖਿਆ ਨਹੀਂ ਜਾਂਦਾ ਹੈ, ਉਦੋਂ ਤੱਕ ਵੀ ਅਸਾਰਧਰਣ ਵਿਵਹਾਰ ਦਾ ਠੀਕ ਇਲਾਂਜ ਨਹੀਂ ਹੋ ਸਕਦਾ। ਪਰ ਫਿਰ ਵੀ ਇਸ ਗੱਲ ਨੂੰ ਮੁੱਖ ਰੱਖਦੇ ਹੋਏ ਕਿ ਆਮ ਲੋਕਾਂ ਵਿਚੋਂ ਸਿਰਫ 10 ਪ੍ਰਤੀਸ਼ਤ ਲੋਕ ਹੀ ਸਧਾਰਣਤਾ ਤੋਂ ਮੁੜੇ ਹੋਏ ਹਨ। ਇਹ ਲੋਕੀ ਭਾਵਨਾਤਮਕ ਵਿਗਾੜ, ਸ਼ਖੀਸਅਤ ਦਾ ਵਿਖਰਾਪਣ, ਵਿਵਹਾਰ ਵਿਚ ਭਿਨ ਭਿਨ ਨੁਕਸ ਅਤੇ ਦੂਸਰੀਆਂ ਨਾਲ ਅਤੇ ਵਾਤਾਵਰਨ ਨਾਲ ਸਮੋਯੋਜਨ ਨਾਂ ਕਰਨ ਵਾਲੇ ਹੁੰਦੇ ਹਨ। ਇਹਨਾਂ ਲੋਕਾਂ ਨੂੰ ਆਮ ਤੌਰ ਤੇ ਅਸਾਧਾਰਣ ਵਿਵਹਾਰ ਵਾਲੇ ਕਿਹਾ ਜਾਂਦਾ ਹੈ ਅਤੇ ਇਹਨਾਂ ਦੇ ਵਿਵਹਾਰ ਨੂੰ ਵੱਖ ਵੱਖ ਕੈਟਾਗਰੀਆਂ ਵਿਚ ਵੰਡਿਆ ਹੈ। ਭਾਵ ਇਹ ਕੈਟਾਗਰੀਆਂ ਇਥੇ ਹੀ ਨਹੀਂ ਰੁਕਦੀਆਂ ਸਗੋਂ ਠੀਕ ਢੰਗ ਨਾਲ ਇਲਾਜ ਕਰਨ ਲਈ ਰੋਯਲ ਮੈਂਡੀਕੋ-ਸਾਈਕੋਲੋਜੀਕਲ ਐਸੋਸੀਏਸ਼ਨ ਦੀ ਸਟੈਟੀਸਟੀਕਲ ਕਮੇਟੀ (Statistical Committee of Royal Medico Psychological Association) ਨੇ ਵੀ ਇਕ ਵਰਗੀਕਰਣ ਸਿਸਟਮ ਪੇਸ਼ ਕੀਤਾ ਸੀ, ਜਿਸ ਦੀ ਇਸ ਦੇ ਮੈਂਬਰਾਂ ਨੇ ਵਰਤੋਂ ਨਹੀਂ ਕੀਤੀ ਸੀ। Emil Kraepelin ਨੇ 1883 ਵਿਚ ਅਧਾਰਣ ਵਿਵਹਾਰ ਦਾ ਇਕ ਅਧੁਨਿਕ ਵਰਗੀਕਰਣ ਸਿਸਟਮ ਪੇਸ਼ ਕੀਤਾ। ਉਸ ਨੇ ਹਜ਼ਾਰਾਂ ਕੇਸ ਪਾਗਲਖਾਨਿਆਂ ਵਿਚੋਂ ਅਤੇ ਹਸਪਤਾਲਾਂ ਚੋਂ ਇਕੱਠੇ ਕਰਕੇ ਅਧੁਨਿਕ ਕੀਤਾ ਤੇ ਭਿੰਨ ਭਿੰਨ Syndromes ਨੂੰ ਪਹਿਚਾਣੀਆਂ ਅਤੇ ਉਨ੍ਹਾਂ ਦੀ ਵਿਆਖਿਆ ਕੀਤੀ। (Kraepelin) ਨੇ ICD (International Classification of Diseases) ਦੇ ਇਕ ਮਨੋਵਿਗਿਆਨੀ ਹਿੱਸਾ ਦੀ ਬੁਨੀਆਦੀ ਰੱਖੀ। ਇਹ ਵਰਗੀਕਰਣ ਨੂੰ ਬਾਅਦ ਵਿਚ WHO (World Health Organisation) ਨੇ ਇਹ ਸਿਸਟਮ ਵਿਚ ਦੋਨੇ ਵਿਕਾਰਾਂ (ਮੈਡੀਕਲ ਅਤੇ ਮਨੋਵਿਗਿਆਨੀ ਵਿਕਾਰਾਂ) ਨੂੰ ਸ਼ਾਮਿਲ ਕੀਤਾ ਜਿਸ ਨੂੰ ਹੁਣੇ ਹੁਣੇ revision (ICD-10) ਵਿਚ ਦਰਸਾਇਆ ਹੈ।

Kraepelin ਦੇ DSM (Diagnostic and Statistical Manual of Mental Disorders) ਵਰਗੀਕਰਣ ਸਿਸਟਮ ਵਿਚ ਵੀ ਸ਼ਾਮਿਲ ਕੀਤਾ ਗਿਆ ਜੋ ਕਿ APA (American PsychiatricAssociation) ਨੇ ਵਿਕਸਿਤ ਕੀਤਾ ਸੀ। 19ਵੀਂ ਸਦੀ ਦੇ ਅੰਤ ਤੱਕ ਇਸ ਖੇਤਰ ਦੇ ਮਨੋਵਿਗਿਆਨੀਆਂ ਨੂੰ ਵਰਗੀਕਰਣ ਦੀ ਭਿੰਨਤਾ ਕਾਰਣ ਕਾਫੀ ਸਮੱਸਿਆ ਪੇਸ਼ ਆਈ 1889 ਵਿਚ ਪੈਰਿਸ ਵਿਚ ਮਾਨਸਿਕ ਵਿਗਿਆਨ ਦੀ ਕਾਂਗਰਸ The Congress of Mental Science ਨੇ ਇਸ ਵਰਗੀਕਰਣ ਸਿਸਟਮ ਨੂੰ ਅਪਣਾਇਆ ਪਰੰਤੂ ਫਿਰ ਵੀ ਵਿਆਪਕ ਰੂਪ ਵਿਚ ਇਸ ਦੀ ਵਰਤੋਂ ਨਹੀਂ ਹੋਈ। 1886 ਵਿਚ ਅਮਰੀਕਾ ਵਿਚ ਪਾਗਲਾਂ ਲਈ ਬਣਾਇਆਂ ਗਈਆਂ ਸੰਸਥਾਵਾਂ ਦੇ ਮੈਂਡੀਕਲ ਸੁਪਰਡੈਂਟ ਦੀ ਐਸੋਸੀਏਸ਼ਨ ਨੇ ਬ੍ਰਿਟਿਸ ਸਿਸਟਮ ਦੇ ਕੁਝ ਸੁਧਰੇ ਹੋਏ ਵਰਗੀਕਰਣ ਨੂੰ ਮੰਨਿਆ ਜਿਸ ਵਿਚ ਕਰੈਪਲਿਨ ਦੇ ਕੁਝ ਵਿਚਾਰਾਂ ਨੂੰ ਸ਼ਾਮਲ ਕੀਤਾ ਗਿਆ ਸੀ। ਪਰੰਤੂ ਫਿਰ ਵੀ ਇਸ ਵਿਚ ਸਥਿਰਤਾ ਨਹੀਂ ਆਈ।

1939 ਵਿਚ ਵਰਲਡ ਹੈਲਥ [(World Health Organisation (WHO)] ਨੇ ਮਾਨਸਿਕ ਵਿਕਾਰਾਂ ਨੂੰ ਮੌਤ ਦੇ ਕਾਰਣਾਂ ਦੀ ਅੰਤਰ ਰਾਸ਼ਟਰੀ ਲਿਸ਼ਟ (International List of Causes of Death) ਵਿੱਚ ਸ਼ਾਮਲ ਕਰ ਦਿੱਤਾ। 1948 ਵਿਚ WHO ਨੇ ਇਸ ਲਿਸਟ ਦਾ ਵਿਸਥਾਰ ਕੀਤਾ ਅਤੇ ਇਸ ਨੂੰ International Statistical Classification of Diseases, Injuries and Causes of Death' ਦਾ ਨਾਮ ਦਿੱਤਾ। ਇਹਨਾਂ ਸਾਰੀਆਂ

ਬੀਮਾਰੀਆਂ ਦੀ ਇਕ ਵਿਸ਼ਾਲ ਲਿਸਟ ਸੀ ਜਿਸ ਵਿਚ ਆਸਧਾਰਣ ਵਿਵਹਾਰ ਦਾ ਵਰਗੀਕਰਣ ਵੀ ਸ਼ਾਮਲ ਸੀ। ਭਾਵੇਂ ਇਹ ਪਰਿਭਾਸ਼ਿਕ ਸ਼ਬਦਾਵਲੀ ਨੂੰ WHO ਕਾਨਫਰੰਸ ਤੋਂ ਸਰਵਸੰਮਤੀ ਨਾਲ ਅਪਣਾਇਆ ਗਿਆ ਪਰੰਤੂ ਮਾਨਸਿਕ ਵਿਕਾਰਾਂ ਵਾਲੇ ਸੈਕਸ਼ਨ ਨੂੰ ਵਿਆਪਕ ਰੂਪ ਵਿਚ ਸਫਲਤਾ ਨਹੀਂ ਮਿਲੀ ਅਮਰੀਕਾ ਵਿਚ ਭਾਵੇਂ WHO ਲਿਸਟ ਬਨਾਉਣ ਵਿਚ ਅਮਰੀਕੀ ਮਨੋਰੋਗੀ ਵਿਗਿਆਨਕਾਂ ਦੀ ਵੀ ਕੋਸ਼ਿਸ਼ ਸੀ ਪਰੰਤੂ ਅਮਰੀਕਨ ਸਾਈਕੈਟਰਿਕ ਐਸੋਸੀਏਸ਼ਨ (American Psychiatric Association) ਨੇ 1952 ਵਿਚ Diagnostic and Statistical Manual (DSM-I) ਦੇ ਨਾਮ ਨਾਲ ਆਪਣਾ ਅਲੱਗ ਵਰਗੀਕਰਣ ਪੇਸ਼ ਕੀਤਾ 1986 ਵਿਚ WHO ਨੇ ਇਕ ਨਵਾਂ ਵਰਗੀਕਰਣ ਸਿਸਟਮ ਪ੍ਰਕਾਸ਼ਿਤ ਕੀਤਾ ਅਤੇ ਇਸ ਨੂੰ ਜ਼ਿਆਦਾ ਲੋਕਾਂ ਨੇ ਪ੍ਰਵਾਨ ਕੀਤਾ। ਅਮਰੀਕਨ ਸਾਇਕੈਟਰਿਕ ਐਸੋਸੀਏਸ਼ਨ ਦੇ DSM ਦਾ ਦੂਸਰਾ ਅਨੁਵਾਦ (DSM-II, 1968) ਵੀ WHO ਦੇ ਨਵੇਂ ਵਰਗੀਕਰਣ ਦੇ ਸਮਰੂਪ ਸੀ। 1980 ਵਿਚ ਅਮਰੀਕਨ ਸਾਈਕੈਟਰਿਕ ਐਸੋਸੀਏਸ਼ਨ ਨੇ ਇਸ ਵਰਗੀਕਰਣ ਨੂੰ ਵਿਆਪਕ ਰੂਪ ਵਿਚ ਸੋਧ ਕੇ DSM- III ਦੇ ਨਾਮ ਨਾਲ ਇਸ ਦਾ ਸੋਧਿਆ ਅਨੁਵਾਦ ਪ੍ਰਕਾਸ਼ਿਤ ਕੀਤਾ। ਇਸ ਤੋਂ ਬਾਅਦ ਇਸ ਵਿਚ ਕੁੱਝ ਮਾਮੂਲੀ ਸੁਧਾਰ ਹੋਰ ਕਰਕੇ DSM II-R 1987 ਵਿਚ ਪੇਸ਼ ਕੀਤਾ ਗਿਆ।

1.3.2 DSM III-R (The Disagnostic and Statistical Manual of The Amrican Psychiatiric Association) ਦਾ ਸੰਖੇਪ ਵਿਚ ਵਰਣਨ

DSM III-R (The Disagnostic and Statistical Manual of The Amrican Psychiatiric Association) ਨੂੰ ਸੰਖੇਪ ਵਿਚ ਵਰਣਨ ਕੀਤਾ ਜਾ ਰਿਹਾ ਹੈ। (DSM III -R ਵਿਅਕਤੀ ਦੇ ਵਿਵਹਾਰ ਦਾ ਪੰਜ ਡਾਈਮੈਨਸ਼ਨਜ ਦੇ ਅਨੁਸਾਰ ਮੁਲਅੰਕਣ ਕਰਦਾ ਹੈ। ਇਸ ਨੂੰ ਬਹੁਧਾਰੀ ਵਰਗੀਕਰਣ ਸਿਸਟਮ (Multiaxial Classification System) ਕਿਹਾ ਜਾਂਦਾ ਹੈ।

Axis I : ਸਭ ਤੋਂ ਪਹਿਲਾਂ ਬਾਲ-ਅਵਸਥਾ ਅਤੇ ਕਿਸ਼ੋਰ ਅਵਸਥਾ ਵਿਚ ਪ੍ਰਤੱਖ ਵਿਕਾਰ (Disorders Usually First Evident in Infancy, Childhood or Adolescence) : ਅੰਗਿਕ ਮਾਨਸਿਕ ਵਿਕਾਰ (organic Mental Disorders), ਸਕਿਜ਼ੋਫਰੀਨੀਆਂ (Schizophrenia), ਸਵੈ-ਭਰਮੀ ਵਿਕਾਰ (Delusional or Paranoid Disorder), ਮੂਡ ਵਿਕਾਰ (Mood Disorders), ਚਿੰਤਾ ਵਿਕਾਰ (Anxiety Disoder), ਦੇਹ-ਸੰਬੰਧੀ ਵਿਕਾਰ (Somatoform Disorders), ਸਰੀਰਕ ਅਵਸਥਾ ਨੂੰ ਪਰਭਾਵਤ ਕਰਨ ਵਾਲੇ ਮਨੋਵਿਗਿਆਨਕ ਕਾਰਣ (Psychological Factors Affecting Physical Condition)

Axis II : ਵਿਅਕਤੀ ਵਿਕਾਰ (Personality Disorders), ਸਵੈ-ਭਰਮੀ (Pranoid), ਅੰਤਰਮੁਖੀ (Schizoid), ਸਾਕਿਜੋਟਾਈਪਲ (Schizotypal), ਅੰਤਰ-ਪ੍ਰੇਮੀ (Narcissistic), ਸਮਾਜ ਵਿਰੋਧੀ (Antisocial), ਬਾਰਡਰ-ਲਾਈਨ (Border-line), ਪਰਜੇਜੀ (Avoidant), ਆਸ਼ਰਿਤ (Dependent), ਬੰਧਨਕਾਰੀ ਮਨੋਗ੍ਰਸਤ (Obsessive-Compulsive), ਅਕ੍ਰਿਆਸ਼ੀਲ-ਅਕ੍ਰਿਮਣਕਾਰੀ (Passive-Aggressive) ।

ਵਿਕਾਸਾਤਮਕ ਵਿਕਾਰ (Development Disorders) : ਵਿਦਿਅਕ ਕੁਸ਼ਲਤਾ ਵਿਕਾਰ (Academic Skill Disorders), ਭਾਸ਼ਾ ਤੇ ਵਾਕ ਵਿਕਾਰ (Language & Speech Disorders), ਮੰਦ-ਬੁਧੀ (Mental Retardation), ਵਿਕਾਸਾਤਮਕ ਵਿਕਾਰ (Prevasive Development disorders) ।

Axis III : ਸ਼ਰੀਰਕ ਵਿਕਾਰ ਅਤੇ ਅਵਸਥਾਵਾਂ (Physical Disorders & Conditions)

Axis IV : ਮਨੋ ਸਮਾਜਿਕ ਪ੍ਰਤਿਬਲ ਸਕੇਲ ਦੀ ਗੰਭੀਰਤਾ : ਬਾਲਗਾਂ ਲਈ (Severity of Psychosocial Stresses Scale : Adults)

Axis IV : ਮਨੋ-ਸਮਾਜਿਕ ਪ੍ਰਤਿਬਲ ਸਕੇਲ ਦੀ ਗੰਭੀਰਤਾ : ਬੱਚੇ ਅਤੇ ਕਿਸ਼ੋਰਾਂ ਲਈ (Severity of Psychosocial Stressors Scale : Children and Adolescent)

Axis V : Scale for Rating the Global Level of Functioning

ਹੇਠਾਂ ਦਿੱਤੀ ਸਾਰਣੀ ਵਿਚ DSM-III-R ਦੀ ਵਰਤੋਂ ਨਾਲ ਕੀਤੀ ਗਈ ਤਸ਼ਖੀਸ਼ ਨੂੰ ਇਕ ਉਦਾਹਰਣ ਵਿਚ ਦਿਖਾਇਆ ਗਿਆ ਹੈ।

Example of DSM-III-R Multiaxial Diagnosis

Axis I : ਸ਼ਰਾਬ ਪ੍ਰਾਧੀਨਤਾ (Alcohol Dependence)

Axis II : ਸਮਾਜ ਵਿਰੋਧੀ ਵਿਅਕਤਿੱਤਵ (Antisocial Personality)

Axis III : Cirrhosis (liver disease often caused by excessive alcohol use.)

Axis IV : ਮਨੋਸਮਾਜਿਕ ਪ੍ਰਤਿਬਲ : ਬੱਚੇ ਦੀ ਮੋਤ (Psychosocial Stressors : death of only child) Severity : 6 Catastrophic

Axis V : ਪਿਛਲੇ ਸਾਲਾਂ ਵਿਚ ਅਨੁਕੂਲਿਤ ਕ੍ਰਿਆ ਦਾ ਸਭ ਤੋਂ ਵੱਧ ਪੱਧਰ : 58 (Highest level of adaptive functioning past year : 58) ਵਰਤਮਾਨ : 42 (Current Fuctioning)

1.3.3 DSM IV ਦਾ ਵਰਣਨ

DSM IV ਦੀ ਲਿਸਟ ਵਿਚ 300 ਮਾਨਸਿਕ ਵਿਕਾਰਾਂ ਸ਼ਾਮਿਲ ਹਨ। ਹਰ ਵਿਕਾਰ ਦੀ ਕਲਿਨੀਕਲ ਵਿਸ਼ੇਸ਼ਤਾ ਅਤੇ ਉਸ ਨੂੰ ਪਹਿਚਾਨਣ ਦਾ ਕਿਰਟੇਰੀਆ ਦਾ ਵਿਸਥਾਰ ਨਾਲ ਮਿਲਦਾ ਹੈ। ਇਸ ਤੋਂ ਇਲਾਵਾ ਸੰਬੰਧਤ ਵਿਸ਼ੇਸ਼ਤਾਵਾਂ ਜਿਵੇਂ ਕਿ ਉਮਰ, ਸਭਿਅਤਾ, ਸੈਕਸ ਆਦਿ ਦੀ ਵੀ ਵਿਆਖਿਆ ਕੀਤੀ ਗਈ ਹੈ। DSM-IV ਪਹਿਲੇ DSM ਨਾਲੋਂ ਭਿੰਨ ਇਸ ਲਈ ਹੈ ਕਿ ਇਸ ਵਿਚ ਹਰ ਬਿਮਾਰੀ ਦੇ ਚਿੰਨ੍ਹਾਂ ਅਤੇ ਡਾਇਜ਼ ਫੰਕਸ਼ਨ ਆਦਿ ਬਹੁਤ ਵਿਸਥਾਰ ਅਤੇ Objective ਨਾਲ ਦੱਸੇ ਗਏ ਹਨ। ਜਦੋਂ Clinicians DSM IV ਨੂੰ ਬਿਮਾਰੀ ਪਹਿਚਾਨਣ ਲਈ ਪ੍ਰਯੋਗ ਕਰਦੇ ਹਨ ਤਾਂ ਉਹ ਕਲਾਇੰਟ ਦੀ ਹਾਲਤ ਨੂੰ 5 ਅਲੱਗ ਅਲੱਗ Axis ਜਾਂ ਬਰਾਂਚਾਂ ਦੀ ਸੂਚਨਾ ਨੂੰ ਨਰਿਖਣ ਕਰਦੇ ਹਨ। ਸਭ ਤੋਂ ਪਹਿਲਾਂ Clinicians ਨੇ ਇਹ ਫੈਸਲਾ ਲੈਣਾ ਹੁੰਦਾ ਹੈ ਕਿ ਮਰੀਜ਼ Axis-I ਦੇ ਇਕ ਜਾਂ ਜ਼ਿਆਦਾ ਵਿਕਾਰਾਂ ਨਾਲ ਉਲਝਿਆ ਹੋਇਆ ਹੈ ਇਹ ਵਿਸ਼ਾਲ ਲਿਸਟ ਫਲੋਰਿਡ ਕਲਿਨੀਕਲ ਸਿਨਡਰੋਮ ਜਿਹੜੇ ਕਿ Significant Impairment ਦਾ ਕਾਰਣ ਬਣਦੀ ਹੈ। ਕੁਝ ਇਹਨਾਂ ਵਿਚੋਂ ਆਪ ਬਿਮਾਰੀਆਂ ਜੋ ਲਿਸਟ Axis I ਵਿਚ ਹਨ ਉਹ ਚਿੰਤਾ ਵਿਕਾਰ Anxiety Disorders ਅਤੇ ਮੂਡ ਵਿਕਾਰ ਮੁੱਖ ਹਨ।

ਚਿੰਤਾ ਵਿਕਾਰ (Anxiety Disorders) :

ਇਹਨਾਂ ਵਿਕਾਰਾਂ ਦੇ ਸਮੂਹ ਵਿਚ ਇਕ ਪ੍ਰਮੁੱਖ ਚਿੰਤਾਂ ਘਬਰਾਹਟ ਹੈ। ਵਿਆਕੁਲਤਾ ਵਿਕਾਰ ਵਾਲੇ ਲੋਕ ਘਬਰਾਹਟ ਅਤੇ ਚਿੰਤਾ ਦੀ ਭਾਵਨਾ ਦਾ ਅਨੁਭਵ ਕਰਦੇ ਹਨ। (Generalized anxiety Disorder) ਡਰ. ਘਬਰਾਹਟ ਜਾਂ ਵਿਆਕੁਲਤਾ ਕੋਈ ਖਾਸ ਸੰਬੰਧੀ ਚੀਜ਼ਾਂ ਜਾਂ ਸਥਿਤੀ ਤੋਂ (Phobia) ਡਰ ਦਾ ਵੱਖਰਾ ਸਮਾਂ (Panic Disorder) ਵਾਰ ਵਾਰ ਕੰਮ ਨੂੰ ਕਰਨਾ ਅਤੇ

ਸੋਚਨਾ Obsessive Compulsive Disorder) & Acute Stress Disorder and Post Traumatic Stress Disorder।

ਮੂਡ ਵਿਕਾਰ (Mood Disorder) :

ਇਸ ਵਿਕਾਰਾਂ ਦੇ ਸਮੂਹ ਵਿਚ ਮੂਡ ਦੇ ਤੇ ਤੇਜ ਵਿਅਕੁਲਤਾ ਆਉਂਦੇ ਹਨ। ਇਹਨਾਂ ਵਿਚ ਮੇਜਰ ਡਿਪਰੈਸਿਵ ਡਿਸਔਰੜਰ ਅਤੇ Bipolar ਡਿਸਔਡਰ।

1.3.3.1 Axis I

Axis I : ਪਹਿਲਾ ਬਾਲ-ਅਵਸਥਾ ਅਤੇ ਕਿਸ਼ੋਰ ਅਵਸਥਾ ਵਿਚ ਤਸ਼ਖਿਸ਼ੀ (Disorders Usually First Diagnosed in infancy, Childhood or Adolescence) : Mental Retardation, Learning Disorder, Motor Skills Disorders, Pervasive Developmental Disorder, Communication Disorder, Attention-Deficit and Disruptive Behaviour Disorder, Feeling & Eating Disorder, Tic Disorder, Elimination Disorder, Separation Anxiety Disoder, Selective Mutism Disorder,

Dilirium, Dementia and Amnestic and Other Cognitive Disorder ,

ਮਾਨਸਿਕ ਵਿਕਾਰ Mental Disorder due to a General Medical Condition

ਨਸ਼ਾ ਪਦਾਰਥ ਸਬੰਧੀ ਵਿਕਾਰ Substance Related Disorder

ਮੂਡ ਵਿਕਾਰ Mood Disorders; Depressive Disorder, Bipolar Disorder

ਚਿੰਤਾ ਵਿਕਾਰ Anxiety Disorder; Panic Disorder, Phobia Disorder, Obsessive Compulsive Disorder, Acute Stress Disorder, Generalized Anxiety Disorder

ਦੈਹ ਜਨਿਤ ਵਿਕਾਰ (Somatoform Disorder ; Conversion Disorder Pain Disorder, Body Dysmorphic Disorder.

Factitious Disorder

Dissociative Disorder

ਕਾਮੁਕ ਵਿਕਾਰ Sexual & Gender Identity Disorder ; Sexual Desired Disorder, Sexual Arousal Disorder, orgasmic Disorder, Sexual Pain Disorder, Paraphilias,

Eating Disorder ; Anorexia nervosa, Bulimia Nervosa

ਨੀਂਦ ਵਿਕਾਰ Sleep Disorder ; Dyssomnias, Parasomnias

ਸਮਾਯੋਜਨ ਵਿਕਾਰ Adjustment Disorder

Other Conditions that may be a focus of Clinical Attention ; Psychological Factors affecting, Medical Condition, Medication-Induced Movement Disorder, Other Medication-Induced Disorder, Relational Problems, problem Related to abuse or Neglect

1.3.3.2 Axis II

Axis II : ਵਿਅਕਤਿੱਤਵ ਵਿਕਾਰ (Personality Disorder) & Mental Retardation

ਦੂਜੇ Axis ਵਿਚ diagnostician ਨੇ ਦੋ ਮੁੱਖ (Mental Retardation) ਵਿਕਾਰਾਂ ਨੂੰ ਲਿਆ ਹੈ ਵਿਅਕਤਿਤਵ ਵਿਕਾਰ (Personality Disorder) ਅਤੇ ਦੂਸਰਾ ਮੈਂਟਲ ਰਿਟਾਰਡੇਸ਼ਨ। ਇਸ ਦੇ ਪਹਿਲੇ ਵਿਕਾਰ ਵਿਚ ਉਹ ਲੋਕੀ ਆਉਂਦੇ ਹਨ ਜਿਹੜੇ ਸਥਾਈ ਨਾਲ ਬਦਲਣ ਵਾਲੇ ਅਟਲ ਦੇਰ ਤੱਕ ਰਹਿਣ ਵਾਲਾ Mal adaptive Pattern of Inner

Experience and Outward Behaviour ਰੱਖਦੇ ਹਨ। ਇਹ ਲੋਕ ਸਮਾਜ ਦੇ ਵਿਰੁਧ ਵਿਅਕਤਿਵ ਰੱਖਦੇ ਹਨ। ਇਸ ਤਰ੍ਹਾਂ ਦੇ ਵਿਅਕਤੀਆਂ ਦੇ ਲੱਛਣਾਂ ਵਿਚ ਪੁਲਾਇਨ ਘਰ ਤੋਂ ਭੱਜ ਜਾਣਾ, ਕੁਕਰਮ ਅਤੇ ਲੜਾਕਾਪਨ ਸ਼ਾਮਲ ਹੁੰਦਾ ਹੈ। ਅਜਿਹੇ ਵਿਅਕਤੀ ਸਮਾਜ ਵਿਰੋਧੀ ਕੰਮ ਕਰਕੇ ਅਪਰਾਧ ਦੀ ਭਾਵਨਾ ਜਾਂ ਸ਼ਰਮ ਮਹਿਸੂਸ ਨਹੀਂ ਕਰਦੇ। ਵਿਅਕਤੀ ਵਿਕਾਰਾਂ ਦੀ ਵਿਆਖਿਆ ਵਿਵਹਾਰ ਦੇ ਅਪ-ਅਨੁਕੂਲਿਤ ਅਤੇ ਗੈਰ ਲਚਕਦਾਰ ਨਮੂਨਿਆਂ ਵਜੋਂ ਕੀਤੀ ਜਾਂਦੀ ਹੈ। ਇਹਨਾਂ ਵਿਚ ਅੰਤਰ ਮੁਖੀ ਵਿਅਕਤੀਤਵ ਵਿਕਾਰ ਵਿਚ ਵਿਅਕਤੀ ਵੱਖਰਾ ਅਤੇ ਅਲੱਗ ਰਹਿਣ ਲੱਗ ਪੈਂਦਾ ਹੈ। ਉਸ ਦੇ ਬਹੁਤ ਘੱਟ ਮਿੱਤਰ ਹੁੰਦੇ ਹਨ ਅਤੇ ਪ੍ਰਸ਼ੰਸਾ ਤੇ ਅਲੋਚਨਾ ਦਾ ਉਸ ਤੇ ਕੋਈ ਅਸਰ ਨਹੀਂ ਪੈਂਦਾ। ਨਾਰਕਿਸੀਸਟਿਕ ਵਿਕਸਤਿਤ ਵਾਲੇ ਵਿਅਕਤੀਆਂ ਵਿਚ ਸਵੈ-ਮਹੱਤਵ ਦੀ ਬਹੁਤ ਜਿੰਅਦਾ ਭਾਵਨਾ ਮਹਾਨ ਸਫਲਤਾ ਬਾਰੇ ਹਵਾਈ ਕਲਪਣਾਵਾਂ ਹੁੰਦੀਆਂ ਹਨ। ਅਜਿਹੇ ਵਿਅਕਤੀ ਵਾਲੇ ਨਿਰੰਤਰ ਧਿਆਨ ਦੇਣ ਦੀ ਜ਼ਰੂਰਤ ਹੁੰਦੀ ਹੈ ਅਤੇ ਦੂਸਰੇ ਵਿਅਕਤੀਆਂ ਨੂੰ ਖਰਾਬ ਕਰਨ ਦੀ ਸੰਭਾਵਨਾ ਹੁੰਦੀ ਹੈ। ਇਸ ਤਰ੍ਹਾਂ ਕੁਲ ਮਿਲਾਕੇ Axis II ਵਿਚ Dependent Personality Disorder ਆਉਂਦਾ ਹੈ।

ਮਾਨਿਸਕ ਮੰਦ ਬੁੱਧੀ Mental Retardation ਵਿਚ ਉਹ ਵਿਅਕਤੀ ਆਉਂਦੇ ਹਨ ਜੋ ਦਿਮਾਗੀ ਜਾਂ ਅਕਲੀ ਤੌਰ ਤੇ Subaverage ਕੰਮ ਕਰਦੇ ਹਨ ਅਤੇ 19 ਸਾਲ ਦੀ ਉਮਰ ਵਿਚ ਕਰਦੇ ਹਨ।

1.3.3.3 Axis III

Axis III ਸਿਰਫ ਉਹ ਵਿਕਾਰ ਲਏ ਗਏ ਹਨ ਜਿਹੜੇ ਮੈਂਡੀਕਲ ਹਾਲਤ ਤੇ ਹੀ ਨਿਰਭਰ ਕਰਦੇ ਹਨ ਜਿਵੇਂ ਕਿ ਡਾਇਬਟੀਜ਼ ਇਸੇ ਤਰ੍ਹਾਂ (Information including any relevant general medical condition).

1.3.3.4 Axis IV

Axis IV ਵਿਚ ਉਹ ਸਮੱਸਿਆਵਾਂ ਜਿਹੜੀਆਂ ਸਮਾਜ ਅਤੇ ਘਰ ਦੇ ਵਾਤਾਵਰਨ ਨਾਲ ਸਬੰਧਿਤ ਹਨ ਉਹਨਾਂ ਦੇ ਬਾਰੇ ਵਿਸਥਾਰ ਨਾਲ ਕਮੀਆਂ ਨੂੰ ਦੱਸਿਆ ਗਿਆ ਹੈ। (Information including pertinent psycho-social or environmental problems).

1.3.3.5 Axis V

Axis V ਵਿਚ Global Assessment of Functioning (GAF) ਦੇ ਬਾਰੇ ਜਾਣਕਾਰੀ ਦਿੱਤੀ ਗਈ ਹੈ। ਜਿਸ ਵਿਚ ਵਿਕਾਰਾਂ ਨੂੰ ਪਹਿਚਾਨ ਕਰਨ ਵਾਲਿਆਂ ਨੈ ਵਿਅਕਤੀ ਦੀ ਰੇਟਿੰਗਿ ਮਨੋਵਿਗਿਆਨੀ, ਸਮਾਜੀ ਅਤੇ ਕਿਤੇ ਸਬੰਧੀ ਕੰਮਾਂ ਦੇ ਅਨੁਸਾਰ ਕੀਤੀ ਹੈ। ਇਸ ਤਰ੍ਹਾਂ DSM-IV ਦੇ ਅਨੁਸਾਰ ਤਸਖਿਸ਼ੀਆਂ ਨੇ ਅੰਗੀਲਾ ਸਵਾਤੀ ਨੂੰ ਹੇਠ ਲਿਖੇ Axis ਅਨੁਸਾਰ ਦੱਸਿਆ ਹੈ।

Axis I : Major Depressive Disorder
Axis II : Dependent Personality Disorder
Axis III : Diabetes
Axis IV : Problems related to the social enviornment (termination of engagement)
Axis V : GAF = 55 (current)

Table 3.1 Axis I Disorders in DSM–IV :

Disorder Usually First Diagnosed in Infancy, Childhood, and Adolescence Disorders in this group tend to emerge and sometimes dissipate before adult life. They include *pervasive developmental disorders (such as autism), learning disorders, attention-deficit hyperactivity disorder, conduct disorder, and separation anxiety disorder.*

Delirium, Dementia, Amnestic, and Other Cognitive Disorders These disorders are dominated by impairment in cognitive functioning. They include *Alzheimer's disease and Huntington's disease.*

Mental Disorder Due to a General Medical Condition. These are mental disorders that are caused primarily by a general medical disorder. They include *mood disorder due to a general medical condition.*

Substance-Related Disorders These disorders are brought about by the use of substances that affect the central nervous system, such as *alcohol use disorders, opioid use disorders, amphetamine use disorders, cocaine use disorders, and hallucinogen use disorders.*

Schizophrenia and Other Psychotic Disorders In this group of disorders, functioning deteriorates until the patient reaches a state of *psychosis,* or loss of contact with reality.

Mood Disorders Disorders in this group are marked by severe disturbances of mood that cause people to feel extremely and inappropriately sad or elated for extended periods of time. They include *major depressive disorder and bipolar disorders*.

Anxiety Disorders *Anxiety is the predominant* disturbance in this group of disorders. They include *generalized anxiety disorders, phobias, panic disorder, obsessive-compulsive disorder, acute stress disorder, and posttraumatic stress disorder*.

Somatoform Disorders These disorder, marked by physical symptoms that apparently are caused primarily by psychological rather than physiological factors, include *conversion disorder, somatization disorder, and hypochondriasis*.

Factitious Disorders People with these disorders intentionally produce or feign physical or physiological symptoms.

Dissociative Disorders These disorders are characterized by significant changes in the usually intengreated functions of consciousness, memory, identity or perception, without clear physical cause. They include *dissociative amnesia, dissociative fugue, and dissociative identity disorder (multiple personality disorder).*

Eating Disorders People with these disorders display abnormal patterns of eating that significantly impair their functioning. The disorders include *anorexia nervosa and bulimia nervosa.*

Sexual Disorders and Gender Identity Disorder These disorders in sexual functioning, behaviour, or preferences include *sexual dysfunctions, paraphilias, and gender indentity disorder.*

Sleep Disorder People with these disorders display chronic sleep problems. The disorders include *primary insomnia, primary hypersomnia, sleep terror disorder, and sleepwalking disorder.*

Impulse-Control Disorder People with these disorders are chronically unable to resist impulses, drives, or temptations to perform certain acts that are harmful to them or to others. The disorders include *pathological gambling, kleptomania, pyromania, and intermittent explosive disorders.*

Adjustment Disorders The primary feature of these disorders is a maladaptive reaction to a clear stressor such as divorce or business difficulties that occurs within three months after the onset of the stressor.

Other conditions That May Be a Focus of Clinical Attention The category consists of conditions or problems that are worth nothing because they cause significant impairment, such as *relational problems, problems related to abuse or neglect, medication-induced movement disorders, and psycho-physiological disorders.*The fifth edition of the Diagnostic and Statistical Manual of Mental Disorders (DSM), the DSM-V, was approved by the Board of Trustees of APA on December 1, 2012. Published on May 18, 2013, the DSM-5 contains extensively revised diagnoses and, in some cases, broadens diagnostic definitions while narrowing definitions in other cases. The DSM-5 is the first major edition of the manual in twenty years, and the Roman numerals numbering system has been discontinued to allow for greater clarity in regard to revision numbers. A significant change in the fifth edition is the proposed deletion of the

subtypes of schizophrenia. During the revision process, the APA website periodically listed several sections of the DSM-5 for review and discussion. (Note : This is taken from Wikipedia)

6. DSM-IV-TR (2000):-

ਇਹ ਜ਼ਿਲਦ DSM-IV ਦਾ ਹੀ ਸੋਧਿਆ ਹੋਇਆ ਉਤਾਰਾ ਸੀ। ਇਸ ਵਿਚ ਤਕਰੀਬਨ ਹਰ ਪ੍ਰਕਾਰ ਦਾ ਮਾਨਸਿਕ ਰੋਗ ਸ਼ਾਮਿਲ ਸੀ। ਇਸ ਵਿਚ ਕੋਈ ਵੱਡੀ ਤਬਦੀਲੀ ਨਹੀਂ ਸੀ ਕੀਤੀ ਗਈ। ਇਸ ਵਿਚ ਮਲਟੀ ਐਕਸੀਅਲ ਸਿਸਟਮ ਦੀ ਵਰਤੋਂ ਨਾਲ ਮਾਨਸਿਕ ਰੋਗਾਂ ਦਾ ਵਰਗੀਕਰਣ ਕੀਤਾ ਗਿਆ ਸੀ। ਇਸ ਦੀਆਂ ਹੇਠ ਲਿਖੀਆਂ 5 ਐਕਸਿਸ ਸਨ :-

ਐਕਸਿਸ 1 – ਇਸ ਵਿਚ ਚਿਕਿਤਸਾ ਨਾਲ ਜੁੜੇ ਲੱਛਣ ਸ਼ਾਮਲ ਸਨ।

ਐਕਸਿਸ 2 – ਇਸ ਵਿਚ ਸਖ਼ਸ਼ੀਅਤ ਨਾਲ ਸੰਬੰਧਿਤ ਰੋਗਾਂ ਦਾ ਵੇਰਵਾ ਸੀ।

ਐਕਸਿਸ 3 – ਇਸ ਵਿਚ ਮਾਨਸਿਕ ਰੋਗਾਂ ਤੋਂ ਬਿਨਾਂ ਹੋਰ ਕਿਸੇ ਪ੍ਰਕਾਰ ਦੀ ਬਿਮਾਰੀ ਦਾ ਵਰਣਨ ਸੀ।

ਐਕਸਿਸ 4 – ਇਸ ਵਿਚ ਰੋਗ ਨਾਲ ਸੰਬੰਧਿਤ ਸਮਾਜਿਕ ਤੇ ਵਾਤਾਵਰਣ ਪੱਖੀ ਸਮੱਸਿਆਵਾਂ ਦਾ ਵੇਰਵਾ ਸੀ।

ਐਕਸਿਸ 5 – ਇਸ ਵਿਚ ਰੋਗੀ ਦੇ ਸਮੁੱਚੇ ਤੌਰ ਤੇ ਕੰਮ ਕਰਨ ਦੇ ਪੱਧਰ ਦਾ ਚਿਕਿਤਸਕ ਨਿਰਣਾ ਸ਼ਾਮਲ ਸੀ।

DSM-5 (2013):-

DSM-5 ਡਾਇਗਨੋਸਟਿਕ ਐਂਡ ਸਟੈਟਿਸਟਿਕਲ ਮੈਨੂਅਲ ਦੀ ਨਵੀਨਤਮ ਜ਼ਿਲਦ ਹੈ। ਇਹ 2013 ਵਿਚ ਛਪੀ ਸੀ। ਇਹ ਮਾਨਸਿਕ ਰੋਗ ਨੂੰ ਵਿਅਕਤੀ ਵਿਚ ਮੌਜੂਦ ਇਹ ਸਿੰਡਰੋਮ ਦੇ ਰੂਪ ਵਿੱਚ ਪਰਿਭਾਸ਼ਿਤ ਕਰਦਾ ਹੈ। ਇਸ ਸਿੰਡਰੋਮ ਵਿਚ ਵਿਵਹਾਰ ਦਾ ਡਾਕਟਰੀ ਮਹੱਤਵਪੂਰਨ ਵਿਘਨ ਸ਼ਾਮਲ ਹੁੰਦਾ ਹੈ।DSM-5 ਦੱਸਦਾ ਹੈ ਕਿ ਮਾਨਸਿਕ ਰੋਗ ਕੰਮਕਾਜ ਦੇ ਮੁੱਖ ਖੇਤਰਾਂ ਵਿੱਚ ਅਸਮਰੱਥਾ ਪੈਦਾ ਕਰਦਾ ਹੈ।

ਇਸ ਵਿਚ ਤਣਾਅ ਪ੍ਰਤੀ ਸਭਿਆਚਾਰਕ ਤੌਰ ਤੇ ਪ੍ਰਵਾਨਿਤ ਪ੍ਰਤੀਕ੍ਰਿਆ (ਜਿਵੇਂ ਕਿ ਮੌਤ ਦਾ ਦੁੱਖ) ਆਦਿ ਸ਼ਾਮਲ ਨਹੀਂ ਕੀਤਾ ਗਿਆ। ਧਿਆਨ ਰੱਖਣ ਯੋਗ ਗੱਲ ਇਹ ਵੀ ਹੈ ਕਿ ਮਾਨਸਿਕ ਰੋਗ ਕਿਸੇ ਵੀ ਪ੍ਰਕਾਰ ਦੇ ਸਮਾਜਿਕ ਟਕਰਾਅ ਤੋਂ ਉਤਪੰਨ ਨਾ ਹੋਵੇ। ਮਾਨਸਿਕ ਰੋਗ ਦੀ ਕਿਸੇ ਵੀ ਪਰਿਭਾਸ਼ਾ ਨੂੰ ਸੰਪੂਰਨ ਨਹੀਂ ਮੰਨਣਾ ਚਾਹੀਦਾ। ਸਮੇਂ ਅਨੁਸਾਰ ਇਸ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ ਤੇ ਉਸਨੂੰ ਸਵਿਕਾਰ ਕਰਨਾ ਚਾਹੀਦਾ ਹੈ।

ਜ਼ਿਆਦਾਤਰ ਮਾਮਲਿਆਂ ਵਿੱਚ DSM-5 ਨੂੰ DSM-IV-TR ਨਾਲੋਂ ਵਧੇਰੇ ਸੋਧਿਆ ਨਹੀਂ ਗਿਆ। ਪਰ ਫਿਰ ਵੀ ਇਸ ਵਿਚ ਕੁਝ ਬਦਲਾਅ ਕੀਤੇ ਗਏ ਹਨ।DSM-5 ਵਿਚ ਪਹਿਲੀ ਰੋਮਨ ਅੱਖਰ ਦੀ ਜਗ੍ਹਾਂ ਅਰੈਬਿਕ ਅੱਖਰ ਦਾ ਇਸਤੇਮਾਲ ਕੀਤਾ ਗਿਆ ਹੈ। ਇਸ ਵਿਚ ਐਸਪਰਜ਼ਰ ਸਿੰਡਰੋਮ (Asperger Syndrome) ਨੂੰ ਵਿਲੱਖਣ ਰੋਗ ਤੋਂ ਹਟਾਕੇ ਔਟਿਜ਼ਮ ਸਪੈਕਟਰਮ ਰੋਗ (Antism Spectrum Disorder) ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਵਿਚ ਸਕੀਜ਼ੋਫਰੇਨੀਆ (Schizophrenia) ਦੀਆਂ ਕਿਸਮਾਂ ਨੂੰ ਵੀ ਹਟਾ ਦਿੱਤਾ ਗਿਆ ਹੈ। ਬਰੀਵਮੈਂਟ ਐਕਸਕਲੂਜ਼ਨ (Bereavement Exclusion) ਨੂੰ ਹਟਾਕੇ ਡਿਪਰੈਸਿਵ ਰੋਗ (Depressive Disorder) ਦੀ ਥਾਂ ਦਿੱਤੀ ਗਈ ਹੈ। ਜੈਂਡਰ ਆਈਡੈਂਟੀਟੀ ਰੋਗ (Gender Identity Disorder) ਦਾ ਨਾਂ ਬਦਲ ਕੇ ਜੈਂਡਰ ਡਿਸਫੋਰੀਆ (Gender Dysphoria) ਰੱਖ ਦਿੱਤਾ ਗਿਆ ਹੈ।ਇਸ ਤੋ ਇਲਾਵਾ ਬਿੰਝ ਈਟਿੰਗ (Binge Eating) ਰੋਗ ਨੂੰ ਅਲੱਗ ਖਾਣੇ ਵਾਲੇ ਰੋਗ ਵਿਚ ਸ਼ਾਮਲ ਕੀਤਾ ਗਿਆ ਤੇ ਪੈਰਾਫਿਲੀਆਸ ਦਾ ਨਾਮ ਬਦਲ ਕੇ ਪੈਰਾਫ਼ਿਲਿਕ ਡਿਸਓਰਡਰ (Paraphylic Disorder) ਰੱਖ ਦਿੱਤਾ ਗਿਆ।

ਇਸ ਤੋਂ ਇਲਾਵਾ DSM-5 ਵਿਚੋਂ ਐਕਸਿਸ ਸਿਸਟਮ ਨੂੰ ਖ਼ਤਮਕਰ ਦਿੱਤਾ ਗਿਆ ਹੈ। ਐਕਸਿਸ ਦੀ ਜਗ੍ਹਾਂ DSM-5 ਵਿਚ 3 ਸੈਕਸ਼ਨਜ਼ ਸ਼ਾਮਿਲ ਕੀਤੇ ਗਏ ਹਨ। ਪਹਿਲੇ ਸੈਕਸ਼ਨ ਵਿਚ DSM ਦੀ ਸੋਧ ਦੀ ਪ੍ਰਕਿਰਿਆ, ਸੈਕਸ਼ਨ ਦੋ ਵਿਚ ਸਾਰੇ ਰੋਗਾਂ ਦਾ ਵਰਣਨ ਤੇ ਸੈਕਸ਼ਨ ਤਿੰਨ ਵਿਚ ਹੋਰ ਖੋਜ ਲਈ ਉਭਰ ਰਹੇ ਉਪਾਅ ਤੇ ਮਾਡਲ ਸ਼ਾਮਲ ਹਨ।

1.3.4 International classsification of Disease (ICD 10)

International classsification of Disease (ICD), WHO ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਹੈ। ਇਹ System ਵਿਭਿੰਨ ਦੇਸ਼ਾਂ ਵਿੱਚ research, ਅਤੇ diagnosis ਖੇਤਰ ਵਿੱਚ ਸਮਾਨਤਾ ਲਈ ਵਰਤਿਆ ਜਾਂਦਾ ਹੈ। ICD 10 Codes ਵਿਚ ਲਿਖਿਆ ਹੋਇਆ ਹੈ। ਵਿਭਿੰਨ ਵਿਕਾਰ ਅਤੇ ਉਸ ਦੇ ਚਿੰਨਾਂ ਦੀ Classifiaton F(oo) ਤੋਂ F (99) ਵਿੱਚ ਕੀਤੀ ਗਈ ਹੈ। ਇਸ classification ਦਾ ਇਸਤੇਮਾਲ Psychiatrists ਅਤੇ mental health professionals ਕਰਦੇ ਹਨ।ਇਸ ਦੀ classification ਹੇਠ ਲਿਖੀ ਹੈ।

1. **Foo-Fo9 (Organic, including symptomatic, mental disorders)**
   ਇਸ category ਵਿਚ ਜਿਨ੍ਹੇ ਵੀ ਰੋਗ dementia amnesia ਨਾਲ ਸੰਬੰਧਿਤ ਹਨ ਅਤੇ ਦਿਮਾਗ ਦਾ ਰੋਗ ਹੈ ਜੋ ਕਿ ਕਿਸੇ Physical damage ਕਾਰਨ ਹਨ।
2. **F10 - F19(Mental behavioral disorders due to psychoactive substance use.)**
   ਇਸ category ਵਿਚ ਵਿਵਹਾਰ ਵਿੱਚ ਵਿਕਾਰ ਜੋ ਕਿ alcohol/drug abuse ਜਾਂ psychoactive substance ਦੇ ਇਸਤੇਮਾਲ ਕਾਰਨ ਹੁੰਦਾ ਹੈ।
3. **F20 - F29 (Schizophrenia, Schizotypal and delusional disorder.)**
   ਇਸ category ਵਿਚ Schizophrenic, delusional ਅਤੇ Psychotic disorder ਹੁੰਦੇ ਹਨ।
4. **F30 - F39 (Mood (affective) disorders)**
   ਇਸ ਸ਼੍ਰੇਣੀ ਵਿਚ manic, bipolar, cyclothymia, Dysthymia ਵਿਕਾਰ ਆਉਂਦੇ ਹਨ।
5. **F40 - F48 (Neurotic, stress-related and somatoform disorders.)**
   ਇਸ category ਵਿਚ anxiety, obsessive-compulsive disorder, stress & stress reaction, adjustment disorders, dissociative disorders, somatoform disorders
6. **F50 - F59**
   Behavioral syndromes associated with physiological disturbances & physical factors.
   ਇਸ category ਵਿਚ eating disorders, sleep disorders, organic disorder, abuse of non-dependence-producing substances
7. **F60 - F69 (Disorders of adult personality and behaviour)**
8. **F70 - F79 (Mental Retardation)**
9. **F80 - F89 (Disorders of psychological development)**
10. **F90 - F98**
    Behavioral and emotional disorders with onset during childhood and adolescence.
11. **F99 (Un-specified Mental Disorder.)**

1.3.5 ਸੰਖੇਪ ਸਾਰ

American Psychiatric Association ਨੇ 1952 ਵਿਚ DSM-I ਪੇਸ਼ ਕੀਤਾ। ਲੋੜ ਅਤੇ ਸਮੇ ਅਨੁਸਾਰ ਹੁਣ ਤੱਕ ਇਸ ਦੇ ਚਾਰ ਅਨੁਵਾਦ ਹੋ ਚੁੱਕੇ ਹਨ ਸਭ ਤੋ ਆਧੁਨਿਕ Manual DSM-IV TR ਹੈ ਜੋ ਮਾਨਸਿਕ ਰੋਗਾਂ ਨੂੰ 5 Axis ਵਿਚ ਵਰਗੀਕ੍ਰਿਤ ਕਰਦਾ ਹੈ। ਇਸ ਵਰਗੀਕਰਣ ਵਿਚ ਹਰੇਕ ਮਾਨਸਿਕ ਵਿਕਾਰਾਂ ਦੀ ਕਲਿਨੀਕਲ ਵਿਸ਼ਸ਼ੇਤਾ ਅਤੇ ਉਸ ਦੀ ਸਹੀ ਪਹਿਚਾਣ ਦੇ Criteria ਬਾਰੇ ਵਿਸਥਾਰਪੂਰਵਕ ਜਾਣਕਾਰੀ ਮਿਲਦੀ ਹੈ।

1.3.6 ਅਭਿਆਸ

ਪ੍ਰਸ਼ਨ 1. ਡੀ.ਐਸ.ਐਮ–IV ਵਰਗੀਕਰਣ ਤੋਂ ਕੀ ਭਾਵ ਹੈ।

ਪ੍ਰਸ਼ਨ 2. ਡੀ.ਐਸ.ਐਮ–IV ਦੇ AXIS ਬਾਰੇ ਲਿਖੋ।

1.3.7 ਹਵਾਲਾ ਪੁਸਤਕਾਂ

1. Abnormal Psychology : Comer

ਪਾਠ ਨੰ : 1.4 | ਲੇਖਕ : ਡਾ. ਮਮਤਾ ਸ਼ਰਮਾ

ਆਸਾਧਰਣ ਵਿਵਹਾਰ ਦਾ ਮਨੋ-ਗਤੀ ਵਿਗਿਆਨ ਦ੍ਰਿਸ਼ਟੀਕੋਣ
(PSYCHODYNAMIC MODEL OF PSYCHOPATHOLOGY)

ਪਾਠ ਸੰਰਚਨਾ

1.4.0 **ਉਦੇਸ਼**
1.4.1 **ਭੂਮਿਕਾ**
1.4.2 **ਮਨੋ-ਗਤੀ ਵਿਗਿਆਨ ਵਿਚਾਰਧਾਰਾਂ ਦਾ ਆਧਾਰ** (The roots of Psychodynamic thought)
- **1.4.2.1** **ਮੈਸਮਰਿਜ਼ਮ** (Mesmerism) :
- **1.4.2.2** **ਨੈਂਸੀ ਸਕੂਲ** (The Nancy School) :

1.4.3 **ਫ੍ਰਾਇਡ ਅਤੇ ਮਨੋਵਿਸ਼ਲੇਸ਼ਣ ਦੀ ਸ਼ੁਰੂਆਤ** (Freud and the beginning of Psychoanalysis)
1.4.4 **ਮਨੋਵਿਸ਼ਲੇਸ਼ਣ ਦੇ ਆਧਾਰਭੂਤ** (The Basic of Psychoanalysis):
- **1.4.4.1** **ਇਡ, ਈਗੋ, ਸੁਪਰ ਈਗੋ** (Id, Ego and Super-Ego)
- **1.4.4.2** **ਚਿੰਤਾ, ਆਤਮ-ਰਖਿਆ ਪ੍ਰਤਿਕ੍ਰਿਆ ਅਤੇ ਅਚੇਤ** (Anxiety, defense mechanisms and the unconscious)
  - **1.4.4.2.1** **ਈਗੋ ਸਵ-ਰੱਖਿਆ ਪ੍ਰਤਿਕ੍ਰਿਆਵਾਂ ਦਾ ਸਾਰ-ਚਾਰਟ** (Summary Chart of Ego-Defense Mechanisms)
    - **1.4.4.2.1.1** **ਅਸਲੀਅਤ ਤੋਂ ਇਨਕਾਰ** (Denial of Reality)
    - **1.4.4.2.1.2** **ਹਵਾਈ ਕਲੱਪਨਾ** (Fantasy) :
    - **1.4.4.2.1.3** **ਦਮਨ** (Repression)
    - **1.4.4.2.1.4** **ਯੁਕਤੀਕਰਨ** (Rationalization)
    - **1.4.4.2.1.5** **ਪ੍ਰਖੇਪਣ** (Projection) :
    - **1.4.4.2.1.6** **ਪ੍ਰਤਿਕ੍ਰਿਆ ਨਿਰਮਾਣ** (Reaction Formation)
    - **1.4.4.2.1.7** **ਵਿਸਥਾਪਨ** (Displacement)
    - **1.4.4.2.1.8** **ਭਾਵਾਤਮਕ ਵਿਸਥਾਪਨ** (Emotional Insulation)
    - **1.4.4.2.1.9** **ਬੁੱਧੀਕਰਨ** (Intellectualization) :
    - **1.4.4.2.1.10** **ਨਿਰਸਨ** (Undoing)
    - **1.4.4.2.1.11** **ਪ੍ਰਤਿਗਮਨ** (Regression)
    - **1.4.4.2.1.12** **ਸਮਪੁਰਤਾ** (Identification)
    - **1.4.4.2.1.13** **ਪ੍ਰਤਿਪੂਰਤੀ** (Over-compensation)
    - **1.4.4.2.1.14** **ਸਥਿਰਣ** (Fixation) :
    - **1.4.4.2.1.15** **ਉਦਾਤੀਕਰਨ** (Sublimation)

1.4.4.3 ਵਿਕਾਸ ਦੀਆਂ ਮਨੋ-ਕਾਮਿਕ ਅਵਸਥਾਵਾਂ (Psychosexual stages of development)
1.4.4.3.1 **ਮਨੋਲਿੰਗੀ ਵਿਕਾਸ ਅਵਸਥਾ** (The oral stage)
1.44.3.2 **ਗੁਦਾ ਅਵਸਥਾ** (The Anal Stage)
1.4.4.3.3 **ਮਰਦ ਲਿੰਗੀ ਜਾਂ ਫੈਲਿਕ ਅਵਸਥਾ** (The phallic stage)
1.4.4.3.4 **ਕਾਮ ਨਿਸਕ੍ਰਿਆ ਅਸਵਥਾ** (The Latency Stage)
1.4.4.3.5 **ਜਣਨ ਅੰਗ ਅਵਸਥਾ** (The genital stage)
1.4.5 ਨਵੇਂ ਮਨੋ-ਗਤੀ ਵਿਗਿਆਨ ਦ੍ਰਿਸ਼ਟੀਕੋਣ (New psychodynamic perspectives)
1.4.6 ਮਨੋ-ਗਤੀ ਵਿਗਿਆਨ ਦ੍ਰਿਸ਼ਟੀਕੋਣ ਦਾ ਪ੍ਰਭਾਵ (Impact of the psychodynamic perspective)
1.4.7 ਸੰਖੇਪ ਸਾਰ
1.4.8 ਸ਼ਬਦਾਵਲੀ
1.4.9 ਹਵਾਲਾ ਪੁਸਤਕਾਂ

1.4.0 ਉਦੇਸ਼

ਮਾਨਸਿਕ ਵਿਕਾਰਾਂ ਦੇ ਅਚੇਤ ਅੰਦਰੂਨੀ ਕਾਰਣਾਂ ਨੂੰ ਮੰਨਣ ਵਾਲੇ ਸਿੰਗਮੰਡ ਫਰਾਇਡ ਦੇ ਦ੍ਰਿਸ਼ਟੀਕੋਣ ਨੂੰ ਮਨੋਵਿਸ਼ਲੇਸ਼ਣ ਦਾ ਨਾਮ ਦਿੱਤਾ ਗਿਆ ਜਿਸ ਵਿਚ ਵਿਅਕਤੀ ਦੇ ਮਨ ਦੇ ਅੰਦਰ, ਅਚੇਤ ਅਵਸਥਾ ਵਿਚ ਚਲ ਰਹੇ, ਛੁਪੇ ਜਾ ਦਬਾਏ ਗਏ ਭਾਵਾਂ ਨੂੰ ਮਾਨਸਿਕ ਵਿਕਾਰਾਂ ਦਾ ਕਾਰਨ ਮੰਨਿਆ ਜਾਂਦਾ ਹੈ। ਇਸ ਪਾਠ ਦਾ ਉਦੇਸ਼ ਇਸ ਦ੍ਰਿਸ਼ਟੀਕੋਣ ਦੇ ਆਧਾਰ, ਇਸ ਦੀ ਸ਼ੁਰੂਆਤ, ਮੂਲ ਸਿਧਾਂਤ ਬਾਰੇ ਜਾਣਕਾਰੀ ਦੇਣ ਦੇ ਨਾਲ ਨਵੇ ਮਨੋਗਤੀ ਵਿਗਿਆਨ ਅਤੇ ਇਸ ਦੇ ਪ੍ਰਭਾਵ ਦੀ ਜਾਣਕਾਰੀ ਦੇਣਾ ਹੈ।

1.4.1 ਭੂਮਿਕਾ

ਮਾਨਸਿਕ ਵਿਕਾਰਾਂ ਵਿਚ ਮਨੋਵਿਗਿਆਨਕ ਕਾਰਣਾਂ ਦੇ ਮਹੱਤਵ ਨੂੰ ਸਮਝਣ ਲਈ ਪਹਿਲਾਂ ਕਦਮ ਸਿਗਮੰਡ ਫ੍ਰਾਇਡ ਨੇ ਚੁੱਕਿਆ। ਪ੍ਰੀਖਣ (Observation) ਅਤੇ ਚਿਕਿਤਸਾ (Treatment) ਦੇ ਪੰਜ ਦਹਾਕਿਆਂ ਦੌਰਾਨ ਫ੍ਰਾਇਡ ਨੇ ਮਨੋ ਵਿਗਿਆਨ (Psychopathology) ਦਾ ਸਿਧਾਂਤ ਵਿਕਸਿਤ ਕੀਤਾ, ਜਿਸ ਵਿਚ ਅਚੇਤ ਪ੍ਰੇਰਕਾਂ ਦੇ ਅੰਦਰੂਨੀ ਗਤੀ ਵਿਗਿਆਨ ਤੇ ਬਲ ਦਿਤਾ ਗਿਆ ਅਤੇ ਜਿਸ ਨੂੰ ਮਨੋਵਿਸ਼ਲੇਸ਼ਕ ਦ੍ਰਿਸ਼ਟੀਕੋਣ (Psychoanalytic Perspective) ਦੇ ਨਾਮ ਨਾਲ ਜਾਣਿਆ ਗਿਆ। ਰੋਗੀਆਂ ਦੇ ਅਧਿਐਨ ਅਤੇ ਇਲਾਜ ਲਈ ਫ੍ਰਾਇਡ ਨੇ ਜੋ ਢੰਗ ਅਪਣਾਏ ਉਸ ਨੂੰ ਮਨੋਵਿਸ਼ਲੇਸ਼ਣ (Psychoanalysis) ਵਿਧੀ ਕਿਹਾ ਜਾਂਦਾ ਹੈ। ਪਹਿਲੀ ਅੱਧੀ ਸਦੀ ਤੋਂ ਦੂਸਰੇ ਚਿਕਿਤਸਕਾਂ ਨੇ ਫ੍ਰਾਇਡ ਦੀ ਮਨੋ ਵਿਸ਼ਲੇਸ਼ਣ ਵਿਧੀ ਨੂੰ ਬਦਲ ਕੇ ਦੋਬਾਰਾ ਸੋਧਿਆ ਜਿਸਨੂੰ ਸਾਈਕੋਡਾਈਨੈਮਿਕ ਜਾਂ ਮਨੋ-ਗਤੀ-ਵਿਗਿਆਨ ਦ੍ਰਿਸ਼ਟੀਕੋਣ (Psychodynamic Perspective) ਦਾ ਨਾਮ ਦਿਤਾ ਗਿਆ। ਇਸ ਦ੍ਰਿਸ਼ਟੀਕੋਣ ਵਿਚ ਉਹੀ ਧਾਰਨਾਵਾਂ ਅਤੇ ਸਰੂਪ ਸ਼ਾਮਲ ਸਨ ਜੋ ਫ੍ਰਾਇਡ ਦੇ ਮੂਲ ਸਿਧਾਂਤ ਵਿਚ ਸਨ, ਪਰੰਤੂ ਕੁਝ ਮਹੱਤਵਪੂਰਨ ਵਿਸ਼ਿਆਂ ਤੇ ਉਹ ਕਲਾਸੀਕਲ ਮਨੋਵਿਸ਼ਲੇਸ਼ਣ ਤੋਂ ਭਿੰਨ ਸਨ ਜਿਵੇਂ ਕਿ ਐਡਲਰ ਨੇ ਸਮਾਜਿਕ ਅੰਤਰ ਪ੍ਰੇਰਣਾਂ ਦੇ ਪੱਖ ਵਿਚ ਕਾਮੁਕਤਾ ਦੇ ਫ੍ਰਾਇਡ ਦੇ ਬਲ ਨੂੰ ਸਵੀਕਾਰ ਕਰ ਦਿਤਾ।

ਸਾਈਕੋਡਾਈਨੈਮਿਕ ਦ੍ਰਿਸ਼ਟੀਕੋਣ ਦਾ ਰੀਵੀਊ ਕਰਦੇ ਹੋਏ ਇਸ ਸੰਬੰਧੀ ਵਿਚਾਰ ਵਟਾਂਦਰੇ ਨੂੰ ਪੰਜ ਭਾਗਾਂ ਵਿਚ ਵੰਡਿਆ ਜਾਂਦਾ ਹੈ:-

(1) ਮਨੋ-ਗਤੀ ਵਿਗਿਆਨ ਜਾਂ ਸਾਈਕੋਡਾਈਨੈਮਿਕ ਵਿਚਾਰਧਾਰਾ ਦੀਆਂ ਜੜ੍ਹਾਂ (The Roots of psychodynamic thought)

(2) ਫ੍ਰਾਇਡ ਅਤੇ ਮਨੌਵਿਸ਼ਲੇਸ਼ਣ ਦੀ ਸ਼ੁਰੂਆਤ (Freud and the beginning of Psychoanalysis)
(3) ਮਨੌਵਿਸ਼ਲੇਸ਼ਣ ਦੇ ਮੂਲ ਸਿਧਾਂਤ (The basic principles of Psychoanalysis)
(4) ਨਵੇਂ ਮਨੋ-ਗਤੀ ਵਿਗਿਆਨ ਦ੍ਰਿਸ਼ਟੀਕੋਣ (Neuer Psychodynamic Perspectives)
(5) ਮਨੁੱਖੀ ਸਰੂਪ ਸੰਬੰਧੀ ਸਾਡੇ ਵਿਚਾਰਾਂ ਉਪਰ ਮਨੋ ਗਤੀ ਵਿਗਿਆਨ ਦ੍ਰਿਸ਼ਟੀਕੋਣ ਦਾ ਪ੍ਰਭਾਵ (The impact of the psychodynamic perspective on our views of human nature)

1.4.2 ਮਨੋ-ਗਤੀ ਵਿਗਿਆਨ ਵਿਚਾਰਧਾਰਾਂ ਦਾ ਆਧਾਰ (The roots of Psychodynamic thought)

ਮਨੋ ਵਿਸ਼ਲੇਸ਼ਣ ਦੀਆਂ ਜੜ੍ਹਾਂ ਕੁਝ ਕੁਝ ਅਸੰਭਾਵਿਤ ਸਥਾਨਾਂ ਜਿਵੇਂ ਹਿਪਨਾਸਿਸ ਦਾ ਅਧਿਐਨ ਖਾਸ ਤੌਰ ਤੇ ਹਿਸਟੀਰੀਆ ਨਾਲ ਇਸ ਦੇ ਸੰਬੰਧ, ਵਿਚ ਹਨ। ਹਿਪਨਾਸਿਸ ਆਰਾਮ ਦੀ ਇਕ ਪ੍ਰੇਰਿਤ ਅਵਸਥਾ ਹੈ ਜਿਸ ਵਿਚ ਵਿਅਕਤੀ ਸੁਝਾਓ ਜਾਂ ਸਲਾਹ ਲੈਣ ਪ੍ਰਤੀ ਆਪਣਾ ਖੁੱਲ੍ਹਾ ਰਵੱਈਆ ਦਿਖਾਉਂਦਾ ਹੈ। ਇਸ ਦੀ ਵਰਤੋਂ ਵਿਆਪਕ ਤੌਰ ਤੇ ਸਭ ਤੋਂ ਪਹਿਲਾਂ ਅਠ੍ਹਾਰਵੀਂ ਸਦੀ ਦੇ ਅੰਤ ਅਤੇ ਉਨੀਂਵੀ ਸਦੀ ਦੇ ਆਰੰਭ ਵਿਚ ਕੀਤੀ ਗਈ।

1.4.2.1 ਮੈਸਮਰਿਜ਼ਮ (Mesmerism) :

ਐਨਟਨ ਮੈਸਮਰ (Anton Mesmer, 1734-1815) ਜਰਮਨ ਦਾ ਇਕ ਫਿਜ਼ੀਸ਼ੀਅਨ ਸੀ ਜਿਸ ਨੇ ਮਨੁੱਖੀ ਸਰੀਰ ਉਤੇ ਗ੍ਰਹਿ ਦੇ ਪ੍ਰਭਾਵ ਬਾਰੇ ਪੈਰਾਸੈਲਸਸ (Paracelsus) ਵਿਚਾਰ ਵਿਕਸਿਤ ਕੀਤੇ। ਮੈਸਮਰ ਦਾ ਵਿਸ਼ਵਾਸ ਸੀ ਕਿ ਗ੍ਰਹਿ ਸਰੀਰ ਵਿਚ ਇਕ ਅਜਿਹੇ ਵਿਆਪਕ ਚੁੰਬਕੀ ਤਰਲ ਪਦਾਰਥ ਤੇ ਪ੍ਰਭਾਵ ਪਾਉਂਦੇ ਹਨ ਜਿਸ ਦੀ ਵੰਡ ਤੰਦਰੁਸਤੀ ਜਾਂ ਬੀਮਾਰੀ ਨਿਰਧਾਰਤ ਕਰਦੀ ਹੈ। ਮਾਨਸਿਕ ਵਿਕਾਰਾਂ ਦੇ ਇਲਾਜ ਲੱਛਣ ਦੀ ਕੋਸ਼ਿਸ਼ ਵਿਚ ਮੈਸਮਰ ਨੇ ਨਤੀਜਾ ਕੱਢਿਆ ਕਿ ਹਰ ਵਿਅਕਤੀ ਵਿਚ ਇਕ ਚੁੰਬਕੀ ਸ਼ਕਤੀ ਹੈ ਜੋ ਦੂਸਰੇ ਵਿਅਕਤੀਆਂ ਵਿਚ ਚੁੰਬਕੀ ਤਰਲ ਪਦਾਰਥ ਦੀ ਵੰਡ ਦੇ ਪ੍ਰਭਾਵ ਪਾਉਣ ਲਈ ਵਰਤੀ ਜਾ ਸਕਦੀ ਹੈ ਅਤੇ ਸਾਨੂੰ ਪ੍ਰਭਾਵਿਤ ਕਰ ਸਕਦੀ ਹੈ।

ਮੈਸਮਰ ਨੇ ਵਿਆਨਾ ਅਤੇ ਦੂਸਰੇ ਵੱਖ ਵੱਖ ਸ਼ਹਿਰਾਂ ਵਿਚ ਆਪਣੇ ਵਿਚਾਰਾਂ ਨੂੰ ਅਮਲੀ ਰੂਪ ਦੇਣ ਦੀ ਕੋਸ਼ਿਸ਼ ਕੀਤੀ ਅਤੇ 1778 ਵਿਚ ਪੈਰਿਸ ਵਿਚ ਉਹ ਇਕ ਕੋਸ਼ਿਸ਼ ਵਿਚ ਸਫਲ ਹੋ ਸਕਿਆ। ਉਥੇ ਉਸ ਨੇ ਇਕ ਕਲੀਨਿਕ ਖੋਲ੍ਹਿਆ, ਜਿਸ ਵਿਚ ਉਸ ਨੇ ਹਰ ਬੀਮਾਰੀ ਦਾ ਇਲਾਜ ਪਸ਼ੂ ਚੁੰਬਕਤਾ (Animal Magnetism) ਦੀ ਮਦਦ ਨਾਲ ਕੀਤਾ। ਇਕ ਹਨੇਰੇ ਕਮਰੇ ਵਿਚ ਰੋਗੀਆਂ ਨੂੰ ਵੱਖ-ਵੱਖ ਰਸਾਇਣਾਂ ਦੇ ਭਰੇ ਇਕ ਟੱਬ ਦੇ ਹਰ ਪਾਸੇ ਬਿਠ੍ਹਾ ਦਿਤਾ ਜਾਂਦਾ ਸੀ ਅਤੇ ਉਸ ਟੱਬ ਵਿਚੋਂ ਲੋਹੇ ਦੀਆਂ ਸਾਖਾਂ ਕੱਢ ਕੇ ਰੋਗੀ ਦੇ ਸਰੀਰ ਦੇ ਪ੍ਰਭਾਵਿਤ ਹਿੱਸੇ ਉੱਪਰ ਲਗਾਈਆਂ ਜਾਂਦੀਆਂ ਸਨ। ਉਸ ਤੋਂ ਬਾਅਦ ਸੰਗੀਤ ਦੇ ਅਨੁਸੰਗ ਮੈਸਮਰ ਇਕ ਪੋਸ਼ਾਕ ਜਾਂ ਚੋਗੇ ਵਿਚ ਹਾਜ਼ਿਰ ਹੁੰਦਾ ਸੀ ਅਤੇ ਇਕ ਰੋਗੀ ਤੋਂ ਦੂਸਰੇ ਰੋਗੀ ਤੱਕ ਹਰ ਇਕ ਰੋਗੀ ਨੂੰ ਆਪਣੇ ਹੱਥ ਜਾਂ ਛੜੀ ਨਾਲ ਛੂੰਹਦਾ ਸੀ। ਇਨ੍ਹਾਂ ਢੰਗਾਂ ਨਾਲ ਮੈਸਮਰ ਹਿਸਟੀਰੀਆ ਸੰਬੰਧੀ ਐਨਸਥੀਸੀਆਂ (Hysterical Anesthesia) ਅਤੇ ਅਧਰੰਗ ਦਾ ਇਲਾਜ ਕਰਨ ਵਿਚ ਸਫਲ ਹੋ ਗਿਆ। ਬਾਅਦ ਵਿਚ ਉਸ ਨੇ ਹਿਪਨਾਸਿਸ ਦੀ ਵਰਤੋਂ ਨਾਲ ਸੰਬੰਧਿਤ ਅਨੇਕ ਘਟਨਾਵਾਂ ਦੀ ਵਿਆਖਿਆ ਵੀ ਕੀਤੀ। ਇਸ ਦੇ ਫਲਸਰੂਪ ਮੈਸਮਰ ਦੇ ਚਿਕਿਤਸਕ ਸਾਥੀਆਂ ਨੇ ਉਸ ਉਤੇ ਨੀਮ ਹਕੀਮ ਦਾ ਕਲੰਕ ਲਗਾ ਕੇ ਉਸ ਨੂੰ ਪੈਰਿਸ ਛੱਡਣ ਲਈ ਮਜਬੂਰ ਕੀਤਾ ਅਤੇ ਛੇਤੀ ਹੀ ਉਹ ਗੁਮਨਾਮੀ ਦੇ ਹਨੇਰੇ ਵਿਚ ਗੁੰਮ ਹੋ ਗਿਆ। ਹਿਪਨਾਸਿਸ ਦੇ ਉਸ ਢੰਗ ਅਤੇ ਨਤੀਜੇ ਕਾਫੀ ਸਾਲਾਂ ਤੱਕ ਵਿਗਿਆਨਕ ਵਾਦ ਵਿਵਾਦ ਦਾ ਕੇਂਦਰ ਬਣਦੇ ਰਹੇ ਅਤੇ ਵੀਹਵੀਂ ਸਦੀ ਦੇ ਆਰੰਭ ਵਿਚ

ਮਨੋਵਿਸ਼ਲੇਸ਼ਣ ਦੀ ਚਰਚਾ ਦੀ ਤਰ੍ਹਾਂ ਮੈਸਮਰਿਜ਼ਮ ਵੀ ਉਨੀਵੀਂ ਸਦੀ ਦੇ ਅਰੰਭ ਵਿਚ ਜ਼ਬਰਦਸਤ ਚਰਚਾ ਦਾ ਵਿਸ਼ਾ ਬਣਿਆ ਰਿਹਾ। ਇਸ ਬਹਿਸ ਨੇ ਹਿਪਨਾਸਿਸ ਵਿਚ ਨਵੀਂ ਰੁਚੀ ਪੈਦਾ ਕਰ ਦਿਤੀ ਕਿਉਂਕਿ ਇਸ ਵਿਧੀ ਨਾਲ ਠੀਕ ਹੋ ਰਹੇ ਰੋਗੀਆਂ ਦੇ ਸੰਬੰਧ ਵਿਚ ਇਸ ਵਿਧੀ ਦੇ ਆਲੋਚਕਾਂ ਕੋਲ ਕੋਈ ਜਵਾਬ ਨਹੀਂ ਸੀ।

1.4.2.2 ਨੈਂਸੀ ਸਕੂਲ (The Nancy School) :

ਲਿਬਾਲਟ (Liebeault, 1823-1904) ਫਰਾਂਸ ਦਾ ਇਕ ਚਿਕਿਤਸਕ ਸੀ ਜਿਸ ਨੇ ਨੈਂਸੀ ਕਸਬੇ ਵਿਚ ਪ੍ਰੈਕਟਿਸ ਕੀਤੀ ਅਤੇ ਆਪਣੀ ਪ੍ਰੈਕਟਿਸ ਵਿਚ ਹਿਪਨਾਸਿਸ ਦੀ ਸਫਲਤਾ-ਪੂਰਵਕ ਵਰਤੋਂ ਕੀਤੀ। ਨੈਂਸੀ ਵਿਚ ਉਸ ਸਮੇਂ ਬਰਨਹੀਮ (Bernheim, 1840-1919) ਨਾਮ ਦਾ ਚਿਕਿਤਸਕ ਦਾ ਇਕ ਪ੍ਰੋਫੈਸਰ ਸੀ ਜਿਸ ਦੀ ਹਿਸਟੀਰੀਆਂ ਅਤੇ ਹਿਪਨਾਸਿਸ ਦੀ ਮੱਦਦ ਨਾਲ ਇਲਾਜ ਕਰਨ ਵਿੱਚ ਰੁਚੀ ਪੈਦਾ ਹੋਈ। ਉਸ ਦੀ ਰੁਚੀ ਉਸ ਸਮੇਂ ਪੈਦਾ ਹੋਈ ਜਦੋਂ ਇਕ ਰੋਗੀ, ਜਿਸ ਨੂੰ ਉਹ ਚਾਰ ਸਾਲਾਂ ਤੋਂ ਜ਼ਿਆਦਾ ਕੰਨਵੈਨਸ਼ਲ ਤਰੀਕਿਆਂ ਨਾਲ ਠੀਕ ਕਰਨ ਵਿਚ ਅਸਫਲ ਰਿਹਾ ਸੀ, ਨੂੰ ਲਿਬਾਲਟ ਨੇ ਹਿਪਨਾਸਿਸ ਦੀ ਮਦਦ ਨਾਲ ਠੀਕ ਕਰ ਦਿਤਾ। ਬਰਨਹੀਮ ਅਤੇ ਨਿਬਾਲਟ ਨੇ ਇਹ ਉਪ ਕਲਪਨਾ ਵਿਕਸਿਤ ਵਿਕਸਿਤ ਕਰਨ ਲਈ ਇਕੱਠੇ ਕੰਮ ਕੀਤਾ ਕਿ ਹਿਪਨਾਸਿਸ ਅਤੇ ਹਿਸਟੀਰੀਆ ਦਾ ਆਪਸ ਵਿਚ ਸੰਬੰਧ ਹੈ ਅਤੇ ਦੋਵੇਂ ਹੀ ਸਲਾਹ ਜਾਂ ਸੁਝਾਓ ਕਾਰਨ ਹੁੰਦੇ ਹਨ। ਉਹਨਾਂ ਦੀ ਉਪਕਲਪਨਾ ਦੋ ਤੱਥਾਂ ਦੇ ਆਧਾਰਿਤ ਸੀ :

(1) ਹਿਸਟੀਰੀਆ (Hysteria) ਵਿਚ ਪ੍ਰੇਖਿਤ ਘਟਨਾਵਾਂ, ਜਿਵੇਂ ਕਿ ਇਕ ਬਾਂਹ ਦਾ ਅਧਰੰਗ, ਸੁਨਣ ਦੀ ਅਯੋਗਤਾ, ਐਨਸਥੀਸੀਆ ਦਾ ਖੇਤਰ ਜਿੱਥੇ ਵਿਅਕਤੀ ਨੂੰ ਸੂਈ ਚੁਭੋਣ ਦੇ ਕੋਈ ਦਰਦ ਨਹੀਂ ਹੁੰਦਾ (ਇਹ ਸਭ ਉਸ ਸਮੇਂ ਹੁੰਦਾ ਹੈ ਜਦੋਂ ਅੰਗਿਕ ਤੌਰ ਦੇ ਕੁਝ ਵੀ ਗਲਤ ਨਹੀਂ), ਸਾਧਾਰਣ ਵਿਅਕਤੀਆਂ ਵਿਚ ਵੀ ਹਿਪਨਾਸਿਸ ਦੀ ਮਦਦ ਨਾਲ ਪੈਦਾ ਕੀਤੀਆਂ ਜਾ ਸਕਦੀਆਂ ਹਨ।

(2) ਪਹਿਲੇ ਤੱਥ ਵਿਚ ਲਿਖੇ ਅਜਿਹੇ ਸਾਰੇ ਲੱਛਣ ਹਿਪਨਾਸਿਸ ਦੀ ਮਦਦ ਨਾਲ ਹਟਾਏ ਵੀ ਜਾ ਸਕਦੇ ਹਨ। ਇਸ ਕਰਕੇ ਇਹ ਜਾਪਦਾ ਹੈ ਕਿ ਹਿਸਟਰੀਆਂ ਵੀ ਇਕ ਤਰ੍ਹਾਂ ਸਵੈ ਹਿਪਨਾਸਿਸ (Self-hypnosis) ਹੈ। ਉਹਨਾਂ ਸਾਰੇ ਡਾਕਟਰ ਨੂੰ ਜਿਨ੍ਹਾਂ ਨੇ ਇਸ ਵਿਚਾਰਧਾਰਾ ਨੂੰ ਮੰਨਿਆ, ਨੈਂਸੀ ਸਕੂਲ ਦੇ ਨਾਮ ਨਾਲ ਜਾਣਿਆ ਜਾਣ ਲੱਗਾ।

ਇਸ ਸਮੇਂ ਜੀਨ ਸ਼ਾਰਕੋ (1825–1893), ਜੋ ਪੈਰਿਸ ਵਿਚ ਸਾਲਪੈਟਰੈਰੇ ਹਸਪਤਾਲ ਦਾ ਮੁਖੀ ਸੀ ਅਤੇ ਆਪਣੇ ਸਮੇਂ ਦਾ ਪ੍ਰਮੁੱਖ ਨਾੜੀ ਵਿਗਿਆਨੀ (Neurologist) ਸੀ, ਨੇ ਮੈਸਮਰਿਜ਼ਮ ਦੁਆਰਾ ਵਰਨਣ ਕੀਤੀਆਂ ਗਈਆਂ ਕੁਝ ਘਟਨਾਂਵਾਂ ਤੇ ਪ੍ਰਯੋਗ ਕੀਤੇ। ਆਪਣੀ ਖੋਜ ਦੇ ਨਤੀਜੇ ਵਜੋਂ ਸ਼ਾਰਕੋ ਨੇ ਨੈਂਸੀ ਸਕੂਲ ਨਾਲ ਆਪਣੀ ਅਸਹਿਮਤੀ ਪ੍ਰਗਟ ਕੀਤੀ ਅਤੇ ਇਸ ਗੱਲ ਤੇ ਜ਼ੋਰ ਦਿਤਾ ਕਿ ਖਰਾਬ ਦਿਮਾਗੀ ਤਬਦੀਲੀਆਂ ਹਿਸਟੀਰੀਆ ਨੂੰ ਜਨਮ ਦਿੰਦੀਆਂ ਹਨ। ਅਖੀਰ ਵਿਚ ਸ਼ਾਰਕੋ ਗਲਤ ਸਿੱਧ ਹੋਇਆ ਪਰੰਤੂ ਮਾਹਿਰ ਵਿਗਿਆਨਕਾਂ ਦੁਆਰਾ ਇਸ ਸਮੱਸਿਆ ਉਤੇ ਕੀਤੇ ਕੰਮ ਨੇ ਹਿਸਟੀਰੀਆ ਵਿਚ ਡਾਕਟਰੀ ਅਤੇ ਵਿਗਿਆਨਕ ਰੁਚੀ ਪੈਦਾ ਕਰ ਦਿਤੀ।

ਸ਼ਾਰਕੋ ਅਤੇ ਨੈਂਸੀ ਸਕੂਲ ਵਿਚਕਾਰ ਲੜਾਈ ਡਾਕਟਰੀ ਇਤਿਹਾਸ ਦੇ ਪ੍ਰਮੁੱਖ ਵਾਦ ਵਿਵਾਦ ਵਿਚੋਂ ਇਕੋ ਸੀ। ਜਿਸ ਦੋਰਾਨ ਦੋਵੇਂ ਪਾਸਿਆਂ ਤੋਂ ਕਾਫੀ ਰੁੱਖੇ ਸ਼ਬਦ ਕਹੇ ਗਏ। ਨੈਂਸੀ ਸਕੂਲ ਦੇ ਹਮਾਇਤੀ ਅਖੀਰ ਵਿਚ ਜਿੱਤ ਗਏ ਅਤੇ ਇਹ ਅਜਿਹਾ ਪਹਿਲਾ ਸਕੂਲ ਸੀ ਜਿਸ ਵਿਚ ਮਾਨਸਿਕ ਵਿਕਾਰਾਂ ਦੇ ਮਨੋਵਿਗਿਆਨਕ ਕਾਰਣਾਂ ਦੀ ਪਹਿਲੀ ਵਾਰ ਪਹਿਚਾਣ ਹੋਈ। ਇਸ ਪਹਿਚਾਣ ਨਾਲ ਹਿਸਟੀਰੀਆ ਅਤੇ ਦੂਸਰੇ ਮਾਨਸਿਕ ਵਿਕਾਰਾਂ ਦੇ ਵਿਵਹਾਰ ਉਤੇ ਖੋਜ ਹੋਰ ਤੇਜ਼ੀ ਨਾਲ ਸ਼ੁਰੂ ਹੋ ਗਈ। ਖੋਜਾਂ ਦੇ ਪ੍ਰਾਪਤ ਅੰਕੜਿਆਂ ਤੋਂ ਪਤਾ ਚਲਿਆ ਕਿ ਚਿੰਤਾ ਅਵਸਥਾ, ਭੈ ਅਤੇ ਹੋਰ ਮਨੋ-ਰੋਗ ਵਿਗਿਆਨਾਂ ਵਿਚ ਮਨੋਵਿਗਿਆਨਿਕ ਕਾਰਣ ਵੀ ਸ਼ਾਮਲ ਹਨ। ਅਖੀਰ ਵਿਚ ਸ਼ਾਰਕੋ ਆਪ ਹੀ ਇਸ ਵਿਚਾਰ ਧਾਰਾ ਵੱਲ ਪ੍ਰੇਰਿਤ ਹੋਇਆ ਅਤੇ ਉਸ ਨੇ ਵੱਖ-ਵੱਖ ਮਾਨਸਿਕ ਵਿਕਾਰਾਂ ਵਿਚ

ਮਨੋਵਿਗਿਆਨਿਕ ਕਾਰਣਾਂ ਦੇ ਅਧਿਐਨ ਨੂੰ ਵਧਾਉਣ ਵਿਚ ਕਾਫੀ ਕੰਮ ਕੀਤਾ। ਵਾਦ-ਵਿਵਾਦ ਦਾ ਇਹ ਵਿਸ਼ਾ ਕਿ ਮਾਨਸਿਕ ਵਿਕਾਰ ਜੀਵ ਕਾਰਣਾ ਦਾ ਨਤੀਜਾ ਹਨ ਜਾਂ ਮਨੋਵਿਗਿਆਨ ਕਾਰਣਾਂ, ਦਾ ਅੱਜ ਤੱਕ ਚਲ ਰਿਹਾ ਹੈ। ਫਿਰ ਵੀ ਨੈਂਸੀ ਸਕੂਲ ਅਤੇ ਸ਼ਾਰਕੋ ਦੀ ਬਹਿਸ ਨੇ ਇਕ ਨਵਾਂ ਪੱਖ ਪੇਸ਼ ਕੀਤਾ ਹੈ। 19ਵੀਂ ਸਦੀ ਦੇ ਅੰਤ ਤੱਕ ਇਹ ਸਪਸ਼ਟ ਸੀ ਕਿ ਮਾਨਸਿਕ ਵਿਕਾਰਾਂ ਦਾ ਆਧਾਰ ਮਨੋਵਿਗਿਆਨਕ ਵੀ ਹੋ ਸਕਦਾ ਹੈ ਅਤੇ ਜੈਵਿਕ ਵੀ ਜਾਂ ਦੋਵੇਂ ਵੀ ਇਨ੍ਹਾਂ ਵਿਕਾਰਾਂ ਦਾ ਆਧਾਰ ਬਣ ਸਕਦੇ ਹਨ। ਇਸ ਖੋਜ ਤੋਂ ਇਕ ਅਜਿਹਾ ਪ੍ਰਮੁੱਖ ਪ੍ਰਸ਼ਨ ਸਾਹਮਣੇ ਆਇਆ ਹੈ ਜਿਸ ਦਾ ਉੱਤਰ ਅਜੇ ਦੇਣਾ ਬਾਕੀ ਹੈ ਕਿ ਮਨੋਵਿਗਿਆਨਕ ਕਾਰਣਾਂ ਤੇ ਆਧਾਰਿਤ ਮਾਨਸਿਕ ਵਿਕਾਰ ਕਿਸ ਤਰ੍ਹਾਂ ਵਿਕਸਿਤ ਹੁੰਦੇ ਹਨ।

1.4.3 ਫ੍ਰਾਇਡ ਅਤੇ ਮਨੋਵਿਸ਼ਲੇਸ਼ਣ ਦੀ ਸ਼ੁਰੂਆਤ (Freud and the beginning of Psychoanalysis)

ਉਪਰ ਦਿੱਤੇ ਪ੍ਰਸ਼ਨ ਦਾ ਉੱਤਰ ਦੇਣ ਦੀ ਸਭ ਤੋਂ ਪਹਿਲੀ ਕੋਸ਼ਿਸ਼ ਸਿਗਮੰਡ ਫ੍ਰਾਇਡ (Sigmund Freud, 1856-1939) ਨੇ ਕੀਤੀ। ਫ੍ਰਾਇਡ ਇਕ ਨੌਜਵਾਨ ਸਫਲ ਡਾਕਟਰ ਸੀ ਜੋ ਨਾੜੀ-ਵਿਗਿਆਨ ਵਿਚ ਮਾਹਿਰ ਸੀ ਅਤੇ ਵਿਆਨਾਂ ਦੀ ਯੂਨੀਵਰਸਿਟੀ ਵਿਚ ਲੈਕਚਰਾਰ ਵਜੋਂ ਨਿਯੁਕਤ ਸੀ। 1885 ਵਿਚ ਉਹ ਸ਼ਾਰਕੋ ਕੋਲ ਅਧਿਐਨ ਕਰਨ ਲਈ ਚਲਾ ਗਿਆ ਅਤੇ ਬਾਅਦ ਵਿਚ ਉਸ ਦੀ ਨੈਂਸੀ ਵਿਖੇ ਲਬਾਲਟ ਅਤੇ ਬਰਨਹੀਮ ਦੇ ਕੰਮ ਨਾਲ ਜਾਣ ਪਹਿਚਾਣ ਹੋਈ। ਹਿਸਟੀਰੀਆ ਦੇ ਰੋਗੀਆਂ ਲਈ ਹਿਪਨਾਸਿਸ ਦੀ ਉਹਨਾਂ ਦੀ ਵਰਤੋਂ ਦੁਆਰਾ ਉਹ ਬਹੁਤ ਪ੍ਰਭਾਵਿਤ ਹੋਇਆ ਤੇ ਉਸਨੂੰ ਵਿਸ਼ਵਾਸ ਹੋ ਗਿਆ ਕਿ ਸ਼ਕਤੀਸ਼ਾਲੀ ਮਾਨਸਿਕ ਪ੍ਰਕ੍ਰਿਆਵਾਂ ਚੇਤਨਤਾ ਤੋਂ ਛੁਪੀਆਂ ਰਹਿ ਸਕਦੀਆਂ ਹਨ।

ਵਿਆਨਾ ਵਾਪਸ ਪਰਤਣ ਤੋਂ ਬਾਅਦ ਫ੍ਰਾਇਡ ਨੇ ਇਕ ਹੋਰ ਡਾਕਟਰ ਜੋਜ਼ਫ ਬਰੂਅਰ, ਜਿਸ ਨੇ ਆਪਣੇ ਰੋਗੀਆਂ ਨਾਲ ਹਿਪਾਨਾਸਿਸ ਦੀ ਵਰਤੋਂ ਕਰਕੇ ਇਕ ਰੋਚਕ ਕਾਢ ਕੱਢੀ, ਨਾਲ ਮਿਲ ਕੇ ਕੰਮ ਕੀਤਾ। ਉਸ ਨੇ ਹਿਪਨਾਸਿਸ ਅਧੀਨ ਰੋਗੀਆਂ ਨੂੰ ਆਪਣੀਆਂ ਸਮਸਿਆਂ ਬਾਰੇ ਖੁੱਲ ਕੇ ਗੱਲ ਕਰਨ ਲਈ ਨਿਰਦੇਸ਼ ਕੀਤਾ। ਰੋਗੀ ਆਮ ਤੌਰ ਤੇ ਬਹੁਤ ਜਿਆਦਾ ਸੰਵੇਗ ਦਾ ਪ੍ਰਗਟਾਵਾ ਕਰਦੇ ਸਨ ਅਤੇ ਜਦੋਂ ਕਿ ਹਿਪਨਾਸਿਸ ਅਵਸਥਾ ਤੋਂ ਬਾਹਰ ਆਉਂਦੇ ਸਨ, ਆਪਣੇ ਆਪ ਨੂੰ ਹਲਕਾ ਮਹਿਸੂਸ ਕਰਦੇ ਸਨ। ਇਸ ਵਿਧੀ ਵਿਚ ਸੰਵੇਗਾਂ ਨੂੰ ਮੁਕਤ ਕੀਤਾ ਜਾਂਦਾ ਸੀ ਇਸ ਕਰਕੇ ਇਸ ਨੂੰ ਭਾਵ-ਵਿਵੇਚਨ ਜਾਂ ਕੈਥਾਰਸਿਸ (Catharsis) ਕਿਹਾ ਗਿਆ। ਹਿਪਨਾਸਿਸ ਦੀ ਵਰਤੋਂ ਵਿਚ ਇਹ ਸਾਧਾਰਣ ਖੋਜ ਬਹੁਤ ਮਹੱਤਵਪੂਰਣ ਸਿੱਧ ਹੋਈ। ਇਸ ਵਿਧੀ ਨਾਲ ਆਪਣੀਆਂ ਸਮੱਸਿਆਵਾਂ ਬਾਰੇ ਦੱਸ ਕੇ ਆਪਣੀ ਭਾਵਾਤਮਕ ਚਿੰਤਾਵਾ ਤੋਂ ਮੁਕਤ ਹੋਣ ਨਾਲ ਸਿਰਫ ਰੋਗੀਆਂ ਨੂੰ ਹੀ ਫਾਇਦਾ ਨਹੀਂ ਹੋਇਆ ਸਗੋਂ ਇਸ ਨਾਲ ਥੈਰਾਪਿਸਟ ਨੂੰ ਵੀ ਕੁਝ ਵਿਸ਼ੇਸ਼ ਲੱਛਣਾਂ ਸੰਬੰਧੀ ਸਮੱਸਿਆਵਾਂ ਦੇ ਸਰੂਪ ਬਾਰੇ ਗਿਆਨ ਹੋਇਆ। ਰੋਗੀ ਜਦੋਂ ਹਿਪਨਾਸਿਸ ਦੀ ਅਵਸਥਾ ਵਿਚੋਂ ਬਾਹਰ ਆਉਂਦਾ ਸੀ, ਤਾਂ ਉਸ ਨੂੰ ਆਪਣੀਆਂ ਸਮੱਸਿਆਵਾਂ ਅਤੇ ਹਿਸਟੀਰੀਆ ਦੇ ਲੱਛਣਾਂ ਵਿਚਕਾਰ ਕੋਈ ਸੰਬੰਧ ਨਜ਼ਰ ਨਹੀਂ ਸੀ ਆਉਂਦਾ।

ਰੋਗੀ ਦੀ ਇਸ ਅਵਸਥਾ ਤੋਂ ਅਚੇਤਨਤਾ (Unconscious) ਦੀ ਖੋਜ ਹੋਈ। ਅਚੇਤਨਤਾ ਦਿਮਾਗ ਦਾ ਉਹ ਹਿੱਸਾ ਹੈ ਜਿਸ ਵਿਚ ਅਜਿਹੇ ਤਜ਼ਰਬੇ ਸ਼ਾਮਲ ਹੁੰਦੇ ਹਨ ਜਿਨ੍ਹਾਂ ਬਾਰੇ ਵਿਅਕਤੀ ਬਿਲਕੁਲ ਅਣਜਾਣ ਹੁੰਦਾ ਹੈ। ਇਹ ਖੋਜ ਇਸ ਵਿਸ਼ਵਾਸ ਨਾਲ ਸ਼ੁਰੂ ਹੋਈ ਕਿ ਵਿਅਕਤੀ ਦੀ ਜਾਗਰੂਪਤਾ ਤੋਂ ਬਾਹਰ ਦੀਆਂ ਪ੍ਰਕ੍ਰਿਆਵਾਂ ਦੀ ਵਿਅਕਤੀ ਦੇ ਵਿਵਹਾਰ ਨੂੰ ਨਿਰਧਾਰਨ ਕਰਨ ਵਿਚ ਮਹੱਤਵਪੂਰਨ ਰੋਲ ਪ੍ਰਦਾਨ ਕਰਦੀਆਂ ਹਨ। 1893 ਵਿਚ ਫ੍ਰਾਇਡ ਅਤੇ ਬਰੂਅਰ ਨੇ ਹਿਸਟੀਰੀਕਲ ਤੱਥਾਂ ਦੀ ਮਾਨਸਿਕ ਰਚਨਾ-ਪ੍ਰਕ੍ਰਿਆ ਉੱਤੇ (On the psychical mechanisms of

Hysterical Phenomena) ਇਕ ਸਾਂਝਾਂ ਪੇਪਰ ਪ੍ਰਕਾਸ਼ਿਤ ਕੀਤਾ ਜੋ ਮਨੋ-ਗਤੀ ਵਿਗਿਆਨ (Psychodynamics) ਦੇ ਅਧਿਐਨ ਵਿਚ ਇਕ ਮੀਲ-ਪੱਥਰ ਸਾਬਤ ਹੋਇਆ।

ਕੁਝ ਦੇਰ ਬਾਅਦ ਫ੍ਰਾਇਡ ਨੇ ਮਹਿਸੂਸ ਕੀਤਾ ਕਿ ਉਹ ਇਕੱਲਾ ਹੀ ਪੂਰੇ ਰੂਪ ਵਿਚ ਹਿਪਨਾਸਿਸ ਤੇ ਕੰਮ ਕਰ ਸਕਦਾ ਹੈ। ਉਸ ਨੇ ਆਪਣੇ ਰੋਗੀਆਂ ਨੂੰ ਉਤਸ਼ਾਹਿਤ ਕੀਤਾ ਕਿ ਬਿਨਾਂ ਸੋਚੇ-ਸਮਝੇ ਜੋ ਵੀ ਉਹਨਾਂ ਦੇ ਮਨ ਵਿਚ ਆਉਂਦਾ ਹੈ ਬੋਲ ਦੇਣ। ਫ੍ਰਾਇਡ ਨੇ ਦੇਖਿਆ ਕਿ ਰੋਗੀ ਅਖੀਰ ਵਿਚ ਹੋਲੀ-ਹੋਲੀ ਆਪਣੀਆਂ ਸਮੱਸਿਆਵਾਂ ਬਾਰੇ ਆਪਣੇ ਆਪ ਹੀ ਦੱਸਣ ਲੱਗੇ ਕਿਉਂਕਿ ਯਾਦ ਕਰਨ ਦੀ ਅੰਦਰੂਨੀ ਰੁਕਾਵਟ ਤੇ ਉਹਨਾਂ ਨੇ ਕਾਬੂ ਪਾ ਲਿਆ ਸੀ। ਰੋਗੀ ਦੀਆਂ ਚੇਤਨ ਅਤੇ ਅਚੇਤਨ (Conscious and Unconscious) ਸੋਚ ਕ੍ਰਿਆਵਾਂ ਨੂੰ ਸਮਝਣ ਲਈ ਫ੍ਰਾਇਡ ਨੇ ਦੋ ਢੰਗ ਅਪਣਾਏ। ਇਕ ਢੰਗ ਜਿਸ ਨੂੰ ਮੁਕਤ ਸਹਿਚਾਰਤਾ (Free Association) ਕਿਹਾ ਜਾਂਦਾ ਹੈ, ਵਿਚ ਰੋਗੀ ਆਪਣੇ ਆਪ ਬਾਰੇ ਆਪਣੀ ਇੱਛਾ ਨਾਲ ਦੱਸਦਾ ਹੈ ਜਿਸ ਤੋਂ ਉਸ ਦੀਆਂ ਭਾਵਨਾਵਾਂ, ਪ੍ਰੇਰਕਾ ਆਦਿ ਬਾਰੇ ਜਾਣਕਾਰੀ ਮਿਲ ਜਾਂਦੀ ਹੈ। ਦੂਸਰਾ ਢੰਗ ਸੁਪਨ ਵਿਸ਼ਲੇਸ਼ਣ ਹੈ (Dream Analysis) ਜਿਸ ਵਿਚ ਰੋਗੀਆਂ ਨੂੰ ਆਪਣੇ ਸੁਪਨਿਆਂ ਦਾ ਵਰਨਣ ਕਰਨ ਲਈ ਕਿਹਾ ਜਾਂਦਾ ਹੈ। ਇਹਨਾਂ ਵਿਧੀਆਂ ਨਾਲ ਰੋਗੀਆਂ ਅਤੇ ਥੈਰਾਪਿਸਟ ਨੂੰ ਅੰਤਰ-ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ ਜਿਸ ਨਾਲ ਰੋਗੀ ਦੀਆਂ ਭਾਵਾਤਮਕ ਸਮੱਸਿਆਵਾਂ ਸੰਬੰਧੀ ਜ਼ਿਆਦਾ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਇਸ ਤੋਂ ਬਾਅਦ ਫ੍ਰਾਇਡ ਨੇ ਆਪਣੀ ਸਾਰੀ ਜ਼ਿੰਦਗੀ ਮਨੋਵਿਸ਼ਲੇਸ਼ੀ ਸਿਧਾਂਤਾਂ ਦੇ ਵਿਕਾਸ ਲਈ ਸਮਰਪਿਤ ਕਰ ਦਿੱਤੀ। ਫ੍ਰਾਇਡ ਦੀ ਵਿਚਾਰਧਾਰਾ ਨੂੰ 1909 ਵਿਚ ਅਮਰੀਕਾ ਦੇ ਵਿਗਿਆਨੀਆਂ ਅੱਗੇ ਰਸਮੀ ਤੌਰ ਤੇ ਪੇਸ਼ ਕੀਤਾ। ਕਲਾਰਕ ਯੂਨੀਵਰਸਿਟੀ ਦੇ ਅਧਿਅਕਸ ਜੀ. ਸਟੈਨਲੇ ਹਾਲ (G. Stanley Hall), ਜੋ ਇਕ ਪ੍ਰਸਿੱਧ ਮਨੋਵਿਗਿਆਨਕ ਵੀ ਸੀ, ਨੇ ਫ੍ਰਾਇਡ ਨੂੰ ਲੈਕਚਰ ਦੇਣ ਲਈ ਬੁਲਾਇਆ। ਮਨੋਵਿਸ਼ਲੇਸ਼ਣ ਦੇ ਇਹਨਾਂ ਆਰੰਭਿਕ ਲੈਕਚਰਾਂ ਨੇ ਵਾਦ-ਵਿਵਾਦ ਪੈਦਾ ਕਰ ਦਿੱਤਾ, ਜਿਸ ਨਾਲ ਵਿਗਿਆਨੀਆਂ ਅਤੇ ਆਮ ਜਨਤਾ ਵਿਚ ਮਨੋਵਿਸ਼ਲੇਸ਼ਣ ਵਿਧੀ ਪ੍ਰਸਿੱਧ ਹੋ ਗਈ ।

1.4.4 ਮਨੋਵਿਸ਼ਲੇਸ਼ਣ ਦੇ ਆਧਾਰਭੂਤ (The Basic of Psychoanalysis):

ਮਨੋਵਿਸ਼ਲੇਸ਼ਣ ਵਿਚ ਸ਼ਾਮਲ ਅਸਲੀ ਤਕਨੀਕਾਂ ਫ੍ਰਾਇਡ ਦੇ ਸ਼ਖਸ਼ੀਅਤ ਦੇ ਸਿਧਾਂਤ ਦੇ ਬੁਨਿਆਦੀ ਨਿਯਮਾਂ ਤੇ ਆਧਾਰਿਤ ਹਨ। ਇਹ ਨਿਯਮ ਬਹੁਤ ਗੁੰਝਲਦਾਰ ਹਨ। ਇਹਨਾਂ ਨਿਯਮਾਂ ਤੇ ਅਸੀਂ ਸਾਧਾਰਣ ਜਿਹੀ ਝਾਤ ਮਾਰਦੇ ਹਾਂ।

1.4.4.1 ਇਡ, ਈਗੋ, ਸੁਪਰ ਈਗੋ (Id, Ego and Super-Ego)

ਫ੍ਰਾਇਡ ਨੇ ਸਿਧਾਂਤ ਬਣਾਇਆ ਕਿ ਵਿਅਕਤੀ ਦਾ ਵਿਵਹਾਰ ਉਸਦੇ ਵਿਅਕਤੀਤਵ ਵਿਚ ਸ਼ਾਮਲ ਤਿੰਨ ਪ੍ਰਮੁੱਖ ਹਿੱਸਿਆਂ ਦੀ ਅੰਤਰ-ਕ੍ਰਿਆ ਦੇ ਨਤੀਜੇ ਵਜੋਂ ਪੈਦਾ ਹੁੰਦਾ ਹੈ। ਇਹ ਤਿੰਨ ਪ੍ਰਮੁੱਖ ਹਿੱਸੇ ਹਨ : ਇਡ (Id), ਈਗੋ (Ego), ਸੁਪਰ-ਈਗੋ (Super-Ego)। ਇਡ ਅਚੇਤ ਮਨ ਦਾ ਪ੍ਰਤਿਨਿਧ ਹੈ। ਇਹ ਸੁੱਖ ਸਿਧਾਂਤ (Pleasure Principle) ਅਤੇ ਕਸ਼ਟ ਤੋਂ ਬਚਨ ਦੇ ਨਿਯਮਾਂ ਦੀ ਅਗਵਾਈ ਹੇਠਾਂ ਕੰਮ ਕਰਦਾ ਹੈ। ਅਚੇਤਨ ਮਨ ਦੀ ਤਰ੍ਹਾਂ ਇਹ ਵੀ ਅਵਿਵਸਥਿਤ ਅਤੇ ਸਮਾਂ-ਰਹਿਤ ਹੁੰਦਾ ਹੈ ਅਤੇ ਇਸ ਦਾ ਵਾਸਤਵਿਕਤਾ ਨਾਲ ਕੋਈ ਸੰਬੰਧ ਨਹੀਂ ਹੁੰਦਾ। ਤਰਕ ਦੀ ਵੀ ਇਸ ਵਿਚ ਕੋਈ ਥਾਂ ਨਹੀਂ। ਵਿਰੋਧੀ ਆਵੇਗ ਨਾਲੋਂ ਨਾਲ ਇਸ ਵਿਚ ਰਹਿੰਦੇ ਹਨ ਤੇ ਇਕ ਦੂਜੇ ਤੇ ਇਹਨਾਂ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਇਸ ਵਿਚ ਨੈਤਿਕ ਅਸੂਲਾਂ ਦੀ ਘਾਟ ਹੁੰਦੀ ਹੈ ਅਤੇ ਸਮਾਜਿਕ ਮੁੱਲਾਂ ਲਈ ਕੋਈ ਥਾਂ ਨਹੀਂ ਹੁੰਦੀ। ਈਗੋ ਜਾਂ ਹਉਮੈ ਮਨ ਦਾ ਉਹ ਭਾਗ ਹੈ ਜਿਹੜਾ ਸੋਚਦਾ, ਵਿਚਾਰਦਾ, ਨਿਰਨਾ ਕਰਦਾ ਅਤੇ ਸੰਕਲਪ ਕਰਦਾ ਹੈ। ਮਨ ਦਾ ਇਹ ਭਾਗ ਬਾਹਰੀ ਦੁਨੀਆਂ ਦੇ ਨੇੜੇ ਰਹਿੰਦਾ ਹੈ। ਇਸ ਲਈ ਇਸ ਦਾ ਅਸਲੀਅਤ ਦੇ ਸਿਧਾਂਤ ਨਾਲ ਸੰਬੰਧ ਹੁੰਦਾ ਹੈ। ਹਉਮੈ ਦਾ ਮੁੱਖ ਕੰਮ ਵਿਅਕਤੀ ਦੀਆਂ ਭੋਜਨ ਲੋੜਾਂ ਪੂਰੀਆਂ ਕਰਨੀਆਂ, ਇਡ ਦੀਆਂ

ਮੰਗਾਂ ਵਾਸਿਤਵਿਕ ਮੰਗਾਂ ਨਾਲ ਸਮੰਜਨ ਕਰਨਾ, ਦਮਨ ਕਰਨਾ ਅਤੇ ਇਡ ਤੇ ਸੁਪਰ ਈਗੋ ਦੀਆਂ ਪ੍ਰੇਰਨਾਵਾਂ ਵਿਚ ਤਾਲਮੇਲ ਬਣਾਉਣਾ ਹੈ। ਹਉਮੈ ਦੀ ਸ਼ਕਤੀ ਦਾ ਸਰੋਤ ਇਡ ਹੁੰਦਾ ਹੈ ਅਤੇ ਸੁਪਰ-ਈਗੋ ਇਕ ਨੈਤਿਕ ਸੈਂਸਰ ਹੈ। ਸੁਪਰ ਈਗੋ ਇਕ ਤਰ੍ਹਾਂ ਦਾ ਅੰਤਕਰਨ ਹੇ। ਇਹ ਕੁਝ ਸੁਚੇਤ ਹੈ ਪਰ ਬਹੁਤ ਕਰਕੇ ਇਹ ਅਚੇਤ ਹੀ ਰਹਿੰਦਾ ਹੈ। ਇਸ ਵਿਚ ਵਿਰਸੇ ਵਿਚ ਮਿਲੇ ਨੈਤਿਕ ਝੁਕਾਅ ਹੁੰਦੇ ਹਨ ਅਤੇ ਸਭਿਅਕ ਬੰਧਨਾ, ਨੈਤਿਕ ਮਨਾਹੀਆਂ ਅਤੇ ਆਦਰਸ਼ਾਂ ਨਾਲ ਇਹ ਨੈਤਿਕ ਝੁਕਾਅ ਹੋਰ ਵੀ ਤੀਬਰ ਹੋ ਜਾਂਦੇ ਹਨ। ਮਨ ਦਾ ਇਹ ਭਾਗ ਮਾਪਿਆਂ, ਅਧਿਆਪਕਾਂ ਅਤੇ ਸਮਾਜ ਵਲੋਂ ਵਿਅਕਤੀ ਨੂੰ ਸਿਖਾਏ ਗਏ ਸਮਾਜਿਕ ਮਿਆਰਾਂ ਤੇ ਅਮਲ ਕਰਣ ਨੂੰ ਪ੍ਰੇਰਦਾ ਹੈ।

ਫ੍ਰਾਇਡ ਦਾ ਵਿਸ਼ਵਾਸ ਹੈ ਵਿਵਹਾਰ ਨੂੰ ਨਿਰਧਾਰਤ ਕਰਨ ਵਿਚ ਇਡ, ਈਗੋ ਅਤੇ ਸੁਪਰ-ਈਗੋ ਦਾ ਮਹੱਤਵਪੂਰਣ ਅਤੇ ਨਿਰਣਾਇਕਿ ਰੋਲ ਹੈ। ਅਕਸਰ ਅੰਦਰੂਨੀ ਸੰਘਰਸ਼ ਇਸ ਕਰਕੇ ਹੀ ਪੈਦਾ ਹੁੰਦੇ ਹਨ ਕਿ ਇਹ ਤਿੰਨੋਂ ਸਿਸਟਮ ਵੱਖ-ਵੱਖ ਟੀਚਿਆਂ ਦੀ ਕੋਸ਼ਿਸ਼ ਕਰਦੇ ਹਨ। ਇਹਨਾਂ ਸੰਘਰਸ਼ਾਂ ਨੂੰ ਮਨ ਦਵੰਦ ਜਾਂ ਮਨ ਅੰਦਰਲਾ ਸੰਘਰਸ਼ (Intrapsychic conflicts) ਕਿਹਾ ਜਾਂਦਾ ਹੈ। ਜੇ ਇਹਨਾਂ ਦਾ ਹੱਲ ਨਾ ਲੱਭਿਆ ਜਾਏ ਤਾਂ ਮਾਨਸਿਕ ਵਿਕਾਰ ਪੈਦਾ ਹੋ ਜਾਂਦੇ ਹਨ।

1.4.4.2 ਚਿੰਤਾ, ਆਤਮ-ਰਖਿਆ ਪ੍ਰਤਿਕ੍ਰਿਆ ਅਤੇ ਅਚੇਤ (Anxiety, Defense mechanisms and the Unconscious)

ਚਿੰਤਾ ਦੀ ਇਹ ਧਾਰਨਾ, ਜਿਵੇਂ ਕਿ ਭੈ ਅਤੇ ਸ਼ੰਕਾਂ ਦੀਆਂ ਸਾਧਾਰਣੀਕ੍ਰਿਤੀ ਭਾਵਨਾਵਾਂ, ਮਨੋਵਿਸ਼ਲੇਸ਼ਣ ਵਿਚਾਰਧਾਰਾ ਵਿਚ ਪ੍ਰਮੁੱਖ ਹਨ। ਫ੍ਰਾਇਡ ਨੇ ਤਿੰਨ ਪ੍ਰਕਾਰ ਦੀ ਚਿੰਤਾ ਵਿਚ, ਜੋ ਵਿਅਕਤੀ ਭੁਗਤਦੇ ਹਨ, ਭਿੰਨਤਾ ਦਰਸਾਈ ਹੈ :-

(a) ਅਸਲੀ ਚਿੰਤਾ (Reality Anxiety), ਜੋ ਬਾਹਰੀ ਸੰਸਾਰ ਵਿਚ ਖਤਰਿਆਂ ਜਾਂ ਧਮਕੀਆਂ ਤੋਂ ਪੈਦਾ ਹੁੰਦੀ ਹੈ।

(b) ਮਨ ਸੰਤਾਪੀ ਚਿੰਤਾ (Neurotic Anxiety)

(c) ਨੈਤਿਕ ਚਿੰਤਾ (Moral Anxiety) ਜੋ ਵਿਅਕਤੀ ਦੀ ਸੁਪਰ ਈਗੋ ਨਾਲ ਸੰਘਰਸ਼ ਵਿਚ ਇਕ ਅਸਲੀ ਜਾਂ ਸੋਚ ਵਿਚਾਰ ਨੇ ਕੀਤੀ ਗਈ ਕ੍ਰਿਆ ਦੇ ਨਤੀਜੇ ਵਜੋਂ ਪੈਦਾ ਹੁੰਦੀ ਹੈ ਅਤੇ ਅਪਰਾਧ ਦੀ ਭਾਵਨਾ ਪੈਦਾ ਕਰਦੀ ਹੈ।

ਚਿੰਤਾ ਭਵਿੱਖ ਵਿਚ ਆਉਣ ਵਾਲੇ ਖਤਰੇ ਦੀ ਇਕ ਚਿਤਾਵਨੀ ਅਤੇ ਦਰਦਨਾਇਕ ਅਨੁਭਵ ਹੁੰਦੀ ਹੈ ਜੋ ਵਿਅਕਤੀ ਨੂੰ ਸਹੀ ਕਾਰਵਾਈ ਕਰਨ ਲਈ ਮਜ਼ਬੂਰ ਕਰਦੀ ਹੈ। ਆਮ ਤੌਰ ਤੇ ਈਗੋ ਵਿਵੇਕਾਤਮਕ ਢੰਗਾਂ ਰਾਹੀਂ ਚਿੰਤਾ ਨਾਲ ਨਜਿੱਠ ਸਕਦੀ ਹੈ ਪਰ ਫਿਰ ਵੀ ਈਗੋ ਅਜਿਹੇ ਤਰਕਹੀਨ ਰੱਖਿਆਤਮਕ ਤਰੀਕਿਆਂ ਨਾਲ ਕ੍ਰਿਆ ਕਰਦੀ ਹੈ ਜਿਹਨਾਂ ਨੂੰ ਈਗੋ ਆਤਮ ਰੱਖਿਆ ਪ੍ਰਤਿਕ੍ਰਿਆ (Ego-defense mechanisms) ਕਿਹਾ ਜਾਂਦਾ ਹੈ। ਈਗੋ ਆਤਮ ਰੱਖਿਆ ਪ੍ਰਤਿਕ੍ਰਿਆ ਨੂੰ ਉਦਾਹਰਣ ਰਾਹੀਂ ਹੇਠਾਂ ਪੇਸ਼ ਕੀਤਾ ਜਾਂਦਾ ਹੈ।

1.4.4.2.1 ਈਗੋ ਸਵ-ਰਖਿੱਆ ਪ੍ਰਤਿਕ੍ਰਿਆਵਾਂ ਦਾ ਸਾਰ-ਚਾਰਟ (Summary Chart of Ego-Defense Mechanisms)

1.4.4.2.1.1 ਅਸਲੀਅਤ ਤੋਂ ਇਨਕਾਰ (Denial of Reality)

ਇਕ ਅਣਸੁਖਾਵੀਂ ਅਸਲੀਅਤ ਨੂੰ ਵੇਖਣ ਸਮਝਣ ਤੋ ਜਾਂ ਉਸ ਦਾ ਸਾਹਮਣਾ ਕਰਨ ਤੋਂ ਇਨਕਾਰ ਕਰਕੇ ਆਪਣੇ ਆਪ ਦੀ ਰੱਖਿਆ ਕਰਨਾ। ਉਦਾਹਰਣ ਦੇ ਤੌਰ ਤੇ ਤਮਾਕੂ ਪੀਣ ਵਾਲਾ ਇਹ ਸਿੱਟਾ ਕੱਢਦਾ ਹੈ ਕਿ ਤਮਾਕੂ ਪੀਣਾ ਸਿਹਤ ਲਈ ਹਾਨੀਕਾਰਕ ਹੈ ਅਤੇ ਇਸਨੂੰ ਹਾਨੀਕਾਰਕ ਸਿੱਧ ਕਰਨ ਵਾਲੇ ਤੱਥ ਵਿਗਿਆਨਕ ਤੌਰ ਤੇ ਅਯੋਗ ਹਨ। (Protecting the self from an unpleasant reality by the refusal to perceive or face it. e.g. A smoker concludes

that the evidence linking cigarette use to health problems is scientifically worthless).

1.4.4.2.1.2 ਹਵਾਈ ਕਲੱਪਨਾ (Fantasy) :

ਅਪੂਰਨ ਇੱਛਾਵਾਂ ਦੀ ਕਾਲਪਨਿਕ ਪ੍ਰਾਪਤੀ ਰਾਹੀਂ ਪੂਰਤੀ ਕਰਨੀ। ਉਦਾਹਰਣ ਦੇ ਤੌਰ ਤੇ ਸਮਾਜਿਕ ਤੌਰ ਤੇ ਅਸੰਗਤ ਅਤੇ ਅਵਰੋਧੀ ਨੌਜਵਾਨ ਇਹ ਕਲਪਨਾ ਕਰਦਾ ਹੈ ਕਿ ਉਸ ਨੂੰ ਔਰਤਾਂ ਦੇ ਇਕ ਗਰੁੱਪ ਦੁਆਰਾ ਉਹਨਾਂ ਦੀ ਕਾਮੁਕ ਸੰਤੁਸ਼ਟੀ ਲਈ ਚੁਣਿਆ ਗਿਆ ਹੈ। (Gratifying frustrated desires by imaginary achievements. e.g. A socially inept and inhibited young man imagines himself chosen by a group of women to provide them sexual gratification).

1.4.4.2.1.3 ਦਮਨ (Repression)

ਦਰਦਪੂਰਣ ਜਾਂ ਖਤਰਨਾਕ ਵਿਚਾਰਾਂ ਨੂੰ ਚੇਤਨਤਾ ਵਿਚ ਆਉਣ ਤੋਂ ਰੋਕਣਾ ਜਿਵੇਂ ਕਿ ਦੋ ਸਾਲ ਤੇ ਅਤਿਕ੍ਰਿਆਸ਼ੀਲ ਬੱਚੇ ਦੇ ਪ੍ਰਤੀ ਇਕ ਮਾਂ ਦੀਆਂ ਕਦੀ-ਕਦੀ ਉਸ ਨੂੰ ਕਤਲ ਕਰ ਦੇਣ ਦੀਆਂ ਭਾਵਨਾਵਾਂ ਦੀ ਸੁਚੇਤਤਾ ਵਿਚ ਪਹੁੰਚ ਤੋਂ ਇਨਕਾਰ ਕਰਨਾ (Preventing painful or dangerous thoughts from entering consciousness e.g. A mother's occasional murderous impulses towards her hyperactive two year old are denied access to awareness).

1.4.4.2.1.4 ਯੁਕਤੀਕਰਨ (Rationalization)

ਆਪਣੇ ਵਿਵਹਾਰ ਲਈ ਅਯੋਗ ਪ੍ਰੇਰਕਾਂ ਨੂੰ ਛੁਪਾਉਣ ਲਈ ਵਿਉਂਤਬੰਦੀ ਕਰਕੇ ਵਿਆਖਿਆ ਦੀ ਵਰਤੋਂ ਕਰਨੀ। ਉਦਾਹਰਣ ਦੇ ਤੌਰ ਤੇ ਇਕ ਕੱਟੜ ਜਾਤੀਵਾਦੀ ਅਲਪ ਸੰਖਿਆ ਵਾਲੇ ਵਿਅਕਤੀਆਂ ਪ੍ਰਤੀ ਆਪਣੇ ਵਿਰੋਧੀ ਪੂਰਣ ਵਿਹਾਰ ਨੂੰ ਉਚਿਤ ਸਿੱਧ ਕਰਨ ਲਈ ਪਵਿੱਤਰ ਗ੍ਰੰਥਾਂ ਵਿਚੋਂ ਸਪਸ਼ਟ ਅਤੇ ਦੋ-ਅਰਥੀ ਪੈਰ੍ਹਿਆਂ ਦੀ ਵਰਤੋਂ ਕਰਦਾ ਹੈ। (Using contrived explanations to conceal or disguise unworthy motives for one's behaviour, e.g. A fanatical racist uses ambiguous passages from scripture to justify his hostile actions towards minorities)

1.4.4.2.1.5 ਪ੍ਰਖੇਪਣ (Projection) :

ਆਪਣੇ ਨਾ ਮੰਨਣ ਯੋਗ ਪ੍ਰੇਰਕਾਂ ਜਾਂ ਵਿਸ਼ੇਸ਼ਤਾਵਾਂ ਲਈ ਦੂਜਿਆਂ ਨੂੰ ਜ਼ਿੰਮੇਵਾਰ ਠਹਿਰਾਉਣਾ। ਉਦਾਹਰਣ ਲਈ, ਜਿਹੜਾ ਵਿਦਿਆਰਥੀ ਪ੍ਰੀਖਿਆ ਵਿਚ ਅਸਫਲ ਰਹਿੰਦਾ ਹੈ ਉਹ ਕਹਿੰਦਾ ਹੈ ਕਿ ਪੇਪਰ ਬਹੁਤ ਕਠਨ ਸੀ। (Attributing one's unacceptable motives or characteristics to others. e.g. A student who fails in the examination attributes his failure to the question paper that it was out of syllabus.)

1.4.4.2.1.6 ਪ੍ਰਤਿਕ੍ਰਿਆ ਨਿਰਮਾਣ (Reaction Formation)

ਅਯੋਗ ਜਾਂ ਸਮਾਜਿਕ ਤੌਰ ਤੇ ਅਪ੍ਰਵਾਨ ਇੱਛਾਵਾਂ ਦੀ ਹੋਂਦ ਇਨਕਾਰ ਕਰਕੇ ਉਨ੍ਹਾਂ ਦੀ ਥਾਂ ਵਿਪਰੀਤ ਲੱਛਣਾਂ ਨੂੰ ਵਿਕਸਿਤ ਕਰਨ ਨੂੰ ਪ੍ਰਤਿਕ੍ਰਿਆ ਨਿਰਮਾਣ ਕਹਿੰਦੇ ਹਨ। ਉਦਾਹਰਣ ਲਈ ਇਕ ਆਦਮੀ ਜੋ ਸਮਾਨ ਲਿੰਗੀ ਭੋਗ ਦੀ ਅੰਤਰ ਪ੍ਰੇਰਨਾਂ ਤੋਂ ਮੁਸੀਬਤ ਵਿਚ ਫਸ ਜਾਂਦਾ ਹੈ ਉਹ ਅਜਿਹੇ ਅਨੈਤਿਕ ਬਾਰ (Gay Bar) ਬੰਦ ਕਰਵਾਉਣ ਲਈ ਮੁਹਿੰਮ ਸ਼ੁਰੂ ਕਰਦਾ ਹੈ। (Preventing the awareness expression of unacceptable desires by an exaggerated adoption of seemingly opposite behaviour e.g., A man troubled by homosexual urges initiates a zealous campaign to stamp out gay bars).

1.4.4.2.1.7 ਵਿਸਥਾਪਨ (Displacement)

ਆਪਣੀਆਂ ਇਕੱਠੀਆਂ ਹੋਈਆਂ ਭਾਵਨਾਵਾਂ, ਖਾਸ ਕਰਕੇ ਵੈਰ ਵਿਰੋਧ ਜਾਂ ਦੁਸਮਣੀ ਦੀਆਂ ਭਾਵਨਾਵਾਂ, ਨੂੰ ਉਨ੍ਹਾਂ ਤੋਂ ਘੱਟ ਖਤਰਨਾਕ ਚੀਜ਼ਾਂ ਵੱਲ ਮੋੜਨਾ ਜੋ ਅਜਿਹੀਆਂ ਭਾਵਨਾਵਾਂ ਨੂੰ ਉਤੇਜਿਤ ਕਰਦੀਆਂ ਹਨ। ਉਦਾਹਰਣ ਲਈ ਇਕ ਔਰਤ, ਜਿਸ ਨੂੰ ਦਫਤਰ ਵਿਚ ਉਸ ਦੇ ਬੋਸ ਦੁਆਰਾ ਤੰਗ ਕੀਤਾ ਜਾਂਦਾ ਹੈ, ਆਪਣੀਆਂ ਵਿਰੋਧੀ ਭਾਵਨਾਵਾਂ ਨੂੰ ਆਪਣੀ ਪਤੀ ਨਾਲ ਬਹਿਸ ਕਰਕੇ ਕੱਢਦੀ ਹੈ। (Discharging pent-up feelings, often of hostility on objects less dangerous than those arousing the feelings. e.g., A woman harassed by her boss at work initiates an argument with her husband).

1.4.4.2.1.8 ਭਾਵਾਤਮਕ ਵਿਸਥਾਪਨ (Emotional Insulation)

ਰੱਖਿਆਤਮਕ ਪਰਹੇਜ ਅਤੇ ਸਹਿਨਸ਼ੀਲਤਾ ਨਾਲ ਈਗੋ ਦੀ ਸ਼ਮੂਲੀਅਤ ਨੂੰ ਘੱਟ ਕਰਨਾ। ਜਿਵੇਂ ਕਿ ਲੰਬੇ ਸਮੇਂ ਲਈ ਬਿਮਾਰੀ ਕਾਰਨ ਹਸਪਤਾਲ ਵਿਚ ਆਪਣੇ ਮਾਪਿਆਂ ਤੋਂ ਵੱਖ ਰਹਿ ਕੇ ਬੱਚਾ ਭਾਵਤਮਕ ਤੌਰ ਤੇ ਉਦਾਸੀਨ ਅਤੇ ਕ੍ਰਿਆਹੀਣ ਬਣ ਜਾਂਦਾ ਹੈ। (Reducing ego involvement by protective withdrawl and passivity . e.g. , A child separated from his parents because of illness and lengthy hospitalization becomes emotionally unresponsive or apathetic.)

1.4.4.2.1.9 ਬੁੱਧੀਕਰਨ (Intellectualization) :

ਦੁਖਦਾਇਕ ਸਥਾਨਾਂ ਤੋਂ ਪ੍ਰਭਾਵਿਤ ਹਿਸੇ ਨੂੰ ਕੱਟ ਦੇਣਾ ਜਾਂ ਅਣਮੇਲ ਵਿਰੋਧੀ ਰਵੱਈਏ ਨੂੰ ਤਰਕਪੂਰਨ ਵਿਭਾਗਾਂ ਦੁਆਰਾ ਵੱਖ ਕਰਨਾ। ਉਦਾਹਰਣ ਦੇ ਤੌਰ ਤੇ, ਇਕ ਕੈਦੀ ਫਾਂਸੀ ਦੀ ਉਡੀਕ ਕਰਦਿਆਂ ਆਪਣੇ ਸਥਾਨ ਤੇ ਅਪੀਲਾਂ ਦਾ ਵਿਰੋਧ ਕਰਦਾ ਹੈ ਅਤੇ ਉਤਸ਼ਾਹ-ਹੀਨ ਹੋ ਕੇ ਜ਼ੋਰ ਪਾਉਂਦਾ ਹੈ ਕਿ ਕਾਨੂੰਨੀ ਚਿੱਠੀ ਉਸਦੀ ਫਾਂਸੀ ਰੋਕਣ ਲਈ ਆ ਰਹੀ ਹੈ। (Cutting of affective change from hurtful situations or separating incompatible attitudes by logic tight compartment. e.g., A prisoner on death row awaiting execution resists appeal on his behalf and coldly insists that the letter of the law be followed.)

1.4.4.2.1.10 ਨਿਰਸਨ (Undoing)

ਨਾ ਮੰਨਣ ਯੋਗ ਇਛਾਵਾਂ ਜਾਂ ਕੰਮਾਂ ਨੂੰ ਜਾਦੂਮਈ ਢੰਗ ਨਾਲ ਮਿਟਾਉਣ ਦੀ ਕੋਸ਼ਿਸ਼ ਕਰਨਾ। ਉਦਾਹਰਣ ਦੇ ਤੌਰ ਤੇ ਇਕ ਬਾਗਲ, ਜੋ ਹਥ ਰਸ (Masturbation) ਕਰਦੇ ਆਪਣੇ ਆਪ ਨੂੰ ਕਸੂਰਵਾਰ ਸਮਝਦਾ ਹੈ, ਇਕ ਪਵਿੱਤਰ ਕਿਤਾਬ ਨੂੰ ਵਾਰ ਵਾਰ ਹੱਥ ਲਾਉਂਦਾ ਹੈ ਜਾਂ ਹਰ ਗਲਤ ਕੰਮ ਤੋਂ ਬਾਅਦ ਛੂੰਹਦਾ ਹੈ ਤਾਂ ਜੋ ਉਸਦੇ ਪਾਪ ਮਾਫ ਹੋ ਜਾਣ। (Magically trying to dispel unacceptable desires or acts. e.g., A teenager who feels guilty about masturbation ritually touches a holybook a prescribed number of times following each occurence of the act.)

1.4.4.2.1.11 ਪ੍ਰਤਿਗਮਨ (Regression)

ਕਿਸੇ ਸਮੱਸਿਆ ਨੂੰ ਔਖੋਂ ਓਹਲੇ ਕਰਕੇ ਘਟੀਆ ਪ੍ਰਕਾਰ ਦਾ ਜਾਂ ਬੱਚਿਆਂ ਵਾਲਾ ਵਿਵਹਾਰ ਕਰਨ ਨੂੰ ਪ੍ਰਤਿਗਮਨ ਕਿਹਾ ਜਾਂਦਾ ਹੈ। ਵਿਅਕਤੀ ਰੋਗੀ ਹੋਣ ਦਾ ਬਹਾਨਾ ਕਰਦਾ ਹੈ ਕਿਉਂਕਿ ਰੋਗੀਆਂ ਪਾਸੋਂ ਕਠਿਨ ਸਥਿਤੀ ਵਿਚ ਕੰਮ ਕਰਨ ਦੀ ਆਸ ਨਹੀਂ ਕੀਤੀ ਜਾਂਦੀ। ਜਿਹੜਾ ਵਿਅਕਤੀ ਇਸ ਕਰਕੇ ਪ੍ਰੀਖਿਆ ਨਹੀਂ ਦਿੰਦਾ ਕਿ ਉਹ ਬੀਮਾਰ ਸੀ ਤਾਂ ਉਹ ਵੀ ਪ੍ਰੀਖਿਆ ਤੋਂ ਬਚਣ ਲਈ ਬਹਾਨਾ ਬਣਾਉਂਦਾ ਹੈ। (Retreating to an earlier developmental level involving less mature behaviour and responsibility.)

1.4.4.2.1.12 ਸਮਰੂਪਤਾ (Identification)

ਜਿਹੜੇ ਵਿਅਕਤੀ ਆਪਣੇ ਜੀਵਨ ਵਿਚ ਸਫਲਤਾ ਪ੍ਰਾਪਤ ਨਹੀਂ ਕਰ ਸਕਦੇ, ਉਹ ਕਿਸੇ ਮਹਾਨ ਵਿਅਕਤੀ ਨਾਲ ਆਪਣੇ ਆਪ ਨੂੰ ਸਮਰੂਪ ਕਰਕੇ ਜਾਂ ਆਪਣੇ ਬੱਚਿਆਂ ਨਾਲ ਸਮਰੂਪ ਕਰਕੇ ਉਹਨਾਂ ਦੀ ਸੰਤੁਸ਼ਟੀ ਪ੍ਰਾਪਤ ਕਰ ਲੈਂਦੇ ਹਨ। (Increasing of worth by affiliating oneself with a person or institutions of illustrious standing.)

1.4.4.2.1.13 ਪ੍ਰਤਿਪੂਰਤੀ (Over-compensation)

ਜਦੋਂ ਵਿਅਕਤੀ ਇਕ ਉਦੇਸ਼ ਦੀ ਪੂਰਤੀ ਵਿਚ ਅਸਫਲ ਰਹਿੰਦਾ ਹੈ ਤਾਂ ਉਹ ਕਿਸੇ ਹੋਰ ਪਾਸੇ ਵੱਧ ਚੜ੍ਹ ਕੇ ਕੰਮ ਕਰਕੇ ਸਫਲਤਾ ਪ੍ਰਾਪਤ ਕਰ ਲੈਂਦੇ ਹਨ। ਜਿਵੇਂ ਕਿ ਕੋਈ ਕਰੂਪ ਲੜਕੀ ਜਾਂ ਲੜਕਾ ਆਪਣੀ ਇਸ ਹੀਨ ਭਾਵਨਾ ਕਾਰਨ ਕਿ ਉਹ ਸੁੰਦਰ ਨਹੀਂ ਹੈ, ਸੰਗੀਤ ਜਾਂ ਕਲਾ ਵਿਚ ਕਿਸੇ ਹੋਰ ਪਾਸੇ ਅੱਗੇ ਵੱਧ ਜਾਂਦਾ ਹੈ। (Covering up perceived weakness by emphasizing a desirable characteristic or making up for frustration in one area by overgratification in another. e.g., A girl who is ugly and has inferoirity complex because of her ugliness, may excel in the field of art or music etc. to overcome the feeling of inferiority.)

1.4.4.2.1.14 ਸਥਿਰਣ (Fixation) :

ਨਿਰਾਸ਼ ਕਾਮੁਕ ਸ਼ਕਤੀ ਨੂੰ ਅਰਥਪੂਰਨ ਕ੍ਰਿਆਵਾਂ ਵਿਚ ਤਬਦੀਲ ਕਰਨਾ। ਉਦਾਹਰਣ ਲਈ ਕਾਮੁਕ ਤੌਰ ਤੇ ਨਿਰਾਸ਼ ਕਲਾਕਾਰ ਬਹੁਤ ਹੀ ਬੇਹੁਦਾ ਤਸਵੀਰਾਂ ਬਣਾਉਂਦਾ ਹੈ। (Channeling frustrated sexual energy into substitute activities.)

1.4.4.2.1.15 ਉਦਾਤੀਕਰਨ (Sublimation)

ਆਪਣੇ ਆਪ ਨੂੰ ਤਰਕਹੀਨ ਜਾਂ ਅਤਿ-ਕਥਨ ਤਰੀਕੇ ਰਾਹੀਂ ਕਿਸੇ ਦੂਸਰੇ ਵਿਅਕਤੀ ਨਾਲ ਸੰਬੰਧਿਤ ਸਮਝਣਾ ਜਾਂ ਬਚਪਨ ਬਾਲਗ ਅਵਸਥਾ ਉਤੇ ਹੀ ਭਾਵਾਤਮਕ ਵਿਕਾਸ ਦਾ ਸਥਿਰਣ ਹੋਣਾ। ਉਦਾਹਰਣ ਦੇ ਤੌਰ ਤੇ ਇਕ ਅਣਵਿਆਹਿਆ ਵੱਡੀ ਉਮਰ ਦਾ ਵਿਅਕਤੀ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਆਪਣੀ ਮਾਤਾ ਤੇ ਨਿਰਭਰ ਕਰਦਾ ਹੈ। (Attaching oneself in an unreasonable or exaggerated way to some person or arresting emotional development on a childhood or adolescent level. For e.g. An unmarried middle age man still depends on his mother to provide his basic needs).

ਇਹ ਸਵੈ-ਰੱਖਿਆ ਪ੍ਰਤਿਕਿਆਵਾਂ ਚਿੰਤਾ ਨੂੰ ਘੱਟ ਕਰ ਦਿੰਦੀਆਂ ਹਨ ਜਾਂ ਹਟਾ ਦਿੰਦੀਆਂ ਹਨ। ਇਹ ਪ੍ਰਤਿਕ੍ਰਿਆਵਾਂ ਵਿਅਕਤੀ ਦੇ ਦਰਦਪੂਰਨ ਵਿਚਾਰਾਂ ਨੂੰ ਚੇਤਨਤਾ ਵਿਚੋਂ ਕੱਢਣ ਵਿਚ ਮਦਦ ਕਰਦੀਆਂ ਹਨ, ਪਰੰਤੂ ਸਿੱਧੇ ਤੌਰ ਤੇ ਸਮੱਸਿਆ ਦਾ ਹੱਲ ਨਹੀਂ ਕਰਦੀਆਂ। ਨਤੀਜੇ ਵਜੋਂ ਵਿਅਕਤੀ ਲਈ ਅਸਲੀਅਤ ਦੇ ਵਿਚਾਰ ਦਾ ਹੁਲੀਆ ਵਿਗੜ ਜਾਂਦਾ ਹੈ।

ਮਨੋਵਿਸ਼ਲੇਸ਼ਣ ਸਿਧਾਂਤਾਂ ਦੀ ਪ੍ਰਮੁੱਖ ਧਾਰਨਾ ਅਚੇਤਨਤਾ ਹੈ। ਫ੍ਰਾਇਡ ਨੇ ਸੋਚਿਆ ਕਿ ਦਿਮਾਗ ਦਾ ਬਹੁਤ ਛੋਟਾ ਹਿੱਸਾ ਚੇਤਨ ਮਨ ਦੀ ਪ੍ਰਤੀਨਿਧਤਾ ਕਰਦਾ ਹੈ ਜਦੋਂ ਕਿ ਹਿਮਖੰਡ ਦੇ ਚੁਭੇ ਹੋਏ ਹਿੱਸੇ ਦੀ ਤਰ੍ਹਾਂ ਅਚੇਤ ਮਨ ਦਾ ਹਿੱਸਾ ਬਹੁਤ ਵੱਡਾ ਹੈ। ਅਚੇਤ ਮਨ ਦੀ ਡੂੰਘਾਈ ਵਿਚ ਦਰਦਪੂਰਨ ਯਾਦਾਂ, ਵਰਜ਼ਿਤ ਇਛਾਵਾਂ ਅਤੇ ਕਈ ਹੋਰ ਅਨੁਭਵ ਜੋ ਦਬਾ ਦਿੰਦੇ ਹਨ ਅਤੇ ਚੇਤਨ ਮਨ ਵਿਚੋਂ ਕੱਢ ਦਿੱਤੇ ਜਾਂਦੇ ਹਨ, ਆਦਿ ਸ਼ਾਮਿਲ ਹਨ। ਹਿਪਨਾਸਿਸ ਸੁਪਨਿਆਂ ਦੀ ਅਵਸਥਾ ਵਿਚ ਜਦੋਂ ਈਗੋ ਕੰਟਰੋਲ ਘੱਟ ਜਾਂਦਾ ਹੈ, ਅਚੇਤਨ ਸਮੱਗਰੀ ਪ੍ਰਗਟ ਹੋਣੀ ਸ਼ੁਰੂ ਹੋ ਜਾਂਦੀ ਹੈ। ਜਦੋਂ ਤੱਕ

ਮਨੋਵਿਸ਼ਲੇਸ਼ਣ ਰਾਹੀਂ ਇਸ ਅਚੇਤਨ ਸਮੱਗਰੀ ਨੂੰ ਚੇਤਨਤਾ ਵਿਚ ਲਿਆਇਆ ਜਾਂਦਾ ਹੈ, ਉਦੋਂ ਤੱਕ ਇਹ ਅਪ ਅਨੁਕੂਲਿਤ ਵਿਵਹਾਰ ਨੂੰ ਜਨਮ ਦੇ ਦਿੰਦੀ ਹੈ।

1.4.4.3 ਵਿਕਾਸ ਦੀਆਂ ਮਨੋ-ਕਾਮਿਕ ਅਵਸਥਾਵਾਂ (Psychosexual stages of Development)

ਫ੍ਰਾਇਡ ਨੇ ਵਿਕਾਸ ਦੀਆਂ ਪੰਜ-ਮਨੋ-ਕਾਮਿਕ ਅਵਸਥਾਵਾਂ ਦਾ ਜ਼ਿਕਰ ਕੀਤਾ ਹੈ। ਹਰ ਸਟੇਜ ਕਾਮੁਕ ਆਨੰਦ (Sexual pleasure) ਪ੍ਰਾਪਤ ਕਰਨ ਦੇ ਤਰੀਕੇ ਦੁਆਰਾ ਪ੍ਰਭਾਵਿਤ ਹੈ।

1.4.4.3.1 ਮਨੋਲਿੰਗੀ ਵਿਕਾਸ ਅਵਸਥਾ (The Oral Stage)

ਜਿੰਦਰਗੀ ਦੇ ਪਹਿਲੇ ਦੋ ਸਾਲਾਂ ਵਿਚ ਮੂਹ ਪ੍ਰਮੁੱਖ ਕਾਮ ਉਤੇਜਕ ਖੇਤਰ ਹੁੰਦਾ ਹੈ। ਬੱਚੇ ਦਾ ਆਨੰਦ ਲੈਣ ਦਾ ਸਭ ਤੋਂ ਮਹਾਨ ਸਾਧਨ ਚੂਸਣਾ ਹੁੰਦਾ ਹੈ।

1.4.4.3.2 ਗੁਦਾ ਅਵਸਥਾ (The Anal Stage)

ਦੋ ਸਾਲ ਤੋਂ ਤਿੰਨ ਸਾਲ ਦੀ ਉਮਰ ਤੱਕ ਗੁਦਾ ਖੇਤਰ ਦੀ ਝਿੱਲੀ ਪ੍ਰਸੰਨਤਦਾਇਕ ਉਤੇਜਨਾ ਦਾ ਪ੍ਰਮੁੱਖ ਸਾਧਨ ਪ੍ਰਦਾਨ ਕਰਦੀ ਹੈ।

1.4.4.3.3 ਮਰਦ ਲਿੰਗੀ ਜਾਂ ਫੈਲਿਕ ਅਵਸਥਾ (The Phallic Stage)

ਤਿੰਨ ਸਾਲ ਦੀ ਉਮਰ ਤੋਂ ਲੈ ਕੇ ਪੰਜ ਜਾਂ ਛੇ ਸਾਲ ਦੀ ਉਮਰ ਤੱਕ ਜਣਨ-ਅੰਗਾਂ ਦਾ ਸਵੈ-ਹੱਥ ਪ੍ਰਯੋਗ ਆਨੰਦ ਦਾਇਕ ਸੰਵੇਦਨ ਦਾ ਸਾਧਨ ਪ੍ਰਦਾਨ ਕਰਦਾ ਹੈ।

1.4.4.3.4 ਕਾਮ ਨਿਸਕ੍ਰਿਆ ਅਸਵਥਾ (The Latency Stage)

6 ਤੋਂ 12 ਸਾਲ ਦੀ ਉਮਰ ਵਿਚ ਕਾਮੁਕ ਅੰਤਰ ਪ੍ਰੇਰਨਾ ਦੀ ਮਹੱਤਤਾ ਘੱਟ ਜਾਂਦੀ ਹੈ ਕਿਉਂਕਿ ਬੱਚਾ ਹੁਨਰ ਅਤੇ ਕਈ ਹੋਰ ਕ੍ਰਿਆਵਾਂ ਦੇ ਵਿਕਾਸ ਵਿਚ ਰੁੱਝ ਜਾਂਦਾ ਹੈ। ਉਸ ਦਾ ਬੋਧਿਕ, ਸਮਾਜਿਕ ਅਤੇ ਨੈਤਿਕ ਵਿਕਾਸ ਵੱਲ ਬਹੁਤਾ ਧਿਆਨ ਜਾਂਦਾ ਹੈ।

1.4.4.3.5 ਜਣਨ ਅੰਗ ਅਵਸਥਾ (The Genital Stage)

ਚੜ੍ਹਦੀ ਜਵਾਨੀ ਤੋਂ ਬਾਅਦ ਸੰਤੁਸ਼ਟੀ ਦੀਆਂ ਭਾਵਨਾਵਾਂ ਵਿਲੰਗੀ ਕਾਮ ਤੋਂ ਆਉਂਦੀਆਂ ਹਨ।

ਫਾ੍ਇਡ ਮੰਨਦਾ ਹੈ ਕਿ ਹਰ ਸਟੇਜ ਵਿਚ ਉਪਯੁਕਤ ਸੰਤੁਸ਼ਟੀ ਬਹੁਤ ਜਰੂਰੀ ਹੈ। ਉਦਾਹਰਣ ਦੇ ਤੌਰ ਤੇ ਫ੍ਰਾਇਡ ਅਨੁਸਾਰ ਉਹ ਬੱਚੇ, ਜਿਨ੍ਹਾਂ ਮਨੋਲਿੰਗੀ ਅਵਸਥਾ ਵਿਚ ਸੰਤੁਸ਼ਟੀ ਨਹੀਂ ਮਿਲਦੀ, ਬਾਲਗ ਅਵਸਥਾ ਵਿਚ ਅਤਿ-ਅਧਿਕ ਖਾਣ ਜਾਂ ਪੀਣ ਦੀ ਆਦਤ ਦਾ ਸ਼ਿਕਾਰ ਹੋ ਜਾਂਦੇ ਹਨ।

ਵਿਕਾਸ ਦੀ ਹਰ ਅਵਸਥਾ ਵਿਅਕਤੀ ਤੋਂ ਕੁਝ ਮੰਗ ਕਰਦੀ ਹੈ ਤੇ ਇਸ ਮੰਗ ਤੋਂ ਜੋ ਸੰਘਰਸ਼ ਹੁੰਦਾ ਹੈ ਉਸਦਾ ਹੱਲ ਬਹੁਤ ਜਰੂਰੀ ਹੈ। ਸਭ ਤੋਂ ਮਹੱਤਵਪੂਰਨ ਸੰਘਰਸ਼ ਮਰਦ-ਲਿੰਗੀ ਜਾਂ ਫੈਲਿਕ ਅਵਸਥਾ ਦੌਰਾਨ ਵਾਪਰਦਾ ਹੈ ਜਦੋਂ ਸਵੈ-ਉਤੇਜਨਾ ਅਤੇ ਉਸ ਨਾਲ ਸੰਬੰਧਿਤ ਕਲਪਨਾ ਦੀ ਸੰਤੁਸ਼ਟੀ ਈਡੀਪਸ ਕੰਪਲੈਕਸ (*Oedipus Complex*) ਨੂੰ ਜਨਮ ਦਿੰਦੀ ਹੈ। ਗ੍ਰੀਕ ਪੁਰਾਣ ਵਿਦਿਆ ਅਨੁਸਾਰ ਈਡੀਪਸ ਨੇ ਅਣਜਾਣੇ ਵਿਚ ਹੀ ਆਪਣੇ ਪਿਤਾ ਦਾ ਕਤਲ ਕਰਕੇ ਆਪਣੀ ਮਾਂ ਨਾਲ ਵਿਆਹ ਕਰ ਲਿਆ ਸੀ। ਫ੍ਰਾਇਡ ਅਨੁਸਾਰ ਹਰ ਨੌਜਵਾਨ ਲੜਕਾ ਪ੍ਰਤੀਕਾਤਮਕ ਤੌਰ ਤੇ ਈਡੀਪਸ ਡਰਾਮਾ ਦੁਹਰਾਉਂਦਾ ਹੈ ਕਿਉਂਕਿ ਲੜਕੇ ਆਪਣੀਆਂ ਮਾਵਾਂ ਨਾਲ ਮਿਲਦੀਆਂ ਜੁਲਦੀਆਂ ਲੜਕੀਆਂ ਨਾਲ ਸ਼ਾਦੀ ਕਰਵਾਉਣਾ ਚਾਹੁੰਦੇ ਹਨ। ਅਜਿਹੀਆਂ ਭਾਵਨਾਵਾਂ ਕਰਕੇ ਲੜਕੇ ਦਾ ਆਪਣੇ ਪਿਤਾ ਪ੍ਰਤੀ ਈਰਖਾਲੂ ਰਵੱਈਆ ਬਣ ਜਾਂਦਾ ਹੈ ਪਰੰਤੂ ਉਹ ਆਪਣੇ ਪਿਤਾਂ ਤੋਂ ਡਰਦਾ ਵੀ ਹੈ ਕਿ ਉਸ ਦਾ ਪਿਤਾ ਉਸ ਦੀਆਂ ਅਜਿਹੀਆਂ ਅਨੈਤਿਕ ਭਾਵਨਾਵਾਂ ਕਰਕੇ ਉਸ ਦੇ ਮਰਦ-ਲਿੰਗੀ ਨੂੰ ਕੋਈ ਨੁਕਸਾਨ ਨਾ ਪਹੁੰਚਾ ਦੇਵੇ। ਇਹ ਨਿਪਸੰਕਤਾ ਚਿੰਤਾ (Castration Anxiety) ਲੜਕੇ ਨੂੰ ਆਪਣੀ ਮਾਤਾ ਪ੍ਰਤੀ ਕਾਮੁਕ ਇੱਛਾ ਅਤੇ ਪਿਤਾ ਪ੍ਰਤੀ ਵੈਰ ਵਿਰੋਧ ਦੀਆਂ ਭਾਵਨਾਂਵਾਂ ਨੂੰ ਦਬਾਉਣ ਲਈ ਮਜਬੂਰ ਕਰਦੀ ਹੈ। ਅਖੀਰ ਵਿਚ, ਜੇ ਸਭ ਕੁਝ ਠੀਕ ਚਲਦਾ ਰਹੇ, ਲੜਕਾ ਆਪਣੇ ਆਪ ਨੂੰ ਆਪਣੇ ਪਿਤਾ ਨਾਲ ਪਹਿਚਾਨਣ ਦੀ ਕੋਸ਼ਿਸ਼ ਕਰਦਾ ਹੈ ਅਤੇ ਆਪਣੀ ਮਾਂ ਪ੍ਰਤੀ ਉਸ ਦਾ ਸਿਰਫ ਨੁਕਸਾਨ ਰਹਿਤ ਜਾਂ ਪਵਿੱਤਰ ਪਿਆਰ ਰਹਿ ਜਾਂਦਾ ਹੈ। ਇਲੈਕਟਰਾ ਕੰਪਲੈਕਸ *(Electra*

Complex) ਲੜਕੀਆਂ ਵਿਚ ਹੁੰਦਾ ਹੈ। ਉਹ ਆਪਣੇ ਪਿਤਾ ਨਾਲ ਮਿਲਦੇ ਜੁਲਦੇ ਲੜਕਿਆਂ ਨਾਲ ਸ਼ਾਦੀ ਕਰਵਾਉਣਾ ਚਾਹੁੰਦੀਆਂ ਹਨ। ਦੋਵੇਂ ਲਿੰਗ ਵਿਚ ਸੰਘਰਸ਼ ਦਾ ਸਮਾਧਾਨ ਜਰੂਰੀ ਹੈ ਕਿਉਂਕਿ ਫ੍ਰਾਇਡ ਦੇ ਵਿਚਾਰ ਅਨੁਸਾਰ ਵਿਅਕਤੀ ਦੇ ਚਰਿੱਤਰ ਅਤੇ ਵਿਅਕਤੀਤਵ ਦੇ ਬਹੁਤ ਸਾਰੇ ਲੱਛਣ ਬਚਪਨ ਦੀਆਂ ਕਾਮ ਈਛਾਵਾਂ ਤੋਂ ਹੀ ਉਪਜਦੇ ਹਨ ।

1.4.5 ਨਵੇਂ ਮਨੋ-ਗਤੀ ਵਿਗਿਆਨ ਦ੍ਰਿਸ਼ਟੀਕੋਣ (New Psychodynamic perspectives)

ਆਪਣੇ ਰੋਗੀਆਂ ਨੂੰ ਸਮਝਣ ਲਈ ਅਤੇ ਆਪਣੇ ਸਿਧਾਂਤ ਵਿਕਸਤ ਕਰਨ ਲਈ ਫ੍ਰਾਇਡ ਦਾ ਮੁੱਖ ਸੰਬੰਧ ਇਡ (Id) ਦੇ ਕੰਮਾਂ, ਸ਼ਕਤੀ ਦੇ ਸਾਧਨ ਦੇ ਰੂਪ ਵਿਚ ਇਸ ਦੇ ਸਰੂਪ ਅਤੇ ਉਹ ਢੰਗ ਜਸ ਨਾਲ ਇਸ ਨੂੰ ਬਦਲਿਆ ਜਾ ਸਕਦਾ ਹੈ, ਆਦਿ ਨਾਲ ਹੈ। ਫ੍ਰਾਇਡ ਤੋਂ ਬਾਅਦ ਦੇ ਸਿਧਾਂਤਕਾਰੀਆਂ ਨੇ, ਜਿਨ੍ਹਾਂ ਵਿਚ ਉਸ ਦੀ ਪੁੱਤਰੀ ਐਨਾ ਫ੍ਰਾਇਡ ਵੀ ਸ਼ਾਮਲ ਸੀ, ਦਾ ਜਿਆਦਾ ਸੰਬੰਧ ਇਸ ਗੱਲ ਨਾਲ ਹੈ ਕਿ ਵਿਅਕਤੀਤਵ ਦੇ ਕਾਰਜਕਾਰੀ ਪੱਖ ਹੋਣ ਦੇ ਨਾਤੇ ਈਗੋ ਆਪਣੀਆਂ ਕੇਂਦਰੀ ਕ੍ਰਿਆਵਾਂ ਕਿਸ ਤਰ੍ਹਾਂ ਕਰਦੀ ਹੈ। ਮਨੋ ਗਤੀ ਵਿਗਿਆਨ ਸਿਧਾਂਤਾਂ ਦੀ ਦੂਜੀ ਪੀੜ੍ਹੀ ਨੇ ਸਵੈ-ਰੱਖਿਆ ਪ੍ਰਤਿਕ੍ਰਿਆਵਾਂ ਨੂੰ ਸੁਧਾਰਿਆ ਅਤੇ ਉਹਨਾਂ ਦੀ ਵਿਆਖਿਆ ਕੀਤੀ।

ਸਮਕਾਲੀ ਅਪਰੋਚਾਂ ਨੇ ਨਾ ਤਾਂ ਇਡ ਅਤੇ ਨਾ ਹੀ ਈਗੋ ਦੇ ਸਰੂਪ ਤੇ ਫੋਕਸ ਕੀਤਾ, ਸਗੋਂ ਉਹਨਾਂ ਵਸਤੂਆਂ ਤੇ ਫੋਕਸ ਕੀਤਾ ਜਿਨ੍ਹਾਂ ਵੱਲ ਬੱਚੇ ਨੇ ਇਹਨਾਂ ਆਵੇਗਾ ਨੂੰ ਮੋੜਿਆ ਅਤੇ ਜਿਨ੍ਹਾ ਨੂੰ ਬੱਚੇ ਨੇ ਆਪਣੇ ਵਿਅਕਤੀਤਵ ਵਿਚ ਸ਼ਾਮਲ ਕੀਤਾ ਹੈ। ਇਥੇ ਵਸਤੂ ਨੂੰ ਬੱਚੇ ਦੇ ਵਾਤਾਵਰਣ ਵਿਚ ਕਿਸੇ ਦੂਸਰੇ ਵਿਅਕਤੀ ਦੀ, ਜਿਆਦਾ ਤਰ ਮਾਪਿਆਂ ਦੀ, ਪ੍ਰਤਿਰੂਪ ਪ੍ਰਤਿਨਧਤਾ ਵਜੋਂ ਵਰਤਿਆ ਗਿਆ ਹੈ। ਮਨੋ-ਗਤੀ ਵਿਗਿਆਨ ਵਿਚ ਇਸ ਵਸਤੂ ਸੰਬੰਧਾਂ (Object Relations) ਤੇ ਬਲ ਦੇਣ ਦਾ ਵਿਕਾਸ ਇੰਗਲੈਂਡ ਵਿਚ ਕਲੇਨ, ਫੇਅਰਬ੍ਰੇਨ ਅਤੇ ਵਿਨੀਕੋਟ ਦੀ ਅਗਵਾਈ ਹੇਠ 1930 ਵਿਚ ਸ਼ੁਰੂ ਹੋਇਆ। ਇਨ੍ਹਾਂ ਸਿਧਾਂਤਵਾਦੀਆਂ ਨੇ ਇਕ ਸਾਧਾਰਣ ਧਾਰਣਾਂ ਵਿਕਸਤਿ ਕੀਤੀ ਕਿ ਅੰਦਰੂਨੀ ਵਸਤਾਂ ਦੇ ਕਈ ਸੰਘਰਸ਼ਮਈ ਗੁਣ ਹੋ ਸਕਦੇ ਹਨ, ਜਿਵੇਂ ਕਿ ਉਤੇਜਨਸ਼ੀਨ, ਵਿਰੋਧੀ ਨਿਰਾਸਤਾਪੂਰਨ ਜਾਂ ਅਪ੍ਰਵਾਨ ਆਦਿ। ਇਸ ਤੋਂ ਇਲਾਵਾ ਇਹ ਵਸਤਾ ਕੇਂਦਰੀ ਈਗੋ ਤੋਂ ਵੱਖ ਹੋ ਕੇ ਆਪਣੀਆਂ ਆਜ਼ਾਦ ਹੋਂਦ ਕਾਇਮ ਰੱਖ ਸਕਦੀਆਂ ਹਨ।

ਅਮਰੀਕਾ ਵਿਚ ਮਾਰਗਰੈਟ ਮੇਹਲਰ (1897-1985) ਦੇ ਕੰਮ ਨੇ ਇਸ ਅਪਰੋਚ ਨੂੰ ਸਰਾਹਿਆ ਅਤੇ ਕੁਝ ਹੋਰ ਸੁਝਾਅ ਦਿੱਤੇ। ਮੇਹਲਰ ਨੇ ਦੱਸਿਆ ਕਿ ਇਕ ਬਹੁਤ ਛੋਟੇ ਬੱਚੇ ਲਈ ਇਹ ਵਸਤਾਂ ਸਵੈ ਬਨਾਮ ਦੂਸਰੇ ਵਿਅਕਤੀਆਂ ਦੇ ਰੂਪ ਵਿਚ ਭਿੰਨ ਨਹੀਂ ਹਨ। ਹੌਲੀ-ਹੌਲੀ ਬੱਚਾ ਆਪਣੇ ਆਪ ਹੀ ਸਵੈ ਪ੍ਰਸਤੁਤੀ ਨੂੰ ਦੂਸਰਿਆਂ ਦੀ ਪ੍ਰਸਤੁਤੀ ਤੋਂ ਭਿੰਨਤਾ ਕਰਨੀ ਸਿੱਖ ਜਾਂਦਾ ਹੈ। ਇਸ ਪ੍ਰਕ੍ਰਿਆ ਵਿਚ ਵੱਖਰਾਪਨ ਵਿਅਕਤਿਤਾ (Separation-Individualization) ਦਾ ਵਿਕਸਿਤ ਪੜਾਅ ਸ਼ਾਮਲ ਹੈ ਜਿਸ ਦੀ ਸਫਲਤਾਪੂਰਵਕ ਸੰਪੂਰਤੀ ਨਿੱਜੀ ਪ੍ਰਪੱਕਤਾ ਲਈ ਬਹੁਤ ਜਰੂਰੀ ਹੈ। ਪਿਛਲੇ ਕੁਝ ਸਾਲ ਵਿਚ ਕੁਝ ਹੋਰ ਅਮਰੀਕਨ ਵਿਸ਼ਲੇਸਕਾਂ ਨੇ ਇਸ ਵਸਤੂ ਸੰਬੰਧ ਵਿਚਾਰਧਾਰਾ ਦਾ ਸਮਰਥਨ ਕੀਤਾ ਹੈ। ਮਨੋ-ਗਤੀ ਵਿਗਿਆਨ ਵਿਚ ਇਨਾਂ ਨਵੇਂ ਵਿਕਾਸਾਂ ਨੇ ਆਪਸੀ ਸੰਬੰਧਾਂ ਤੇ ਜੋਰ ਦਿੱਤਾ ਹੈ ਅਤੇ ਦੱਸਿਆ ਹੈ ਕਿ ਇਹਨਾਂ ਸੰਬੰਧਾਂ ਦੀ ਵਿਸ਼ੇਸ਼ਤਾ ਸੰਪੂਰਨ ਬਾਲਗ ਅੰਤਰ ਕ੍ਰਿਆ ਪ੍ਰਾਪਤ ਕਰਨ ਵਿਚ ਵਿਅਕਤੀ ਦੀ ਯੋਗਤਾ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ।

1.4.6 ਮਨੋ-ਗਤੀ ਵਿਗਿਆਨ ਦ੍ਰਿਸ਼ਟੀਕੋਣ ਦਾ ਪ੍ਰਭਾਵ (Impact of the Psychodynamic Model)

ਇਤਿਹਾਸਕ ਦ੍ਰਿਸ਼ਟੀਕੋਣ ਵਿਚ ਫ੍ਰਾਇਡ ਦੇ ਮਨੋਵਿਸ਼ਲੇਸ਼ਣ ਨੂੰ ਪਹਿਲੇ ਕ੍ਰਮਬੱਧ ਮਨੋ-ਗਤੀ ਵਿਗਿਆਨ ਅਪਰੋਚ ਦੇ ਰੂਪ ਵਚ ਦੇਖਿਆ ਜਾ ਸਕਦਾ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਮਨੁੱਖੀ ਮਨੋ-ਵਿਗਿਆਨਕ ਪ੍ਰਕ੍ਰਿਆਵਾਂ ਮਾਨਸਿਕ ਵਿਕਾਰਾਂ ਵਿਚ ਕਿਸ ਤਰ੍ਹਾਂ ਬਦਲ ਜਾਂਦੀਆਂ ਹਨ। ਜੀਵ ਦ੍ਰਿਸ਼ਟੀਕੋਣ ਵਿਚ ਮਾਨਸਿਕ ਵਿਕਾਰਾਂ ਦਾ ਕਾਰਣ ਅੰਗਿਕ ਪੈਥਾਲੋਜੀ ਨੂੰ ਮੰਨਿਆ ਗਿਆ ਹੈ, ਮਨੋਵਿਸ਼ਲੇਸ਼ਣ ਦ੍ਰਿਸ਼ਟੀਕੋਣ ਵਿਚ ਅੰਗਿਕ ਪੈਥਾਲੋਜੀ ਦੀ ਬਜਾਏ ਈਗੋ ਸਵੈ-ਰੱਖਿਆ ਪ੍ਰਕ੍ਰਿਆਵਾਂ ਨੂੰ

ਮਾਨਸਿਕ ਵਿਕਾਰਾਂ ਦਾ ਕਾਰਣ ਮੰਨਿਆ ਜਾਂਦਾ ਹੈ। ਫ੍ਰਾਇਡ ਦੇ ਦ੍ਰਿਸ਼ਟੀਕੋਣ ਨੇ ਸਾਧਾਰਣ ਤੇ ਅਸਾਧਾਰਣ ਵਿਵਹਾਰ ਪ੍ਰਤੀ ਸਾਡੀ ਸਮਝ ਵਿਚ ਕਾਫੀ ਵਾਧਾ ਕੀਤਾ ਹੈ। ਫ੍ਰਾਇਡ ਦੀਆਂ ਕਈ ਧਾਰਨਾਵਾਂ ਮਨੁੱਖੀ ਸਰੂਪ ਤੇ ਵਿਵਹਾਰ ਪ੍ਰਤੀ ਸਾਡੀ ਸੋਚ ਦਾ ਆਧਾਰ ਹਨ। ਮਨੋਵਿਗਿਆਨ ਉਸ ਦੇ ਯੋਗਦਾਨਾਂ ਵਿਚ ਪ੍ਰਮੁੱਖ ਯੋਗਦਾਨ ਹਨ :

(1) ਮਾਨਸਿਕ ਜ਼ਿੰਦਗੀ ਦੇ ਚੇਤਨ ਅਤੇ ਅਚੇਤਨ ਪੱਖਾਂ ਨੂੰ ਜਾਨਣ ਲਈ ਉਸਨੇ ਦੋ ਤਕਨੀਕਾਂ-ਮੁਕਤ ਸਹਿਚਾਰਤਾ (Free Association) ਅਤੇ ਸੁਪਨ ਵਿਸ਼ਲੇਸ਼ਣ (Dream Analysis) ਦਾ ਵਿਕਾਸ ਕੀਤਾ। ਉਸ ਸਮੇਂ ਪ੍ਰਾਪਤ ਅੰਕੜਿਆਂ ਦੇ ਆਧਾਰ ਤੇ ਫ੍ਰਾਇਡ ਨੇ ਹੇਠ ਲਿਖੇ ਤੱਤਾਂ ਤੇ ਬਲ ਦਿਤਾ :

(ੳ) ਅਚੇਤਨ ਪ੍ਰੇਰਕਾਂ ਅਤੇ ਈਗੋ ਸਵੈ-ਰੱਖਿਆ ਪ੍ਰਕ੍ਰਿਆਵਾਂ ਦਾ ਗਤੀਸ਼ੀਲ ਰੋਲ,

(ਅ) ਵਿਅਕਤੀਤਵ ਸਮਾਯੋਜਨ ਅਤੇ ਅਪਸਮਾਯੋਜਨ ਵਿਚ ਬਚਪਨ ਦੇ ਅਨੁਭਵਾਂ ਦੀ ਮਹੱਤਤਾ,

(ੲ) ਮਨੁੱਖੀ ਵਿਵਹਾਰ ਅਤੇ ਮਾਨਸਿਕ ਵਿਕਾਰਾਂ ਵਿਚ ਕਾਮੁਕ ਕਾਰਕਾਂ ਦੀ ਮਹੱਤਤਾ।

(2) ਫ੍ਰਾਇਡ ਨੇ ਸਾਬਤ ਕੀਤਾ ਕਿ ਮੁਸ਼ਕਿਲ ਸਮੱਸਿਆਵਾਂ ਦਾ ਸਾਹਮਣਾ ਕਰਦੇ ਹੋਏ ਕੁਝ ਅਸਾਧਾਰਣ ਮਾਨਸਿਕ ਘਟਨਾਵਾਂ ਵਾਪਰਦੀਆਂ ਹਨ, ਜੋ ਸਾਧਾਰਣ ਸਵੈ-ਰੱਖਿਆ ਪ੍ਰਤੀਕ੍ਰਿਆਵਾਂ ਦਾ ਵਾਕ-ਵਿਸਤਾਰ ਹਨ। ਇਹ ਅਨੁਭੂਤੀ ਹੋਣ ਨਾਲ ਕਿ ਸਾਧਾਰਣ ਅਤੇ ਅਸਾਧਾਰਣ ਵਿਵਹਾਰ ਲਈ ਇਕੋ ਜਿਹੇ ਮਨੋਵਿਗਿਆਨਕ ਸਿਧਾਂਤ ਵਰਤੇ ਜਾਂਦੇ ਹਨ, ਮਾਨਸਿਕ ਵਿਕਾਰਾਂ ਪ੍ਰਤੀ ਡਰ ਅਤੇ ਅਸਪਸ਼ਟਤਾ ਦੂਰ ਹੋ ਜਾਂਦੀ ਹੈ।

ਮਨੋ-ਗਤੀ ਵਿਗਿਆਨ ਦ੍ਰਿਸ਼ਟੀਕੋਣ ਨੂੰ ਮੰਨਣ ਵਾਲੇ ਕੁਝ ਸਿਧਾਂਤਵਾਦੀਆਂ ਅਤੇ ਕਈ ਹੋਰ ਦ੍ਰਿਸ਼ਟੀਕੋਣਾਂ ਵਲੋਂ ਇਸ ਦ੍ਰਿਸ਼ਟੀਕੋਣ ਦੀ ਆਲੋਚਨਾ ਕੀਤੀ ਗਈ ਹੈ। ਇਹਨਾਂ ਵਿਚੋਂ ਦੋ ਮਹੱਤਵਪੂਰਣ ਆਲੋਚਨਾਤਮਕ ਪੱਖ, ਜੋ ਇਹ ਮੰਨਦੇ ਹਨ ਕਿ ਵਿਗਿਆਨਕ ਤੌਰ ਤੇ ਇਹ ਦ੍ਰਿਸ਼ਟੀਕੋਣ ਅਸਾਧਾਰਣ ਵਿਵਹਾਰ ਦੀ ਵਿਆਖਿਆ ਕਰਨ ਵਿਚ ਅਸਫਲ ਰਿਹਾ ਹੈ, ਇਸ ਤਰ੍ਹਾਂ ਹਨ :

(1) ਜਾਣਕਾਰੀ ਪ੍ਰਾਪਤ ਕਰਨ ਲਈ ਮੂਲ ਸਾਧਨ ਦੇ ਰੂਪ ਵਿਚ ਅਨੁਭਵ ਦੀ ਨਿੱਜੀ ਰਿਪੋਰਟ ਦੀ ਵਿਗਿਆਨਕ ਸੀਮਾਂ ਪਹਿਚਾਨਣ ਵਿਚ ਇਹ ਅਸਫਲ ਰਿਹਾ ਹੈ।

2) ਇਸ ਥੈਰਾਪੀ ਦੀ ਪ੍ਰਭਾਸ਼ੀਲਤਾ ਅਤੇ ਧਾਰਨਾਵਾਂ ਨੂੰ ਸਾਬਤ ਕਰਨ ਲਈ ਵਿਗਿਆਨਕ ਪ੍ਰਮਾਣਾ ਦੀ ਘਾਟ ਹੈ।

ਵਿਸ਼ੇਸ਼ ਰੂਪ ਵਿਚ ਫ੍ਰਾਇਡ ਦੇ ਸਿਧਾਂਤ ਦੀ ਆਲੋਚਨਾ ਕਾਮੁਕ ਪ੍ਰੇਰਨਾ ਉਤੇ ਜ਼ਿਆਦਾ ਬਲ, ਮੂਲ ਮਨੁੱਖ ਸਰੂਪ ਬਾਰੇ ਅਨੁਚਿਤ ਨਿਰਾਸ਼ਾਵਾਦ, ਅਚੇਤਨ ਪ੍ਰਕ੍ਰਿਆਵਾਂ ਦੇ ਰੋਲ ਬਾਰੇ ਵਾਕ-ਵਿਸਤਾਰ ਅਤੇ ਨਿੱਜੀ ਵਿਕਾਸ ਤੇ ਪੂਰਤੀ ਪ੍ਰਤੀ ਪ੍ਰੇਰਕਾਂ ਨੂੰ ਸਮਝਣ ਵਿਚ ਅਸਫਲਤਾ ਕਰਦੇ ਹੈ। ਮਨੋ ਗਤੀ ਵਿਗਿਆਨ ਦੀ ਦੂਜੀ ਪੀੜ੍ਹੀ ਨੇ ਇਹਨਾਂ ਆਲੋਚਨਾਵਾਂ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਇਲਾਵਾ ਵਰਤਮਾਨ ਮਨੋ-ਗਤੀ ਵਿਗਿਆਨ ਥੈਰਾਪੀ ਦੀ ਆਲੋਚਨਾ ਵਿਵਹਾਰ ਵਿਚ ਸਭਿਆਚਾਰਕ ਭਿੰਨਤਾ ਦੀ ਮਹੱਤਤਾ ਨੂੰ ਨਾ ਸਮਝਣ ਕਰਕੇ ਵੀ ਹੈ।

1.4.7 ਸੰਖੇਪ ਸਾਰ

ਮੈਸਮਰਿਜਮ ਅਤੇ ਨੈਸੀ ਸਕੂਲ ਤੋ ਪ੍ਰਭਾਵਿਤ, ਚਾਰਕੋਟ Jean Charcot ਅਤੇ Bruer ਤੋ ਪ੍ਰੇਰਿਤ ਫਰਾਇਡ ਨੇ ਮਨੋਵਿਗਿਆਨਿਕ ਵਿਕਾਰਾਂ ਨੂੰ ਸਮਝਣ ਲਈ ਮਨੋਵਿਸ਼ਲੇਸ਼ਣ ਵਿਚਾਰਧਾਰਾ ਦਾ ਪ੍ਰਤਿਪਾਦਨ ਕੀਤਾ ਜਿਸ ਵਿਚ ਫਰਾਇਡ ਦੇ ਸਾਡੇ ਵਿਵਹਾਰ ਦਾ ਕਾਰਨ ਸਾਡੇ ਅਚੇਤਨ ਮਨ ਵਿਚ ਦਬੇ ਹੋਏ ਭਾਵ ਅਤੇ ਉਨ੍ਹਾਂ ਵਿਚ ਚਲਦੇ ਆਪਸੀ Conflicts ਨੂੰ ਮੰਨਿਆ। ਫਰਾਇਡ ਦੇ ਅਨੁਸਾਰ ਜਦੋ ਇਨ੍ਹਾਂ ਛੁਪੇ ਹੋਏ ਭਾਵਾਂ, ਇੱਛਾਵਾਂ ਨੂੰ ਕੁਝ ਤਕਨੀਕਾਂ ਰਾਹੀ ਉਜਾਗਰ ਕੀਤਾ ਜਾਏ ਤਾਂ ਮਾਨਸਿਕ ਵਿਕਾਰਾਂ ਦਾ ਇਲਾਜ ਕੀਤਾ ਜਾ ਸਕਦਾ ਹੈ।

1.4.8 ਸ਼ਬਦਾਵਲੀ

1. ਉਦਾਤੀਕਰਨ (Sublimation)

ਆਪਣੇ ਆਪ ਨੂੰ ਤਰਕਹੀਨ ਜਾਂ ਅਤਿ–ਕਥਨ ਤਰੀਕੇ ਰਾਹੀਂ ਕਿਸੇ ਦੂਸਰੇ ਵਿਅਕਤੀ ਨਾਲ ਸੰਬੰਧਿਤ ਸਮਝਣਾ ਜਾਂ ਬਚਪਨ ਬਾਲਗ ਅਵਸਥਾ ਉਤੇ ਹੀ ਭਾਵਾਤਮਕ ਵਿਕਾਸ ਦਾ ਸਥਿਰਣ ਹੋਣਾ। ਉਦਾਹਰਣ ਦੇ ਤੌਰ ਤੇ ਇਕ ਅਣਵਿਆਹਿਆ ਵੱਡੀ ਉਮਰ ਦਾ ਵਿਅਕਤੀ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਆਪਣੀ ਮਾਤਾ ਤੇ ਨਿਰਭਰ ਕਰਦਾ ਹੈ।

2. ਭਾਵਾਤਮਕ ਵਿਸਥਾਪਨ (Emotional Insulation)

ਰੱਖਿਆਤਮਕ ਪਰਹੇਜ ਅਤੇ ਸਹਿਨਸ਼ੀਲਤਾ ਨਾਲ ਈਗੋ ਦੀ ਸ਼ਮੂਲੀਅਤ ਨੂੰ ਘੱਟ ਕਰਨਾ। ਜਿਵੇਂ ਕਿ ਲੰਬੇ ਸਮੇਂ ਲਈ ਬਿਮਾਰੀ ਕਾਰਨ ਹਸਪਤਾਲ ਵਿਚ ਆਪਣੇ ਮਾਪਿਆਂ ਤੋਂ ਵੱਖ ਰਹਿ ਕੇ ਬੱਚਾ ਭਾਵਤਮਕ ਤੌਰ ਤੇ ਉਦਾਸੀਨ ਅਤੇ ਕ੍ਰਿਆਹੀਣ ਬਣ ਜਾਂਦਾ ਹੈ।

3. ਈਡੀਪਸ ਕੰਪਲੈਕਸ (*Oedipus Complex*)

ਗ੍ਰੀਕ ਪੁਰਾਣ ਵਿਦਿਆ ਅਨੁਸਾਰ ਈਡੀਪਸ ਨੇ ਅਣਜਾਣੇ ਵਿਚ ਹੀ ਆਪਣੇ ਪਿਤਾ ਦਾ ਕਤਲ ਕਰਕੇ ਆਪਣੀ ਮਾਂ ਨਾਲ ਵਿਆਹ ਕਰ ਲਿਆ ਸੀ। ਫ੍ਰਾਇਡ ਅਨੁਸਾਰ ਹਰ ਨੌਜਵਾਨ ਲੜਕਾ ਪ੍ਰਤੀਕਾਤਮਕ ਤੌਰ ਤੇ ਈਡੀਪਸ ਡਰਾਮਾ ਦੁਹਰਾਉਂਦਾ ਹੈ ਕਿਉਂਕਿ ਲੜਕੇ ਆਪਣੀਆਂ ਮਾਵਾਂ ਨਾਲ ਮਿਲਦੀਆਂ ਜੁਲਦੀਆਂ ਲੜਕੀਆਂ ਨਾਲ ਸ਼ਾਦੀ ਕਰਵਾਉਣਾ ਚਾਹੁੰਦੇ ਹਨ। ਅਜਿਹੀਆਂ ਭਾਵਨਾਵਾਂ ਕਰਕੇ ਲੜਕੇ ਦਾ ਆਪਣੇ ਪਿਤਾ ਪ੍ਰਤੀ ਈਰਖਾਲੂ ਰਵੱਈਆ ਬਣ ਜਾਂਦਾ ਹੈ।

4. ਅਸਲੀਅਤ ਤੋਂ ਇਨਕਾਰ (Denial of Reality)

ਇਕ ਅਣਸੁਖਾਵੀਂ ਅਸਲੀਅਤ ਨੂੰ ਵੇਖਣ ਸਮਝਣ ਤੋ ਜਾਂ ਉਸ ਦਾ ਸਾਹਮਣਾ ਕਰਨ ਤੋਂ ਇਨਕਾਰ ਕਰਕੇ ਆਪਣੇ ਆਪ ਦੀ ਰੱਖਿਆ ਕਰਨਾ। ਉਦਾਹਰਣ ਦੇ ਤੌਰ ਤੇ ਤਮਾਕੂ ਪੀਣ ਵਾਲਾ ਇਹ ਸਿੱਟਾ ਕੱਢਦਾ ਹੈ ਕਿ ਤਮਾਕੂ ਪੀਣਾ ਸਿਹਤ ਲਈ ਹਾਨੀਕਾਰਕ ਹੈ ਅਤੇ ਇਸਨੂੰ ਹਾਨੀਕਾਰਕ ਸਿੱਧ ਕਰਨ ਵਾਲੇ ਤੱਥ ਵਿਗਿਆਨਕ ਤੌਰ ਤੇ ਅਯੋਗ ਹਨ।

5. ਹਵਾਈ ਕਲੱਪਨਾ (Fantasy) :

ਅਪੂਰਨ ਇਛਾਵਾਂ ਦੀ ਕਾਲਪਨਿਕ ਪ੍ਰਾਪਤੀ ਰਾਹੀਂ ਪੂਰਤੀ ਕਰਨੀ। ਉਦਾਹਰਣ ਦੇ ਤੌਰ ਤੇ ਸਮਾਜਿਕ ਤੌਰ ਤੇ ਅਸੰਗਤ ਅਤੇ ਅਵਰੋਧੀ ਨੌਜਵਾਨ ਇਹ ਕਲਪਨਾ ਕਰਦਾ ਹੈ ਕਿ ਉਸ ਨੂੰ ਔਰਤਾਂ ਦੇ ਇਕ ਗਰੁੱਪ ਦੁਆਰਾ ਉਹਨਾਂ ਦੀ ਕਾਮੁਕ ਸੰਤੁਸ਼ਟੀ ਲਈ ਚੁਣਿਆ ਗਿਆ ਹੈ।

1.4.8 ਹਵਾਲਾ ਪੁਸਤਕਾਂ

1. Abnormal Psychology and Modern life : Carson & Butcher
2. Abnormal Psycology : Davison & Neale
3. ਅਸਾਧਾਰਣ ਮਨੋਵਿਗਿਆਨ : ਡਾ. ਆਗਿਆਜੀਤ ਸਿੰਘ
4. ਅਸਾਧਾਰਣ ਮਨੋਵਿਗਿਆਨ : ਬਲਵੰਤ ਬੀ, ਕੁਮਾਰ

ਪਾਠ ਨੰ : 1.5

ਲੇਖਕ : ਡਾ. ਆਗਿਆਜੀਤ ਸਿੰਘ

ਅਸਾਧਾਰਣ ਵਿਵਹਾਰ ਦੇ ਗਿਆਣਤਮਕ-ਵਿਵਹਾਰਿਕ ਅਤੇ ਮਨੁੱਖਵਾਦੀ ਦ੍ਰਿਸ਼ਟੀਕੋਣ
(Cognitive-Behavioural and Humanistic Model of Psychopathology)

ਪਾਠ ਸੰਰਚਨਾ

1.5.0 ਉਦੇਸ਼
1.5.1 ਭੂਮਿਕਾ
1.5.2 ਗਿਆਾਣਤਮਕ ਵਿਵਹਾਰਿਕ ਦ੍ਰਿਸ਼ਟੀ ਕੋਣ :
 1.5.2.1 ਗਿਆਾਣਤਮਕ ਵਿਵਹਾਰਿਕ ਥੈਰਾਪੀ
1.5.3 ਅੰਤਰ-ਨਿਜੀ ਦ੍ਰਿਸ਼ਟੀਕੋਣ (Interpersonal Perspective) :
 1.5.3.1 ਅੰਤਰ ਨਿਜੀ ਦ੍ਰਿਸ਼ਟੀਕੋਣ ਦੀਆਂ ਵਿਸ਼ੇਸ਼ਤਾਵਾਂ :
  1.5.3.1.1 ਸਮਾਜਿਕ ਵਟਾਂਦਰਾ ਅਤੇ ਕਰਤੱਵ (Social exchange and rules):
  1.5.3.1.2 ਅੰਤਰ ਨਿਜੀ ਸੰਬੰਧਾਂ ਵਿਚ ਕਾਰਨ ਵਾਦੀ ਵਿਸ਼ੇਸ਼ਤਾਵਾਂ (Casual attribution in interpersonal relations)
  1.5.3.1.3 ਸੰਚਾਰ ਅਤੇ ਅੰਤਰ ਨਿਜੀ ਮੇਲਜੋਲ (Communication and interpersonal accomodation)
1.5.4 ਅੰਤਰ ਨਿਜੀ ਦ੍ਰਿਸ਼ਟੀਕੋਣ ਦਾ ਪ੍ਰਭਾਵ
1.5.5 ਭੂਮਿਕਾ ਮਨੁੱਖੀਵਾਦ ਥੈਰਾਪੀ
1.5.6 ਮਨੁੱਖੀਵਾਦ ਮਨੋਵਿਗਿਆਨਕ ਦਾ ਪਿਛੋਕੜ :
1.5.7 ਮਨੁੱਖਵਾਦੀ ਥੈਰਾਪੀ (Humanistic Therapy)
1.5.8 ਮਨੁੱਖਵਾਦ ਦ੍ਰਿਸ਼ਟੀਕੋਣ ਦੇ ਮੂਲ ਤੱਤ (Basic of Humanistic Perspective)
 1.5.8.1 ਸਵੈ-ਇਕਰੂਪ ਵਿਸ਼ਾ ਵਸਤੂ (Self-unifying Theme) :
 1.5.8.2 ਮੁੱਲਾਂ ਅਤੇ ਨਿਜੀ ਵ੍ਰਿਧੀ ਤੇ ਜ਼ੋਰ (Focus on values and personal growth)
 1.5.8.3 ਮਨੁੱਖੀ ਸੁਭਾਵ ਅਤੇ ਸੰਭਾਵਕਤਾ ਸ਼ਕਤੀ ਦਾ ਸਾਰਥਕ ਪੱਖ (Positive view of Human nature and potential)
1.5.8.9 ਮਨੁੱਖਵਾਦੀ ਦ੍ਰਿਸ਼ਟੀਕੋਣ ਦਾ ਪ੍ਰਭਾਵ (Impact of Humanistic Perspective)
1.5.8.10 ਹੋਂਦਵਾਦੀ ਪ੍ਰਸਤਾਵ (Existential Approach)
1.5.8.11 ਸੰਖੇਪ ਸਾਰ
1.5.8.12 ਸ਼ਬਦਾਵਲੀ
1.5.8.13 **ਹਵਾਲਾ ਪੁਸਤਕਾਂ**

1.5.0 ਉਦੇਸ਼

ਇਸ ਪਾਠ ਵਿਚ ਅਸਾਧਾਰਣ ਵਿਵਹਾਰ ਨੂੰ ਸਮਝਣ ਲਈ ਦੋ ਦ੍ਰਿਸ਼ਟੀਕੋਣਾਂ, ਗਿਆਨਾਤਮਕ ਵਿਵਹਾਰਿਕ ਅਤੇ ਅੰਤਰਸ਼ਨਿੱਜੀ ਦ੍ਰਿਸ਼ਟੀਕੋਣ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਵੇਗੀ। ਗਿਆਨਾਤਮਕ ਵਿਵਹਾਰਿਕ ਦੇ ਮੁਖ ਪ੍ਰਤਿਪਾਦਕਾਂ ਦੇ ਯੋਗਦਾਨ ਦੀ ਗੱਲ ਕਰਨ ਤੋ ਇਲਾਵਾ, ਅਸਾਧਾਰਣ ਵਿਵਹਾਰ ਨੂੰ ਠੀਕ ਕਰਨ ਲਈ ਵਰਤੀਆਂ ਜਾਂਦੀਆਂ ਖਾਸ ਤਕਨੀਕਾਂ ਦੀ ਗੱਲ ਕੀਤੀ ਜਾਵੇਗੀ ਜਿਸ ਵਿਚ Systematic Desensitisation, Imagery, Self-awareness, Rational emotive therapy ਅਤੇ Cognitive Behavioural therapy ਸ਼ਾਮਿਲ ਹਨ। ਇਸ ਤੋ ਇਲਾਵਾ ਅੰਤਰਸ਼ਨਿੱਜੀ ਦ੍ਰਿਸ਼ਟੀਕੋਣ ਦੀਆਂ ਵਿਸ਼ੇਸ਼ਤਾਵਾਂ ਅਤੇ ਇਸ ਦੇ ਪ੍ਰਭਾਵ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਸ ਪਾਠ ਵਿਚ ਅਸਾਧਾਰਣ ਵਿਵਹਾਰ ਦੇ ਸਭ ਤੋ ਨਵੀਨ ਦ੍ਰਿਸ਼ਟੀਕੋਣ, ਮਨੁਖਵਾਦੀ ਦ੍ਰਿਸ਼ਟੀਕੋਣ ਬਾਰੇ ਜਾਣਕਾਰੀ ਦੇਣਾ ਹੈ। ਇਸ ਦ੍ਰਿਸ਼ਟੀਕੋਣ ਨੂੰ ਸ਼ੁਰੂ ਕਰਨ ਵਾਲੇ ਮਨੋਵਿਗਿਆਨੀਆਂ ਦੇ ਯੋਗਦਾਨ ਦੇ ਨਾਲਸ਼ਨਾਲ ਮਨੁੱਖੀਵਾਦ ਮਨੋਵਿਗਿਆਨਿਕ ਪਿਛੋਕੜ ਦੀ ਜਾਣਕਾਰੀ ਦਿੱਤੀ ਜਾਵੇਗੀ। ਇਸ ਪਾਠ ਵਿਚ ਮਨੁੱਖੀਵਾਦੀ ਥੈਰਾਪੀ ਅਤੇ ਇਸ ਦੇ ਮੂਲ ਤੱਤਾਂ ਉੱਪਰ ਰੋਸ਼ਨੀ ਪਾਈ ਗਈ ਹੈ। ਇਸ ਤੋ ਬਾਅਦ ਮਨੁੱਖਵਾਦੀ ਦ੍ਰਿਸ਼ਟੀਕੋਣ ਦੇ ਪ੍ਰਭਾਵ ਬਾਰੇ ਅਤੇ ਮਨੁੱਖਵਾਦੀ ਦੇ ਨਾਲ ਸੰਬੰਧਿਤ ਹੋਂਦਵਾਦੀ ਦ੍ਰਿਸ਼ਟੀਕੋਣ ਬਾਰੇ ਸੰਖੇਪ ਵਿਚ ਦੱਸਿਆ ਜਾਵੇਗਾ।

1.5.1 ਭੂਮਿਕਾ

ਅਸਾਧਰਣ ਵਿਵਹਾਰ ਉਨ੍ਹਾਂ ਸਾਰੇ ਲੱਛਣਾਂ ਦਾ ਸੰਗ੍ਰਹਿ ਹੈ ਜਿਨ੍ਹਾਂ ਦਾ ਤਾਲਮੇਲ ਠੀਕ ਤਰ੍ਹਾਂ ਨਹੀਂ ਹੋਇਆ ਹੁੰਦਾ। ਜੱਦੋਂ ਇਕ ਵਿਅਕਤੀ ਦੇ ਵਿਅਕਤਿਤਵ ਦੇ ਲਛਣਾਂ ਦਾ ਆਪਸ ਵਿਚ ਘੋਲ ਹੁੰਦਾ ਹੈ ਜਾਂ ਉਹ ਇਕ ਦੂਜੇ ਦੇ ਵਿਰੋਧੀ ਹੁੰਦੇ ਹਨ, ਤਾਂ ਉਹ ਵਿਅਕਤੀ ਅਸਾਧਾਰਣਾ ਦੇ ਚਿੰਨ ਪ੍ਰਗਟਾਉਂਦਾ ਹੈ। ਕਈਂ ਵਾਰ ਵਿਅਕਤੀ ਦੇ ਵਿਵਹਾਰਿਕ ਪ੍ਰਤਿਰੂਪ ਬਹੁਤ ਮਜ਼ਬੂਤ ਹੁੰਦੇ ਹਨ ਅਤੇ ਕਈਂ ਵਾਰ ਬਹੁਤ ਹੀ ਕਮਜ਼ੋਰ; ਜਿਨ੍ਹਾਂ ਕਰਕੇ ਉਹ ਦੂਜਿਆਂ ਤੋਂ ਭਿੰਨ ਤੇ ਵਿਚਿੱਤ੍ਰ ਅਤੇ ਵਿਕਰਿਤ ਲਗਦਾ ਹੈ।

ਅਸਾਧਾਰਣਤਾ ਦਾ ਸ਼ਾਬਦਿਕ ਅਰਥ ਹੈ, ਸਾਧਾਰਨਤਾ ਤੋਂ ਦੂਰ ਹਟਿਆ ਹੋਇਆ। (ab + normal = abnormal = away from normality) ਇਕ ਵਿਅਕਤੀ ਅਸਧਾਰਣ ਤਾਂ ਹੀ ਹੁੰਦਾ ਹੈ ਜੇ ਉਹ ਆਪਣੇ ਸਮਾਜ ਦੇ ਹੋਰ ਔਸਤ ਵਿਅਕਤੀਆਂ ਨਾਲੋਂ ਭਿੰਨ ਹੋਵੇ। ਪਰ ਮਾਨਸਿਕ ਪੱਖ ਤੋਂ ਅਸਾਧਾਰਣ ਵਿਅਕਤੀ ਦਾ ਕੋਈ ਨਿਸ਼ਚਿਤ ਮਿਆਰ ਜਾਂ ਮਾਪ-ਦੰਡ ਨਿਰਧਾਰਨ ਕਰਨਾ ਅਸੰਭਵ ਹੈ ਕਿਉਂਕਿ ਸਮੂਹ ਦੇ ਵਿਵਹਾਰ ਵਿਚ ਵੀ ਸਮੇਂ ਅਨੁਸਾਰ ਪਰਿਵਰਤਨ ਆਉਂਦੇ ਰਹਿੰਦੇ ਹਨ। ਇਸ ਪ੍ਰਕਾਰ ਦਾ ਵਿਵਹਾਰ ਇਕ ਸਭਿਆਚਾਰ ਵਿਚ ਸਾਧਾਰਣ ਹੋ ਸਕਦਾ ਹੈ ਅਤੇ ਉਹੀ ਵਿਵਹਾਰ ਦੂਜੇ ਸਭਿਆਚਾਰ ਵਿਚ ਅਸਾਧਾਰਣ। ਇਸ ਲਈ ਅਸਾਧਰਣਤਾ ਦੀ ਪਰਖ ਕਰਨਾ ਇਕ ਕਠਿਨ ਸਮੱਸਿਆ ਹੈ ਅਤੇ ਸਾਧਾਰਣ ਤੇ ਅਸਾਧਾਰਣ ਵਿਅਕਤੀਆਂ ਵਿਚ ਭਿੰਨਤਾ ਕਰਨਾ ਬਹੁਤ ਮੁਸ਼ਕਲ ਹੈ ਪਰ ਤਾਂ ਵੀ ਮਨੋਵਿਗਿਆਨੀਆਂ ਨੇ ਆਪਣੀ ਸਹੂਲਤ ਲਈ ਅਸਾਧਰਣਤਾ ਦੀ ਵਿਆਖਿਆ ਕੀਤੀ ਹੈ।

ਅਸਾਧਾਰਣ ਵਿਵਹਾਰ ਦੇ ਕਈ ਦ੍ਰਿਸ਼ਟੀਕੋਣ ਹਨ। ਵਿਭਿੰਨ ਮੱਤਾਂ ਦੇ ਮਨੋਵਿਗਿਆਨੀਆਂ ਨੇ ਅਸਾਧਾਰਣ ਵਿਵਹਾਰ ਦੀ ਵਿਆਖਿਆ ਆਪਣੇ ਸਿਧਾਂਤਾਂ ਅਨੁਸਾਰ ਕੀਤੀ ਹੈ ਅਤੇ ਇਸ ਨੂੰ ਠੀਕ ਕਰਣ ਲਈ ਭਿੰਨ ਭਿੰਨ ਪ੍ਰਕਾਰ ਦੀਆਂ ਚਕਿੱਤਸਾਵਾਂ ਤੇ ਥੈਰਾਪੀਆਂ ਦਾ ਸੁਝਾਉ ਦਿੱਤਾ ਹੈ। ਅਸਾਧਾਰਣ ਵਿਵਹਾਰ ਦੇ ਵਿਭਿੰਨ ਦ੍ਰਿਸ਼ਟੀਕੋਣਾਂ ਵਿਚ ਮਨੋਗਤੀ ਵੇਦੀ (Psychodynamic), ਵਿਵਹਾਰਵਾਦੀ (Behaviouristic), ਗਿਆਨਤਮਕ ਵਿਵਹਾਰਿਕ (Cognitive-Behavioural), ਮਨੁੱਖਵਾਦੀ (Humanistic) ਅਤੇ ਅੰਤਰ-ਵਿਅਕਤੀਗਤ (Interpersonal perspective) ਦ੍ਰਿਸ਼ਟੀਕੋਣ ਬਹੁਤ ਪ੍ਰਸਿਧ ਹਨ। ਇਸ ਪਾਠ ਵਿਚ ਅਸੀਂ ਕੇਵਲ ਦੋ ਦ੍ਰਿਸ਼ਟੀਕੋਣ ਭਾਵ ਗਿਆਨਤਮਕ-ਵਿਵਹਾਰਿਕ ਅਤੇ ਅੰਤਰ-ਵਿਅਕਤੀਗਤ ਦਾ ਹੀ ਜ਼ਿਕਰ ਕਰਾਂਗੇ।

1.5.2 ਗਿਆਨਤਮਕ ਵਿਵਹਾਰਿਕ ਦ੍ਰਿਸ਼ਟੀ ਕੋਣ :

1950 ਤੋਂ ਬਾਅਦ ਮਨੋਵਿਗਿਆਨੀਆਂ ਨੇ ਗਿਆਨਤਮਕ (Cognitive) ਪ੍ਰਕ੍ਰਿਆ ਵੱਲ ਜ਼ਿਆਦਾ ਧਿਆਨ ਦੇਣਾ ਸ਼ੁਰੂ ਕੀਤਾ ਬੋਧ ਜਾ ਗਿਅਨ (Cognition) ਇਕ ਅਜਿਹਾ ਸ਼ਬਦ ਹੈ ਜਿਸ ਵਿਚ ਉੱਚੀਆਂ ਮਾਨਸਿਕ ਕ੍ਰਿਆਵਾਂ ਭਾਵ ਸਿਖਣਾ, ਧਾਰਣਾ ਕਲਪਣਾ, ਤਰੱਕ ਸ਼ਕਤੀ, ਪ੍ਰਤਖਣ, ਪਹਿਚਾਣਨ, ਨਿਰਣਾ ਕਾਰਨਾ ਅਤੇ ਸਮੱਸਿਆ ਸਮਾਧਾਨ ਸ਼ਾਮਿਲ ਹਨ। ਗਿਆਨਤਮਕ ਮਨੋਵਿਗਿਆਨੀ ਨੇ ਇਸ ਪੱਖ ਵਲ ਕੰਮ ਕਰਨਾ ਸ਼ੁਰੂ ਕੀਤਾ ਕਿ ਲੋਕ ਆਪਣੇ ਤਜਰਬਿਆਂ ਦੀ ਰੂਪ ਰੇਖਾ ਕਿਵੇਂ ਤਿਆਰ ਕਰਦੇ ਹਨ ਅਤੇ ਉਹ ਇੰਨ੍ਹਾਂ ਦਾ ਕਿਵੇਂ ਅਰਥ ਕਢਦੇ ਹਨ ਅਤੇ ਉਹ ਵਾਤਾਵਰਣ ਵਲੋਂ ਆਉਂਦੀਆਂ ਉਤੇਜਨਾਵਾਂ ਨੂੰ ਸੁਚਨਾ ਵਿਚ ਕਿਵੇਂ ਬਦਲਦੇ ਹਨ; ਜਿਹੜੀਆਂ ਉਨ੍ਹਾਂ ਲਈ ਭਾਵਵੰਦ ਹੁੰਦੀਆਂ ਹਨ। ਇਸ ਸਮੇਂ ਵਿਚ ਸਾਨੂੰ ਕਈ ਉਤੇਜਨਾਵਾਂ ਮਿਲਦੀਆਂ ਹਨ; ਅਸੀਂ ਇਕ ਸਮੇਂ ਵਿਚ ਸਭ ਦੀ ਅਨੁਕ੍ਰਿਆ ਨਹੀਂ ਕਰ ਸਕਦੇ। ਅਸੀਂ ਇਨ੍ਹਾਂ ਸਭ ਦਾ ਕਿਵੇਂ ਸਾਹਮਣਾ ਕਰਦੇ ਹਾਂ, ਕਿਵੇਂ ਇਨ੍ਹਾਂ ਨੂੰ ਸ਼ਬਦਾਂ ਜਾਂ ਬਿੰਬ ਵਿਚ ਜਾਂ ਉਪਕੁਲ ਧਾਰਣਾਵਾ ਵਿਚ ਬਦਲਦੇ ਹਾਂ ਅਤੇ ਇਨ੍ਹਾਂ ਸਭ ਦਾ ਅਸੀਂ ਕਿਵੇਂ ਪ੍ਰਤੱਖੀਕਰਣ ਕਰਦੇ ਹਾਂ।

ਗਿਆਨਤਮਕ ਮਨੋਵਿਗਿਆਨੀ ਅਧਿਐਨ ਕਰਦੇ ਹਨ ਕਿ ਗਿਆਨ ਨੂੰ ਕਿਵੇਂ ਗ੍ਰਹਿਣ ਕਰਦੇ ਹਾਂ ਇਕਠਾ ਕਰਦੇ ਹਾਂ ਅਤੇ ਇਸ ਦੀ ਸੂਚਨਾ ਨੂੰ ਭਵਿਖ ਲਈ ਵਰਤਦੇ ਹਾਂ। ਉਹ ਸਿੱਖਣ ਕ੍ਰਿਆਵਾਂ ਵਿਚ ਉੱਤੇ ਜਕ-ਅਨੁਕ੍ਰਿਆ ਸੰਬੰਧਾਂ ਨੂੰ ਬਨਾਉਣ ਤੇ ਜ਼ੋਰ ਨਹੀਂ ਦੇਦੇ; ਪਰੰਤੂ ਸਥਿਤੀ ਦੀ ਵਿਆਖਿਆ ਕਰਕੇ ਸੂਚਨਾ ਪ੍ਰਾਪਤ ਕਰਦੇ ਹਨ ਅਤੇ ਇਸ ਦਾ ਅਨੁਭਵ ਕਰਦੇ ਹਨ। ਉਨ੍ਹਾਂ ਅਨੁਸਾਰ ਇਕ ਵਿਅਕਤੀ ਪਹਿਲਾ ਪ੍ਰਾਪਤ ਕੀਤੀ ਗਿਆਨ ਸਾਮਗ੍ਰੀ ਤੇ ਹੀ ਨਵਾਂ ਗਿਆਨ ਇਕਤਰ ਕਰਨ ਦਾ ਯਤਨ ਕਰਦੇ ਹਨ।

ਗਿਆਨਤਮਕ ਸਿਧਾਂਤ ਤੇ ਹੀ ਅੰਤਰ-ਦ੍ਰਿਸ਼ਟੀ ਦੁਆਰਾ ਸਿੱਖਣ (Insight learning) ਨਿਰਧਾਰਤ ਹੈ। ਗੈਸਟਾਲਟ ਮਨੋਵਿਗਿਆਨ ਸਿੱਖਣ ਦੇ ਉਤੇਜੱਕ-ਅਨੁਕ੍ਰਿਆ ਸਿਧਾਂਤ ਅਤੇ ਯਤਨ ਦੇ ਭੁਲ ਵਿਧੀ ਵਿਰੋਧਤਾ ਦੇ ਸਿੱਟੇ ਵਜੋਂ ਹੋਂਦ ਵਿਚ ਆਇਆ। ਗੈਆਲਟ ਮਨੋਵਿਗਿਆਨੀਆਂ ਦੇ ਮੱਤ ਅਨੁਸਾਰ ਸਿੱਖਣਾ ਉਦੇਸ਼ਪੂਰਣ, ਖ਼ੋਜ਼ਦਾ ਅਤੇ ਰਚਨਾਤਮਕ ਹੈ। ਵਿਅਕਤੀ ਸਿੱਖਣ ਸਮੇਂ ਸਥਿਤੀ ਨੂੰ ਪੂਰਣ ਰੂਪ ਵਿਚ ਦੇਖਦਾ ਹੈ। ਉਸ ਵਿਚ ਭਿੰਨ ਭਿੰਨ ਸੰਬੰਧਾਂ ਦਾ ਵਿਸ਼ਲੇਸ਼ਣ ਕਰਦਾ ਹੈ ਅਤੇ ਬੁੱਧੀ ਦੁਆਰਾ ਨਿਰਣਾ ਕਰਦਾ ਹੈ। ਸੂਝ ਵਿਧੀ ਤੋਂ ਭਾਵ ਹੈ ਕਿ ਵਸਤਾਂ ਦੇ ਅਸਲੀ ਸੁਭਾਉ ਜਾਂ ਪ੍ਰਕ੍ਰਿਤੀ ਨੂੰ ਤਿੱਖੀ ਸੂਝ ਨਾਲ ਭਾਂਪਣਾ। ਕੇਵਲ ਉੱਚੀਆਂ ਸ਼੍ਰੇਣੀਆਂ ਦੇ ਜੀਵ ਹੀ ਵਿਸ਼ੇਸ਼ ਕਰਕੇ ਮਨੁੱਖ ਹੀ ਇਸ ਵਿਧੀ ਦੁਆਰਾ ਸਿੱਖਦੇ ਹਨ। ਸੂਝ ਸ਼ਬਦ ਦਾ ਅਰਥ ਇਹ ਲਿਆ ਜਾਂਦਾ ਹੈ ਕਿ ਮਨੁੱਖ ਪਹਿਲੇ ਹੀ ਯਤਨ ਵਿਚ ਸਮੱਸਿਆ ਦਾ ਹਲ ਲੱਭ ਲੈਂਦਾ ਹੈ। ਅਰਥਾਤ ਸਮੱਸਿਆ ਦਾ ਏਕਾ-ਇਕ ਹੱਲ ਲਭ ਲੈਣ ਨੂੰ ਸੂਝ ਦੁਆਰਾ ਸਿੱਖਣਾ ਕਿਹਾ ਜਾਂਦਾ ਹੈ।

ਗਿਆਨਤਮਕ ਮਨੋ ਵਿਗਿਆਨੀਆਂ ਨੇ ਅਸਾਧਾਰਣ ਵਿਵਹਾਰ ਨੂੰ ਸਮਝਣ ਲਈ ਵੀ ਕੰਮ ਕੀਤਾ। ਉਨ੍ਹਾਂ ਨੇ ਸਿੱਖਣ ਦੀਆਂ ਨਿਰਧਾਰਤ ਵਿਧੀਆਂ ਤੋਂ ਹੱਟ ਕੇ ਮਨੁੱਖੀ ਸੋਚ ਪ੍ਰਕਿਆ ਤੇ ਜ਼ੋਰ ਦਿੱਤਾ। ਇਸ ਲਈ ਇਸ ਦ੍ਰਿਸ਼ਟੀਕੋਣ ਨੂੰ ਗਿਆਨਤਮਕ-ਵਿਵਹਾਰਿਕ ਨਜ਼ਰੀਆ ਵੀ ਕਿਹਾ ਜਾਂਦਾ ਹੈ; ਕਿਉਂਕਿ ਉਨ੍ਹਾਂ ਨੇ ਆਪਣਾ ਸਾਰਾ ਧਿਆਨ, ਸੋਚ, ਬੋਧ ਅਤੇ ਸੂਚਨਾ-ਪ੍ਰਿਕ੍ਰਿਆ ਤੇ ਹੀ ਪਾਇਆ ਹੈ। ਜਿਵੇਂ ਕਿ ਉਨ੍ਹਾਂ ਨੇ ਵਿਗੜੀ ਹੋਈ ਚਿੰਤਨ ਅਤੇ ਅਣ ਅਨੁਕੁਲਣ ਵਿਵਹਾਰ ਦਾ ਕਾਰਨ ਵਿਅਕਤੀ ਦੀ ਗਲਤ ਤੇ ਨਿਵੇਦਾਤਮਕ ਸੋਚ ਨੂੰ ਠਹਿਰਾਇਆ ਹੈ। ਬਾਅਦ ਵਿਚ ਉਨ੍ਹਾਂ ਨੇ ਅਸਾਧਾਰਣ ਵਿਵਹਾਰ ਦੇ ਇਲਾਜ ਲਈ ਕਈ ਖੋਜਾਂ ਵਲ ਧਿਆਨ ਦੇਣਾ ਸ਼ੁਰੂ ਕੀਤਾ ਅਤੇ ਕਈ ਵਿਧੀਆਂ ਅਪਣਾਈਆਂ।

ਇਸ ਖੇਤਰ ਵਿਚ ਸਭ ਤੋਂ ਪਹਿਲਾਂ ਕੰਮ ਜੋਹਨ ਡੋਲਾਰਡ (John Dollard, 1980) ਅਤੇ ਫਿਰ ਨੀਲ ਮਿਲਰ (Neal Miller, 1909) ਨੇ ਵਿਗਿਆਨਕ ਅਧਿਐਨ ਕਰਨ ਦੇ ਯਤਨ ਕੀਤੇ ਅਤੇ ਸਿੱਖਣ ਦੇ ਨੀਯਮ ਲਾਗੂ ਕਰਕੇ ਅਸਾਧਾਰਣ ਵਿਵਹਾਰ ਨੂੰ ਸਪਸ਼ਟ ਕਰਨ ਲਈ ਗਿਆਨਤਮਕ

ਵਿਚਾਰ ਦੱਸੇ। ਉਨ੍ਹਾਂ ਨੇ ਪ੍ਰਤੱਖੀਕਰਣ ਵਿਚ ਚਿੰਤਾਤਮਕ ਪ੍ਰਕ੍ਰਿਆ ਨੂੰ ਵਰਤ ਕੇ ਸੰਵੇਗ ਅਤੇ ਸਮੱਸਿਆ ਨੂੰ ਦਰਸਾਇਆ ਅਤੇ ਅਨੁਕੂਲਣ ਵਿਵਹਾਰ ਨੂੰ ਨਿਯੰਤਰਨ ਕਰਨ ਲਈ ਯਤਨ ਕੀਤੇ।

ਇਕ ਹੋਰ ਵਿਗਿਆਨੀ ਜੋਰਜ ਕੈਲੇ (George Kelley, 1905-1966) ਨੇ ਵੀ ਇਸ ਖੇਤਰ ਵਿਚ ਬਹੁਤ ਯੋਗਦਾਨ ਪਾਇਆ। ਉਸ ਨੇ ਵਿਅਕਤਿਤਵ ਸਿਧਾਂਤ ਦਾ ਵਿਕਾਸ ਕੀਤਾ ਜਿਸ ਵਿਚ ਦਸਿਆ ਕਿ ਲੋਕ ਆਪਣੇ ਵਿਅਤਿੱਤਵ ਚਿੱਤਰ ਦਾ ਕਿਵੇਂ ਨਿਰਮਾਣ ਕਰਦੇ ਹਨ। ਭਾਵ ਉਹ ਦੂਜੇ ਲੋਕਾਂ ਤੇ ਘਟਨਾਵਾਂ ਨੂੰ ਕਿਵੇਂ ਪ੍ਰਤੱਖਣ ਕਰਦੇ ਹਨ। ਲੋਕ ਇਨ੍ਹਾਂ ਨਿਜੀ ਚਿੱਤਰਾਂ ਦੀ ਆਪਣੇ ਆਲੇ ਦੁਆਲੇ ਦੀਆਂ ਘਟਨਾਵਾਂ ਅਨੁਸਾਰ ਕਿਵੇਂ ਵਿਆਖਿਆ ਕਰਦੇ ਹਨ। ਉਦਾਹਰਨ ਵਜੋਂ ਇਕ ਵਿਅਕਤੀ ਆਪਣੇ ਕਿਸੇ ਨਜ਼ਦੀਕੀ ਦੋਸਤ ਜਾ ਜਾਣਨ ਵਾਲੇ ਆਦਮੀ ਵਲੋਂ ਕੀਤੀ ਗਈ ਕੋਈ ਟਿਪਣੀ ਨੂੰ ਕਿਵੇਂ ਲੈਂਦਾ ਹੈ। ਇਹ ਉਸ ਵਿਚ ਕੁਝ ਸੰਵੇਗਾਤਮਕ ਭਾਵ ਵੀ ਪੈਦਾ ਕਰ ਸਕਦੀ ਹੈ ਭਾਵੇਂ ਉਸ ਦਾ ਅਰਥ ਉਸ ਦਾ ਨੁਕਸਾਨ, ਕਰਨ ਵਾਲਾ ਨਹੀਂ ਹੋਵੇ। ਉਹ ਵਿਅਕਤੀ ਇਸ ਦਾ ਕਿਵੇਂ ਅਰਥ ਕੱਢਦਾ ਹੈ; ਇਹ ਉਸ ਦੀ ਵਿਅਕਤਿਤਵ ਦੀ ਨਿਜੀ ਚਿੱਤਰ ਤੇ ਨਿਰਭਰ ਕਰੇਗਾ ਅਤੇ ਇਹ ਉਸ ਵਿਚ ਨਿਖੇਦਾਤਮਕ ਭਾਵਨਾਵਾਂ ਅਤੇ ਸੰਵੇਗਾਤਮਕ ਪ੍ਰਤਿਕ੍ਰਿਆ ਪੈਦਾ ਕਰ ਸਕਦਾ ਹੈ।

ਇਕ ਹੋਰ ਮਨੋਵਿਗਿਆਨੀ ਬੰਡੂਰਾ (Bandura) ਨੇ ਵੀ ਸਿੱਖਣ ਦੇ ਗਿਆਨਤਮਕ ਪੱਖ ਤੇ ਜੋਰ ਪਾਇਆ ਹੈ। ਉਸ ਅਨੁਸਾਰ ਵਿਅਕਤੀ ਆਪਣੇ ਵਿਵਹਾਰ ਤੇ ਨਿਯੰਤਰਣ ਅੰਦਰੂਲੀ ਚਿਤਰਾਂ ਦੀ ਪ੍ਰਕ੍ਰਿਆ ਪਾ ਸੋਝ ਰਾਹੀਂ ਹੀ ਨਿਯਮਤ ਕਰਦਾ ਹੈ। ਇਸ ਲਈ ਅਸੀਂ ਅੰਦਰੂਨ. ਪੁਨਰਬਲਨ (reinforcement) ਰਾਹੀਂ ਸਿਖਦੇ ਹਾਂ। ਅਸੀਂ ਮੁਸ਼ਕਲ ਕਾਰਜਾਂ ਲਈ ਤਿਆਰ ਰਹਿੰਦੇ ਹਾਂ। ਉਦਾਹਰਨ ਦੇ ਤੌਰ ਤੇ ਜੇ ਅਸੀਂ ਇੰਜ ਨਹੀਂ ਕਰਾਂਗੇ, ਤਾਂ ਸਾਨੂੰ ਭੈੜੇ ਨਤੀਜਿਆਂ ਦਾ ਸਾਹਮਣਾ ਕਰਨਾ ਪਵੇਗਾ। ਅਸੀਂ ਭੈੜੇ ਮੌਕਿਆਂ ਲਈ ਆਪਣੇ ਆਪ ਨੂੰ ਤਿਆਰ ਕਰਦੇ ਹਾਂ, ਇਸ ਲਈ ਆਪਣਾ ਵਿਵਹਾਰ ਬਦਲਣ ਲਈ ਸਾਨੂੰ ਬਾਹਰਲੇ ਪੁਨਰ-ਬੱਲਨ ਦੀ ਲੋੜ ਨਹੀਂ ਹੁੰਦੀ। ਅਸੀਂ ਆਪਣੀਆਂ ਗਿਆਨਤਮਕ ਯੋਗਤਾਵਾਂ ਰਾਹੀਂ ਆਪਣੀਆਂ ਅੰਦਰਲੀਆਂ ਸਮੱਸਿਆ ਦਾ ਹਲ ਲਭਦੇ ਹਾਂ। ਬੰਡੂਰਾ ਨੇ ਏਥੋਂ ਤਕ ਵੀ ਕਿਹਾ ਹੈ ਕਿ ਜੀਵਾਂ ਵਿਚ ਸਵੈ-ਨਿਰਦੇਸ਼ਲ ਦੀ ਸਮਰਥਾ ਹੁੰਦੀ ਹੈ।

1.5.2.1 ਗਿਆਣਤਮਕ ਵਿਵਹਾਰਿਕ ਥੈਰਾਪੀ

ਚਕਿੱਤਸਾ ਮਨੋਵਿਗਿਆਨ ਦੇ ਖੇਤਰ ਵਿਚ ਗਿਆਨਤਮਕ-ਵਿਵਹਾਰਿਕ ਦ੍ਰਿਸ਼ਟੀਕੋਣ ਨੇ ਵੀ ਅਸਾਧਾਰਣ ਵਿਅਕਤੀਆਂ ਦੇ ਇਲਾਜ ਲਈ ਕੁਝ ਥੈਰਾਪੀ ਦਾ ਸੁਝਾਉ ਦਿਤਾ ਹੈ। ਇਨ੍ਹਾਂ ਵਿਚ ਵਿਸ਼ੇਸ਼ ਸਮੱਸਿਆ ਵਿਵਹਾਰ ਦੀ ਪਹਿਚਾਣ ਕਰਕੇ ਇਸ ਵਿਵਹਾਰ ਨੂੰ ਨਿਰਦੇਸ਼ਤ ਕਰਨ ਦੀਆਂ ਤਕਨੀਕਾਂ ਦਸੀਆਂ ਹਨ। ਇਹ ਤਕਨੀਕਾਂ ਮਨੋ ਵਿਸ਼ਲੇਸ਼ਣ ਵਿਧੀ ਦੇ ਉਲਟ ਹਨ। ਜਿਸ ਵਿਚ ਸਮੱਸਿਆ ਅੰਦਰੂਨੀ ਮਨੋਰੋਗ ਸੰਘਰਸ਼ ਕਾਰਨ ਸਮਝੀ ਜਾਂਦੀ ਹੈ। ਇਸ ਲਈ ਉਨ੍ਹਾਂ ਦੇ ਇਲਾਜ ਦੀਆਂ ਤਕਨੀਕਾਂ ਵਿਅਕਤੀ ਦੀ ਖਾਸ ਸਮੱਸਿਆ ਤੇ ਸ਼ਿਕਾਇਤਾਂ ਤੇ ਕੇਂਦਰਤ ਨਹੀਂ ਹੁੰਦੀ। ਵਿਵਹਾਰਿਕ ਥੈਰਾਪੀ ਵਿਚ ਗਿਆਨ ਜਾਂ ਬੋਧ ਦੇ ਵਿਚਾਰਾਂ ਨੇ ਬਹੁਤ ਧਿਆਨ ਖਿੱਚਿਆ ਹੈ। ਦਰਅਸਲ ਗਿਆਨਤਮਕ ਵਿਕਾਸਸ਼ੀਲ ਵਿਵਹਾਰਿਕ ਥੈਰਾਪੀ ਮਰੀਜਾਂ ਦੀ ਸੋਚ ਪ੍ਰਣਾਲੀ ਨੂੰ ਬਦਲਣ ਦਾ ਯਤਨ ਕਰਦੇ ਹਨ; ਤਾਂ ਜੋ ਉਨ੍ਹਾਂ ਦੇ ਸੰਵੇਗਾਂ ਅਤੇ ਵਿਵਹਾਰ ਤੇ ਪ੍ਰਭਾਵ ਪਾਇਆ ਜਾ ਸਕੇ।

ਵਿਧੀ ਪੂਰਵਕ ਸੰਵੇਦਨਾ ਹੀਣਤਾ (Systematic Desensitization) ਥੈਰਾਪੀ ਵਿਚ ਮਰੀਜ਼ ਨੂੰ ਆਪਣੇ ਮਨ ਵਿਚ ਕਿਸੇ ਬਿੰਬ ਵਲ ਧਿਆਨ ਦੇਣ ਲਈ ਕਿਹਾ ਜਾਂਦਾ ਹੈ ਅਤੇ ਇਹ ਗਿਆਨਤਮਕ ਪ੍ਰਕ੍ਰਿਆ ਹੈ। ਗਿਆਨਤਮਕ ਵਿਵਹਾਰਿਕ ਮਨੋਵਿਗਿਆਨੀਆਂ ਨੇ ਬਾਹਰਲੇ ਵਿਵਹਾਰ ਤੋਂ ਆਪਣਾ ਧਿਆਨ ਹਟਾ ਕੇ ਅੰਦਰੂਨੀ ਪ੍ਰਤੱਖੀਕ੍ਰਣ ਵਲ ਜ਼ੋਰ ਪਇਆ ਅਜਕਲ ਬਹੁਤ ਸਾਰੇ ਵਿਵਹਾਰਿਕ ਚਕਿਤਸਕ ਮਾਹਿਰ ਦੀਆਂ ਖੋਜਾਂ ਗਿਆਨਤਮਕ ਪ੍ਰਕ੍ਰਿਆ ਨੂੰ ਵਰਤਦੀਆਂ ਹਨ; ਖਾਸ ਕਰਕੇ ਅਲੰਕਾਰ ਮਈ ਚਿਤਰਣ (imagery) ਅਤੇ ਸਵੈ-ਸੁਚੇਲਤਾ (self-awareness) ਮਨੋਵਿਗਆਨਿਕ ਕਾਰਜਾਂ ਦੀਆਂ ਚਿਤਰਾਂ ਵਿਚ ਵਰਤਣੀਆਂ ਸ਼ੁਰੂ ਹੋਈਆਂ। ਉਹ ਆਪਣੇ ਮਰੀਜ਼ਾਂ ਦੇ

ਸਵੈ-ਕਥਨਾਂ ਬਾਰੇ ਚਿੰਤਤ ਹੋਏ। ਉਨ੍ਹਾਂ ਦੀਆਂ ਖੋਜਾਂ ਇਹ ਦੱਸਦੀਆਂ ਹਨ ਕਿ ਲੋਕ ਆਪਦੇ ਤਜਰਬਿਆਂ ਨੂੰ ਕਿਵੇਂ ਵਿਆਖਿਆ ਕਰਦੇ ਹਨ ਅਤੇ ਇਨ੍ਹਾਂ ਬਾਰੇ ਉਹ ਕੀ ਕਹਿੰਦੇ ਹਨ। ਉਦਾਹਰਣ ਦੇ ਤੌਰ ਤੇ ਲੋਕ ਜਿਹੜੇ ਆਪਣੀ ਜ਼ਿੰਦਗੀ ਵਿਚਕੀ ਵਾਪਰਦਾ ਹੈ; ਉਹ ਆਪਣੀ ਸਵੈ-ਸ੍ਰੇਸ਼ਟਤਾ ਬਾਰੇ ਨਿਖੇਦਾਤਮਕ ਪ੍ਰਤੀਬੰਬ ਬਣਾ ਲੈਂਦੇ ਹਨ। ਉਨ੍ਹਾਂ ਲਈ ਗਿਆਨਤਮਕ-ਵਿਵਹਾਰਿਕ ਥੈਰਾਪੀ ਦੀਆਂ ਤਕਨੀਕਾਂ ਰਾਹੀਂ ਅਜਿਹੀ ਸਥਿਤੀ ਨੂੰ ਬਦਲਕੇ ਰੋਗੀ ਵਿਚ ਸਕਾਰਤਮਕ ਵਿਚਾਰ ਪੈਦਾ ਕਰਨ ਦਾ ਯਤਨ ਕਰਦੇ ਹਨ। ਇਨ੍ਹਾਂ ਥੈਰਾਪੀਆਂ ਵਿਚ ਐਲਿਸ (Ellis) ਦੀ ਰੈਸ਼ਨਲ ਈਮੋਟਿਵ ਥੈਰਾਪੀ (Rational Emotive therapy) ਅਤੇ ਬੈਕ (Beck) ਦੀ ਗਿਆਨਤਮਕ ਵਿਵਹਾਰਿਕ ਥੈਰਾਪੀ (Cognitive Behavioural therapy) ਬਹੁਤ ਪ੍ਰਸਿਧ ਹਨ।

ਇਸ ਵਿਚਾਰਧਾਰਾ ਨੇ ਸਮਕਾਲੀ ਚਕਿਤਸਕ ਮਨੋ ਵਿਗਿਆਨ ਨੂੰ ਬਹੁਤ ਪ੍ਰਭਾਵਿ ਕੀਤਾ ਹੈ। ਬਹੁਤ ਸਾਰੇ ਖੋਜੀ ਐਤ ਮਾਹਿਰ ਇਸ ਨਿਯਮ ਦੀ ਪ੍ਰੋੜਤਾ ਕਰਕੇ ਹਨ ਕਿ ਮਨੁੱਖੀ ਵਿਹਵਾਰ ਨੂੰ ਉਨ੍ਹਾਂ ਦੀ ਸੋਚ ਬਦਲਣ ਜਾਂ ਉਹ ਕਿਵੇਂ ਪ੍ਰਤੱਖਣ ਕਰਦੇ ਹਨ ਬਦਲਕੇ ਠੀਕ ਕੀਤਾ ਜਾ ਸਕਦਾ ਹੈ। ਇਕ ਪ੍ਰਸਿੱਧ ਚਿਕਤਸਕਮਾਹਿਰ ਅਲੱਬਰਟ ਐਲਿਸ (Albert Ellis) ਦੇ ਵਿਚਾਰ ਅਨੁਸਾਰ ਅਣ ਅਨੁਚਿਤ ਭਾਵਨਾਵਾਂ ਅਤੇ ਕ੍ਰਿਆਵਾਂ ਤਰਕਰੀਣ ਵਿਸ਼ਵਾਸ ਦੇ ਕਾਰਣ ਪੈਦਾ ਹੁੰਦੀਆਂ ਹਨ। ਜਾਂ ਫਿਰ ਕੁਝ ਹਾਲਤਾਂ ਵਿਚ ਲੋਕ ਆਪਣੇ ਉਪਰ ਬਹੁਤ ਜ਼ਿਆਦਾ ਮੰਗਾਂ ਅਤੇ ਆਸ਼ਾਵਾਂ ਰਖਦੇ ਹਨ; ਜਿਸ ਤੇ ਉਹ ਬਾਅਦ ਵਿਚ ਪੂਰਾ ਨਹੀਂ ਉਤਰਦੇ। ਇਕ ਵਿਅਕਤੀ ਜਿਹੜਾ ਹਮੇਸ਼ਾਂ ਹੀ ਇਕ ਚੀਜ਼ ਵਿਚ ਸੰਪੂਰਨ ਹੋਣ ਲਈ ਵਿਸ਼ਵਾਸ ਰਖਦਾ ਹੈ; ਬਹੁਤ ਦੁਖੀ ਹੋਵੇਗਾ ਜਦੋਂ ਉਹ ਕੋਈ ਗਲਤੀ ਕਰੇਗਾ। ਐਲਿਸ ਅਤੇ ਉਸ ਦੇ ਹੋਰ ਸਾਥੀਆਂ ਨੇ ਆਪਣੀ ਥੈਰਾਪੀ ਰਾਹੀਂ ਆਪਣੇ ਰੋਗੀਆਂ ਦੀਆਂ ਅਜਿਹੀਆਂ ਧਾਰਨਾਵਾਂ ਦਾ ਮੁਕਾਬਲਾ ਕਰਨ ਲਈ ਮਦੱਦ ਕੀਤੀ ਅਤੇ ਉਨ੍ਹਾਂ ਨੂੰ ਬਦਲਣ ਲਈ ਸਿਖਾਇਆ। ਇਕ ਹੋਰ ਮਨੋਰੋਗ ਵਿਗਿਆਨੀ ਬੈਕ (Beck) ਨੇ ਵੀ ਗਿਆਨ ਅਤੇ ਬੋਧ ਤੇ ਗਿਆਨ ਦਿੱਤਾ ਕਿ ਕਿਵੇਂ ਲੋਕ ਆਪਣੇ ਤਜ਼ਰਬਿਆਂ ਨੂੰ ਵਿਗਾੜ ਲੈਂਦੇ ਹਨ। ਜਿਵੇਂ ਉਦਾਸੀ ਲੋਕ ਗੰਭੀਰ ਘਟਨਾਵਾਂ ਨੂੰ ਤੋਂ ਪ੍ਰਭਾਵਿਤ ਹੋ ਕੇ ਜ਼ਿੰਦਗੀ ਵਿਚ ਗਮਰਗੀਨ ਦ੍ਰਿਸ਼ਟੀਕੋਣ ਰਖਦੇ ਹਨ। ਉਹ ਹਮੇਸ਼ਾਂ ਹੀ ਸਾਰਥਕ ਘਟਨਾਵਾਂ ਨੂੰ ਹਟਾ ਕੇ ਨਿਰਾਥਕ ਘਟਨਾਵਾਂ ਨੂੰ ਮਨ ਵਿਚ ਟਿਕਾ ਲੈਂਦੇ ਹਨ। ਉਦਾਹਰਨ ਵਜੋਂ ਇਕ ਡਿਪਰੈਸ਼ਨ ਦਾ ਮਰੀਜ਼ ਹਮੇਸ਼ਾਂ ਹੀ ਗਮਹੀਨ ਵਿਚਾਰ ਸੋਚਦਾ ਹੈ; ਕਿਉਂਕਿ ਉਸ ਦੇ ਗਿਆਨਤਮਕ ਢਾਂਚੇ ਵਿਚ ਨ-ਉਮੀਦਪੁਣਾ (hopelessness) ਆ ਜਾਦਾ ਹੈ। ਅਜਿਹਾ ਮਰੀਜ਼ ਵਿਸ਼ਵਾਸ ਰਖਦਾ ਹੈ ਕਿ ਉਸ ਉਪਰ ਆਪਣੇ ਆਲੇ ਦੁਆਲੇ ਦਾ ਕੋਈ ਪ੍ਰਭਾਵ ਨਹੀਂ ਹੈ; ਭਾਵੇਂ ਉਹ ਕੁਝ ਹੀ ਕਰ ਲਵੇ। ਉਹ ਕਿਸਮਤ ਨੂੰ ਹੀ ਕੋਸਦਾ ਹੈ ਕਿਉਂ-ਕਿ ਉਸ ਨੂੰ ਆਪਣੇ ਭਵਿਖਤ ਬਾਰੇ ਹਨੇਰਾ ਹੀ ਦਿੱਸਦਾ ਹੈ। ਇਹ ਨ-ਉਮੀਦ ਪੁਣੇ ਦੀਆਂ ਭਾਵਨਾਵਾਂ ਉਦਾਸੀ ਪੈਦਾ ਕਰਨ ਦੇ ਜ਼ਿੰਮੇਵਾਰ ਹੁੰਦੀਆਂ ਹਨ। ਗਿਆਨਤਮਕ ਮਾਹਿਰ ਇਸ ਤੇ ਜ਼ੋਰ ਦਿੰਦੇ ਹਨ ਕਿ ਲੋਕ ਆਪਣੀਆਂ ਵਾਤਾਵਰਨਿਕ ਉਤੇਜਨਾਵਾਂ ਕਿਵੇਂ ਵਿਆਖਿਆ ਕਰਦੇ ਅਤੇ ਇਹ ਬਦਲੀਆਂ ਹੋਇਆਂ ਉਤੇਜਨਾਵਾਂ ਵਿਵਹਾਰ ਤੇ ਕਿਵੇਂ ਪ੍ਰਭਾਵ ਪਾਉਂਦੀਆਂ ਹਨ। ਇਸ ਵਿਚ ਪੁਨਰ-ਬਾਲਨ ਨੇ ਬਹੁਤ ਰਹੀ ਘਟ ਯੋਗਦਾਨ ਪਾਇਆ ਹੈ। ਦਰਅਸਲ ਵਿਚਾਰ ਹੀ ਕਿਸੇ ਵਿਚਾਰ ਦਾ ਕਾਰਨ ਬਣਦੇ ਹਨ। ਅਜਿਹੀ ਸੋਚ ਡਪਰੈਸ਼ਨ ਰੋਗ ਦੀ ਤਸ਼ਖੀਸ਼ ਕਰਦੀ ਹੈ। ਇਸ ਤੋਂ ਬਿਨਾਂ ਮਨੋਰੋਗ, ਵਿਗਿਆਨ ਵਿਚ ਗਿਆਜਾਤਮਕ ਪੱਖ ਬਹੁਤ ਕੁਝ ਨਹੀਂ ਦਰਸਾਉਂਦਾ।

ਬੰਡੂਰਾ (Bandura) ਨਤ ਵੀ ਗਿਆਣਤਮਕ ਵਿਧੀਆਂ ਰਾਹੀਂ ਵਿਵਹਾਰ ਵਿਚ ਤਬਦੀਲੀ ਲਿਆਉਣ ਲਈ ਦਲੀਲ ਦਿਤੀ ਹੈ ਕਿ ਕਿਵੇਂ ਭਿੰਨ ਭਿੰਨ ਥੈਰਾਪੀ ਸੁਧਾਰ ਲਿਆਉਣ ਲਈ ਕੰਮ ਕਰਦੀਆਂ ਹਨ ਅਤੇ ਇਹ ਲੋਕਾਂ ਦੀ ਸਵੈ-ਕਾਰਗਰੀ ਜਾਂ ਸਵੈ-ਗੁਣ ਕਰਤਾ (self-esteem) ਨੂੰ ਵਧਾਉਂਦੀਆਂ ਹਨਸ ਕਿਉਂਕਿ ਉਸ ਦਾ ਵਿਸ਼ਵਾਸ ਹੈ ਕਿ ਲੋਕ ਆਪਣੇ ਮਿਥੇ ਹੋਏ ਟੀਚੇ ਪ੍ਰਾਪਤ ਕਰ ਸਕਦੇ ਹਨ। ਉਸ ਨੇ ਇਹ ਵੀ ਦਲੀਲ ਦਿਤੀ ਕਿ ਅਸੀਂ ਵਿਵਹਾਰਿਕ ਤਕਨੀਕਾਂ ਰਾਹੀਂ ਵਿਵਹਾਰ ਵਿਚ ਪਰਿਵਰਤਨ ਕਰਨਾ ਸਭ ਤੋਂ ਵੱਧ ਸ਼ਕਤੀਸ਼ਾਲੀ ਢੰਗ ਹੈ। ਇਹ ਥੈਰਾਪੀ ਵਿਚ ਅਸੀਂ

ਵਿਸ਼ਵਾਸ, ਆਸ਼ਾਵਾਂ, ਅਭਿਲਾਸ਼ਾਵਾਂ, ਪ੍ਰਤਖੀਕਰਣ ਅਤੇ ਵਤੀਰਾ ਦਾ ਗੰਭੀਰ ਤੌਰ ਤੇ ਅਧਿਐਨ ਕਰਦੇ ਹਾਂ। ਅਜਿਹੇ ਚਕਿਤਸਾ ਮਾਹਿਰ ਫਿਰ ਗਿਆਨਾਤਮਕ ਅਤੇ ਵਿਵਹਾਰਿਕ ਥੈਰਾਪੀ ਦੋਵਾਂ ਦਾ ਹੀ ਕੰਮ ਕਰਦੇ ਹਨ। ਉਨ੍ਹਾਂ ਦਾ ਇਲਾਜ ਨਿਖੇਧਾਤਮਕ ਵਿਚਾਰਾਂ ਨੂੰ ਰੋਕਣ ਵਿਚ ਹੈ ਅਤੇ ਚੰਗੇ ਵਿਚਾਰ ਪੈਦਾ ਕਰਨ ਵਿਚ ਹੈ। ਵਿਵਹਾਰਿਕ ਤਕਨੀਕਾਂ ਰਾਹੀਂ ਉਨ੍ਹਾਂ ਦਾ ਆਪਣੇ ਆਪ ਤੇ ਵਿਸ਼ਵਾਸ ਬਦਲਣ ਵਿਚ ਹੈ ਤਾਂ ਜੋ ਉਨ੍ਹਾਂ ਦੇ ਵਿਵਹਾਰ ਵਿਚ ਪਰਿਵਰਤਨ ਲਿਆਂਦਾ ਜਾ ਸਕੇ। ਇਸ ਲਈ ਇਹ ਥੈਰਾਪੀ ਦੀ ਵਿਧੀ ਬਹੁਤ ਹੀ ਉਪਯੋਗੀ ਹੈ ਅਤੇ ਇਸ ਦੀ ਵਰਤੋਂ ਅਜਕਲ ਬਹੁਤ ਸਾਰੇ ਮਾਨਸਿਕ ਹਸਪਤਾਲਾਂ ਵਿਚ ਮਨੋਰੋਗ ਚਕਿਤਸਾ ਵਿਗਿਆਨੀ ਅਤੇ ਕਲਿਨੀਕਲ ਵਿਗਿਆਨੀਆਂ ਵਲੋਂ ਕੀਤਾ ਜਾ ਰਿਹਾ ਹੈ।

1.5.5 ਭੂਮਿਕਾ ਮਨੁਖਵਾਦੀ ਥੈਰਾਪੀ

ਅਸਾਧਾਰਣ ਵਿਚਾਰ ਦਾ ਮਨੁਖਵਾਦੀ ਦ੍ਰਿਸ਼ਟੀਕੋਣ ਸਭ ਤੋਂ ਨਵੀਨ ਹੈ; ਜਿਹੜਾ ਮਨੋਵਿਸ਼ਲੇਸ਼ਣ ਮੱਤ ਅਤੇ ਵਿਵਹਾਰਿਕ ਮੱਤ ਦੇ ਵਿਚਾਰਾਂ ਦੇ ਪ੍ਰਤਿਰੋਪ ਦੇ ਹੋਂਦ ਵਿਚ ਆਇਆ। ਇਹ ਵਿਚਾਰਧਾਰਾ ਮਨੁੱਖੀ ਕੀਮਤਾਂ, ਕਦਰਾਂ, ਅੰਦਰੂਨੀ ਅਨੁਭਵਾਂ ਅਤੇ ਹਰ ਵਿਅਕਤੀ ਦੀ ਅਨੋਖਾਪਣ ਨਾਲ ਸੰਬੰਧਤ ਹੈ। ਇਬਰਾਹੀਮ ਮੈਸਲੋ (Abraham Maslow) ਨੇ ਲੋਕਾਂ ਦੇ ਲਛਣਾਂ ਦਾ ਅਧਿਐਨ ਕੀਤਾ। ਜਿਹੜੇ ਆਪਣੀ ਪੂਰੀ ਸੰਭਵ ਸ਼ਕਤੀ ਨੂੰ ਪ੍ਰਾਪਤ ਕਰਨ ਲਈ ਆਪਣੀਆਂ ਕੁਸ਼ਲਤਾਵਾਂ ਨੂੰ ਵਰਤਦੇ ਸਨ, ਉਸ ਨੇ ਅਜਿਹੇ ਲੋਕਾਂ ਨੂੰ ਸਵੈ-ਵਿਦਮਾਨ (self-actualized) ਕਿਹਾ। ਬਹੁਤ ਸਾਰੇ ਮਨੁੱਖਵਾਦੀ ਮਨੋਵਿਗਿਆਨੀ ਵਿਸ਼ਵਾਸ ਕਰਦੇ ਸਨ ਕਿ ਵਿਗਿਆਨ ਕਦੀ ਵੀ ਮਨੁੱਖੀ ਵਿਵਹਾਰ ਤੇ ਤਜ਼ਰਬੇ ਦੀ ਗੁੰਝਲਤਾ ਨੂੰ ਨਹੀਂ ਸਮਝ ਸਕੇਗਾ। ਇਸ ਲਈ ਉਹ ਮਨੋ ਵਿਗਿਆਨ ਦੇ ਖੇਤਰ ਵਿਚ ਆਏ।

ਇਹ ਦ੍ਰਿਸ਼ਟੀਕੋਣ ਲੋਕਾਂ ਨੂੰ ਇਸ ਧਾਰਨਾ ਤੇ ਵਤੀਰੇ ਤੋਂ ਮੁਕਤ ਕਰਦਾ ਹੈ ਕਿ ਉਹ ਆਪਣੀ ਜ਼ਿੰਦਗੀ ਨੂੰ ਸੁਹਣੇ ਤੇ ਸੁਚਜੇ ਢੰਗ ਨਾਲ ਨਹੀਂ ਬਿਤਾ ਸਕਣਗੇ। ਇਸ ਲਈ ਇਸ ਨੇ ਮਨੁੱਖੀ ਸੰਭਵ ਸ਼ਕਤੀ (Human potential) ਅਤੇ ਨਿਜੀ ਵਿਧੀ (Personal growth) ਤੇ ਜ਼ਿਆਦਾ ਜ਼ੋਰ ਦਿੱਤਾ; ਨਾ ਕਿ ਮਾਨਸਿਕ ਗਾਣਮਿਕ ਬਿਮਾਰੀਆਂ ਦਾ ਇਲਾਜ ਕਰਨ ਜਾਂ ਵਿਕਾਰਾਂ ਨੂੰ ਬਣਾਉਣ ਤੇ ਪਾਉਣ। ਇਸ ਲਈ ਇਸ ਮੱਤ ਦੇ ਚਕਿਤਸਕ ਮਾਹਿਰ ਉਨ੍ਹਾਂ ਵਿਅਕਤੀਆਂ ਨਾਲ ਕੋਈ ਸੰਪਰਕ ਨਹੀਂ ਰਖਦੇ ਜਿਹੜੇ ਗੰਭੀਰ ਸਮਾਜਿਕ ਵਿਕਾਰਾਂ ਤੋਂ ਦੁਖੀ ਹਨ। ਇਹ ਸਿਧਾਂਤ ਮਨੁੱਖ ਵਿਚ ਸੁਤੰਤਰ ਇੱਛਾ (free will) ਨੂੰ ਵਧਾਉਣ ਅਤੇ ਚੰਗੇ ਮਨੁੱਖੀ ਜੀਵ ਬਣਾਨ ਲਈ ਸੁਚੇਤ ਤੌਰ ਤੇ ਮਦਦ ਕਰਦੀ ਹੈ।

ਸ਼ੁਰੂ ਵਿਚ ਮਨੁੱਖਵਾਦ ਦ੍ਰਿਸ਼ਟੀਕੋਣ ਵਿਵਹਾਰਿਕ ਅਤੇ ਮਨੋਵਿਗਿਆਨਕ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਇਆ; ਭਾਵੇਂ ਇਨਾਂ ਦੋਵਾਂ ਦੇ ਵਿਚਾਰਾਂ ਵਿਚ ਮੱਤ ਭੇਦ ਸਨ ਅਤੇ ਕੋਈ ਸਹਿਮਤੀ ਨਹੀਂ ਸੀ। ਮਨੋਵਿਸ਼ਲੇਸ਼ਣ ਮੱਤ ਤੋਂ ਇਸ ਮਨੋ-ਸ਼ਕਤੀ (Psychic energy) ਲੋੜਾਂ ਅਤੇ ਸਵੈ ਤੇ ਈਗੋ ਦੇ ਵਿਚਾਰ ਗ੍ਰਹਿਣ ਕੀਤੇ। ਵਿਵਹਾਰਿਕ ਮੱਤ ਤੋਂ ਮਨੁੱਖੀ ਵਿਵਹਾਰ ਵਿਚ ਸਿੱਖਣ ਦੀ ਪ੍ਰਕ੍ਰਿਆ ਦੀ ਮਹੱਤਤਾ ਮੰਨੀ। ਪਰੰਤੂ ਵਿਵਹਾਰਿਕ ਮਤ ਦੀ ਆਲੋਚਨਾ ਕੀਤੀ ਕਿ ਇਸ ਨੇ ਵਿਅਕਤੀ ਦੀ ਮਾਨਸਿਕ ਬਣਤਰ, ਅੰਦਰੂਨੀ ਤਜ਼ਰਬੇ ਅਤੇ ਸੰਭਵ ਸ਼ਕਤੀ ਵੱਲ ਅਣਗਹਿਲੀ ਕੀਤੀ ਅਤੇ ਇਸ ਵਲ ਕੋਈ ਧਿਆਨ ਨਹੀਂ ਦਿੱਤਾ। ਕੇਵਲ ਇਸ ਨੇ ਮਨੁੱਖੀ ਵਿਵਹਾਰ ਨੂੰ ਕੇਵਲ ਉਤੇਜਨਾ ਤੇ ਅਨੁਕ੍ਰਿਆ ਦੇ ਮੇਲ ਜੋਲ ਦੇ ਸੰਦਰਭ ਵਿਚ ਹੀ ਲਿਆ ਜਿਹੜਾ ਮੁਕੰਮਲ ਵਿਚਾਰ ਨਹੀਂ ਸੀ। ਇੰਜ ਹੀ ਇਹ ਮਨੁੱਖਵਾਦੀ ਮਨੋਵਿਗਿਆਨ ਮਨੋ ਵਿਸ਼ਲੇਸ਼ਣ ਸਿਧਾਂਤ ਵਲੋਂ ਪੇਸ਼ ਕੀਤੀ ਗਈ ਮਨੁੱਖੀ ਪ੍ਰਕ੍ਰਿਤੀ ਦੀ ਨਿਖੇਦਾਤਮਕ ਤਸਵੀਰ ਨਾਲ ਸਹਿਮਤ ਨਹੀਂ ਸਨ ਕਿਉਂਕਿ ਉਹ ਤਰੱਕਹੀਣ ਅਤੇ ਅਚੇਤ ਆਵੇਗਾਂ ਦੀ ਜ਼ਿਆਦਾ ਸ਼ਕਤੀ ਤੇ ਜ਼ੋਰ ਦੇਂਦੇ ਹਨ। ਇਸ ਦੇ ਉਲਟ ਮਨੁੱਖਵਾਦੀ ਮਨੋ ਵਿਗਿਆਨੀ ਸਮਝਦੇ ਹਨ ਕਿ ਮਨੁੱਖੀ ਸੁਭਾਅ ਚੰਗਾ ਹੈ ਤੇ ਸੁਚੇਤ ਕ੍ਰਿਆ ਨੂੰ ਪੇਸ਼ ਕਰਦਾ ਹੈ।

ਉਹ ਲੋਕਾਂ ਦੀ ਅੰਦਰੂਨੀ ਸਮਰਥਾ ਤੇ ਸੰਭਵ ਸ਼ਕਤੀ ਜਿਹੜੇ ਸਵੈ-ਨਿਰਦੇਸ਼ਨ ਲਈ ਜ਼ਿੰਮੇਵਾਰ ਹੈ ਤੇ ਜ਼ਿਆਦਾ ਜ਼ੋਰ ਦੇਂਦੇ ਹਨ। ਉਨ੍ਹਾਂ ਦੇ ਵਿਚਾਰ ਅਨੁਸਾਰ ਬਹੁਤ ਸਾਰੇ ਵਿਗਿਆਨਕ ਖੋਜੀ ਮਨੁੱਖੀ ਵਿਵਹਾਰ ਗੰਭੀਰਤਾ ਨੂੰ ਲੱਭਣ ਲਈ ਕਾਰਨ ਵਾਦੀ ਕਾਰਕਾਂ ਦਾ ਅਧਿਐਨ ਕਰਦੇ ਹਨ। ਇਸ ਲਈ ਮਨੁੱਖਵਾਦੀ ਦ੍ਰਿਸ਼ਟੀਕੋਣ ਮਨੁੱਖੀ ਮੂਲਾਂ ਤੇ ਕੀਮਤਾਂ ਕਦਰਾਂ ਵਲ ਧਿਆਨ ਦੇਂਦਾ ਹੈ।

1.5.6 ਮਨੁੱਖੀਵਾਦ ਮਨੋਵਿਗਿਆਨਕ ਦਾ ਪਿਛੋਕੜ :

ਮਨੁੱਖੀਵਾਦ ਮਨੋਵਿਗਿਆਨ ਦੇ ਵਿਕਾਸ ਵਿਚ ਕਈ ਪ੍ਰਸਿਧ ਮਨੋਵਿਗਿਆਨੀਆਂ ਨੇ ਮਨੁੱਖੀਵਾਦ ਦ੍ਰਿਸ਼ਟੀਕੋਣ ਤੇ ਪ੍ਰਭਾਵ ਪਾਇਆ ਹੈ ਜਿਨ੍ਹਾਂ ਵਿਚੋਂ ਵਿਲੀਅਮ ਜੇਮਜ (William James), ਗਾਰਡਨ ਆਲਪੋਰਟ (Gordon Allport), ਇਬਰਾਹਮ ਮੈਸਲੋ (Abraham Maslow), ਗਾਡਨਰ ਮਰਫੀ (Gardner Murphy), ਕਾਰਲ ਰੋਜਰਜ਼ (Carl Rogers, 1902-1987) ਦੇ ਨਾਉਂ ਬਹੁਤ ਪ੍ਰਸਿਧ ਹਨ। ਭਾਵੇਂ ਇਸ ਮੱਤ ਦੀਆਂ ਜੜਾਂ ਮਨੋਵਿਗਿਆਨ ਦੇ ਇਤਿਹਾਸ ਨਾਲ ਜੁੜੀਆਂ ਹੋਈਆਂ ਹਨ, ਪਰੰਤੂ ਤਾਂ ਵੀ ਇਹ ਮੱਤ ਨਵੀਨ ਹੀ ਹੈ। ਇਸ ਦਾ ਦ੍ਰਿਸ਼ਟੀਕੋਣ ਮਨੋਵਿਗਿਆਨ ਦੇ ਖੇਤਰ ਵਿਚ 1950-1960 ਦੇ ਦਹਾਕੇ ਵਿਚ ਉਤਪੰਨ ਹੋਇਆ।

ਮੈਸਲੋ (1908-1970) ਨੇ 1950 ਦੇ ਨੇੜੇ ਆਪਣੇ ਸਾਥੀਆਂ ਨਾਲ ਮਿਲ ਕੇ ਮਨੁੱਖੀ ਵਿਵਹਾਰ ਦਾ ਅਧਿਐਨ ਕੀਤਾ ਅਤੇ ਇਸ ਨੂੰ ਤੀਸਰੀ ਤਾਕਤ (third force) ਵਜੋਂ ਆਪਵਰ ਸਿਧਾਂਤ ਪੇਸ਼ ਕੀਤਾ ਜਿਸ ਨੂੰ ਅਜਕਲ ਆਡਮ ਸਿਧੀ ਸਿਧਾਂਤ (theory of self-actualization) ਵੀ ਕਿਹਾ ਜਾਂਦਾ ਹੈ। ਮੈਸਲੋ ਦੇ ਸ਼ਬਦਾਂ ਵਿਚ ਵਿਅਕਤੀ ਜੋ ਕੁਝ ਕਰ ਸਕਦਾ ਹੈ; ਉਸਨੂੰ ਜਰੂਰ ਕਰਨਾ ਚਾਹੀਦਾ ਹੈ; ਜੇ ਅਜਿਹਾ ਕਰਨ ਨਾਲ ਉਹ ਆਪਣੇ ਆਪ ਵਿਚ ਸ਼ਾਂਤੀ ਮਹਿਸੂਸ ਕਰਦਾ ਹੈ।

ਮੈਸਲੋ ਦੇ ਮਨੁੱਖਵਾਦ ਸਿਧਾਂਤ ਦਾ ਸਭ ਤੋਂ ਮੰਨਣਯੋਗ ਪੱਖ ਇਹ ਹੈ ਕਿ ਇਹ ਅੰਤਰ-ਪ੍ਰੇਰਣਾ, ਆਸ ਅਤੇ ਗਿਆਨਾਤਮਕ ਪੱਖਾਂ ਦੇ ਬੇਹਤਰੀਨ ਤੱਤਾਂ ਨੂੰ ਸ਼ਾਮਲ ਕਰਦਾ ਹੈ। ਉਸਨੇ ਮੰਨਿਆ ਕਿ ਲੋਕ ਮੂਲ ਰੂਪ ਵਿਚ ਚੰਗੇ ਹਨ; ਕਿ ਉਨ੍ਹਾਂ ਵਿਚ ਆਪਣੀ ਸੰਭਵ ਯੋਗਤਾ ਦੇ ਵਿਕਾਸ ਪ੍ਰਤੀ ਜਮਾਂਦਰੂ ਰੁਚੀ ਹੁੰਦੀ ਹੈ ਅਤੇ ਉਹ ਸੁੰਦਰਤਾ, ਸਚਾਈ ਅਤੇ ਚੰਗਾਪਨ ਦੇਖਦੇ ਹਨ। ਦੂਸਰੇ ਸ਼ਬਦਾਂ ਵਿਚ ਉਹ ਜਮਾਂਦਰੂ ਤੌਰ ਤੇ ਆਤਮ-ਸਿੱਧੀ ਅਤੇ ਸਵੈ-ਪੂਰਤੀ ਲਈ ਪ੍ਰੇਰਿਤ ਹੁੰਦੇ ਹਨ। ਦੂਜੇ ਮਾਨਵੀ ਵਿਚਾਰਕਾਰਾਂ ਦੀ ਤਰ੍ਹਾਂ, ਮੈਸਲੋ ਦਾ ਵਿਸ਼ਵਾਸ ਸੀ ਕਿ ਵਿਅਕਤੀ ਜਮਾਂਦਰੂ ਹੀ ਖੁੱਲੇ ਅਤੇ ਵਿਸ਼ਵਾਸ ਕਰਨ ਯੋਗ ਹੁੰਦੇ ਹਨ ਅਤੇ ਸੰਸਾਰ ਨੂੰ ਸੱਚੇ ਤੰਦਰੁਸਤ ਤਰੀਕਿਆਂ ਰਾਹੀਂ ਅਨੁਭਵ ਕਰਦੇ ਹਨ ਆਤਮ ਸਿਧ ਲੋਕ ਉਹ ਹੁੰਦੇ ਹਨ ਜਿਨ੍ਹਾਂ ਨੇ ਆਪਣਾ ਸੱਚਾ ਸਰੂਪ ਪ੍ਰਾਪਤ ਕਰ ਲਿਆ ਹੈ ਅਤੇ ਆਪਣੀ ਸੰਭਾਵਤ ਸ਼ਕਤੀ ਨੂੰ ਪੂਰਾ ਕੀਤਾ ਹੈ। ਆਤਮ ਸਿਧੀ ਦਾ ਅਰਥ ਚੰਗਾਈ ਲਈ ਆਪਣੇ ਵਿਲੱਖਣ ਮਨੁੱਖੀ ਸੰਭਾਵਤ ਸ਼ਕਤੀ ਨੂੰ ਅਸਲੀ ਰੂਪ ਵਿਚ ਪ੍ਰਾਪਤ ਕਰਨ ਦੀ ਪ੍ਰਕ੍ਰਿਆ ਹੈ। ਇਹ ਸਭ ਕੁਝ ਪ੍ਰਾਪਤ ਕਰਨ ਦੀ ਪ੍ਰਕ੍ਰਿਆ ਹੈ ਜੋ ਉਹ ਪ੍ਰਾਪਤ ਕਰਨ ਦੇ ਯੋਗ ਹੈ।

ਮੈਸਲੋ ਤੋਂ ਪਿਛੋਂ ਕਾਰਲ ਰੋਜਰਜ ਦਾ ਮਨੁੱਖਵਾਦੀ ਦ੍ਰਿਸ਼ਟੀਕੋਣ ਵਿਚ ਬਹੁਤ ਯੋਗਦਾਨ ਹੈ। ਉਸ ਨੇ ਕਿਹਾ ਕਿ ਇਕ ਵਿਅਕਤੀ ਦੀ ਵਿਕਸਤ ਹੋ ਰਹੀ ਸ਼ਖਸੀਅਤ ਖਤਰੇ ਵਿਚ ਪੈ ਜਾਵੇਗੀ ਜੇ ਅਸੀਂ ਉਸ ਦੀ ਤੁਲਨਾ ਦੂਜਿਆਂ ਦੀਆਂ ਆਸ਼ਾਵਾਂ ਤੇ ਮੁਲਾਂਕਣ ਨਾਲ ਕਰਾਂਗੇ ਅਤੇ ਉਸ ਦੀ ਸਵੈ-ਸੰਪੰਨਤਾ (self-punishment) ਦੀ ਅੰਦਰੂਨੀ ਸ਼ਕਤੀ ਨੂੰ ਨਹੀਂ ਪਹਿਚਾਣਨਗੇ। ਰੋਜਰਜ ਨੇ ਵਿਚਾਰ ਰਖਿਆ ਕਿ ਅੰਦਰੂਨੀ ਪ੍ਰਵ੍ਰਿਤੀਆਂ ਨੂੰ ਸਿਧੀ ਹੋਂਦ ਦਿੱਤੀ ਜਾਣੀ ਚਾਹੀਦੀ ਹੈ ਜਿਸ ਰਾਹੀਂ ਸੰਭਾਵਨਾ ਸ਼ਕਤੀ ਪ੍ਰਾਪਤ ਕੀਤੀ ਜਾ ਸਕੇ। ਇਹ ਵਿਚਾਰ ਰੋਜਰਜ ਦੀ ਥੈਰਾਪੀ ਨੂੰ ਸਮਝ ਲਈ ਵੀ ਬਹੁਤ ਜ਼ਰੂਰੀ ਹਨ। ਫਰਾਇਡ ਦੀ ਤਰ੍ਹਾਂ ਰੋਜਰਜ ਨੇ ਮੰਨਿਆ ਕਿ ਲੋਕ ਭੁਖ, ਪਿਆਸ, ਦਰਦ, ਆਦਿ ਸਰੀਰਕ ਤਣਾਓ ਨੂੰ ਘਟਾਉਣ ਦਾ ਯਤਨ ਕਰਦੇ ਹਨ; ਪਰੰਤੂ ਉਸ ਨੇ ਇਹ ਵੀ ਸੁਝਾ ਦਿੱਤਾ ਕਿ ਲੋਕ ਕੁਦਰਤੀ ਤੌਰ ਤੇ ਆਪਸੀ ਜ਼ਿੰਦਗੀ ਵਿਚ ਖੁਸ਼ੀ ਨੂੰ ਵਧਾਉਣ ਲਹੀ ਕਹੀ ਨਵੀਆ

ਚੀਜਾਂ ਵੀ ਸਿੱਖਦੇ ਹਨ। ਲੋਕ ਖੁਸ਼ੀ ਪ੍ਰਾਪਤ ਕਰਨ ਵਾਲੇ ਤਣਾਓ ਨੂੰ ਲਭਦੇ ਹਨ ਅਤੇ ਨਾ ਖੁਸ਼ੀ ਵਾਲੇ ਤਣਾਓ ਨੂੰ ਘਟਾਉਣ ਦਾ ਯਤਨ ਕਰਦੇ ਹਨ। ਇਸ ਲਈ ਸਾਰਾ ਮਨੁੱਖੀ ਵਿਵਹਾਰ, ਰੋਜਰਜ਼ ਦੇ ਵਿਚਾਰ ਅਨੁਸਾਰ, ਅੰਦਰੂਨੀ ਸਵੈ-ਸਿਧੀ (Self-actualisation) ਦੀ ਪ੍ਰਵ੍ਰਿਤੀ ਤੋਂ ਸ਼ੁਰੂ ਹੁੰਦਾ ਹੈ। ਲੋਕ ਆਪਣੇ ਵਿਵਹਾਰ ਨੂੰ ਨਿਜੀ ਵਿਧੀ ਦੇ ਯੋਗਦਾਨ ਰਾਹੀਂ ਮੁਲਾਂਕਣ ਕਰਦੇ ਹਨ ਅਤੇ ਉਹ ਕਾਰਜ ਕਰਦੇ ਹਨ ਜਿਹੜੇ ਟੀਚੇ ਪ੍ਰਾਪਤ ਕਰਨ ਵਿਚ ਮਦੱਦ ਕਰਦੇ ਹੋਣ।

ਰੋਜਰਜ ਇਹ ਵੀ ਮੰਨਦਾ ਹੈ ਕਿ ਸਭ ਤੋਂ ਜ਼ਿਆਦਾ ਪ੍ਰਭਾਵਸ਼ਾਲੀ ਸਿਖਰਾਂ ਉਸ ਵੇਲੇ ਹੁੰਦਾ ਹੈ ਜਦੋਂ ਇਕ ਵਿਅਕਤੀ ਨੂੰ ਜਦੋ ਜਹਿਦ ਨਹੀਂ ਕਰਨੀ ਪੈਂਦੀ ਜਾਂ ਦੂਜਿਆ ਤੋਂ ਪ੍ਰਵਾਨਗੀ ਲਈ ਆਪਣੇ ਆਪ ਨੂੰ ਚਿੰਤਕ ਨਹੀਂ ਹੋਣਾ ਪੇਂਦਾ। ਸਭ ਤੋਂ ਜ਼ਿਆਦਾ ਮੁਲਾਂਕਣ ਵਿਅਕਤੀ ਤੋਂ ਹੀ ਹੁੰਦਾ ਹੈ ਕਿਉਂਕਿ ਸਵੈ ਵਿਚ ਹੀ ਅੰਦਰੂਨੀ ਨਿਜੀ ਸਿਧੀ ਦੀ ਪ੍ਰਵਿਰਤੀ ਹੁੰਦੀ ਹੈ। ਜਦੋਂ ਇਕ ਵਿਅਕਤੀ ਦੂਜਿਆਂ ਤੋਂ ਬਿਨਾਂ ਸ਼ਰਤ ਤੋਂ ਕੁਝ ਪ੍ਰਾਪਤ ਕਰਦਾ ਹੈ, ਤਾਂ ਉਸ ਦਾ ਧਿਆਨ ਖਿੱਚਿਆ ਨਹੀਂ ਜਾਂਦਾ ਅਤੇ ਫਿਰ ਉਹ ਮੁਲਾਂਕਣ ਕਰਦਾ ਹੈ ਕਿ ਕੀ ਉਹ ਸਵੈ ਦੇ ਵਧਾਉਣ ਲਈ ਕੁਝ ਯੋਗਦਾਨ ਪਾ ਰਿਹਾ ਹੈ।

1.5.7 ਮਨੁੱਖਵਾਦੀ ਥੈਰਾਪੀ (Humanistic Therapy)

ਮਨੁੱਖਵਾਦੀ ਮਨੋਵਿਗਿਆਨ ਦੇ ਖੇਤਰ ਵਿਚ ਰੋਜਰਜ ਨੇ ਲੋਕਾਂ ਨੂੰ ਸੰਭਾਵਕਤਾ ਸ਼ਕਤੀ ਨੂੰ ਪਹਿਚਾਣਨ ਲਈ ਇਕ ਥੈਰਾਪੀ ਦਿਤੀ ਜਿਹੜੀ ਬਹੁਤ ਪ੍ਰਸਿਧ ਹੋਈ ਸੀ; ਜਿਸ ਨੂੰ ਗਾਹਕ ਕੇਂਦਰਿਤ ਥੈਰਾਪੀ (client-centered therapy) ਕਿਹਾ ਗਿਆ ਹੈ। ਇਹ ਮਨੁੱਖਵਾਦੀ ਥੈਰਾਪੀ ਹੈ। ਰੋਜਰਜ ਦਾ ਵਿਸ਼ਵਾਸ ਸੀ ਕਿ ਚਕਿਸਤਕ ਮਾਹਿਰ ਲੋਕਾਂ ਦੀ ਆਪਣੀ ਅੰਦਰੂਨੀ ਸਵੈ ਨਾਲ ਤਾਲ ਮੇਲ ਰਖ ਕੇ ਆਪਦੀਆਂ ਸਚੀਆਂ ਭਾਵਨਾਵਾਂ ਅਤੇ ਇਨ੍ਹਾਂ ਨੂੰ ਪ੍ਰਗਟ ਕਰਨ ਲਈ ਬਿਨਾ ਸੋਚੇ ਕਿ ਦੂਜੇ ਲੋਕ ਕੀ ਕਹਿਣਗੇ ਸਿੱਖ ਸਕਦੇ ਹਨ। ਰੋਜਰਜ ਅਨੁਸਾਰ ਜਿਹੜਾ ਵਿਅਕਤੀ ਥੈਰਾਪੀ ਚਾਹੁੰਦਾ ਹੈ; ਉਸਨੂੰ ਗਾਹਕ ਕਿਹਾ ਜਾਂਦਾ ਹੈ; ਰੋਗੀ ਨਹੀਂ। ਉਹ ਆਪਣਾ ਇਲਾਜ ਖੁਦ ਢੂੰਡੇਗਾ ਅਤੇ ਆਪ ਹੀ ਜ਼ਿੰਮੇਵਾਰ ਹੋਵੇਗਾ। ਚਕਿਤਸਕ ਮਾਹਿਰ ਆਪਣੇ ਗਾਹਕ ਤੇ ਕੋਈ ਚੀਜ਼ ਨਹੀਂ ਥੋਪਦਾ, ਪਰੰਤੂ ਉਸਨੂੰ ਆਪਣੀਆਂ ਅੰਦਰੂਨੀ ਸ਼ਕਤੀਆਂ ਨੂੰ ਲੱਭਣ ਦਾ ਯਤਨ ਕਰਨ ਦੀ ਮਦਦ ਕਰਦਾ ਹੈ। ਉਹ ਕੇਵਲ ਅਜਿਹੀ ਸਥਿਤੀ ਪੈਦਾ ਕਰਦਾ ਹੈ ਜਿਸ ਰਾਹੀਂ, ਗਾਹਕ ਆਪਣੀ ਸਮੱਸਿਆ ਨੂੰ ਖੁਦ ਸੁਲਝਾਂਦਾ ਹੈ। ਉਹ ਆਪਣੇ ਬਾਰੇ ਆਪ ਹੀ ਫੈਸਲਾ ਕਰਦਾ ਹੈ ਜੋ ਉਸ ਨੂੰ ਲੋੜ ਹੁੰਦੀ ਹੈ। ਮਨੁੱਖਵਾਦੀ ਲੋਕਾਂ ਦੇ ਵਿਚਾਰ ਅਨੁਸਾਰ ਉਨ੍ਹਾਂ ਦੇ ਫੈਸਲੇ ਠੀਕ ਹੀ ਹੁੰਦੇ ਹਨ। ਇਸ ਥੈਰਾਪੀ ਵਿਚ ਗਾਹਕ ਦੀਆਂ ਭਾਵਨਾਵਾਂ ਅਤੇ ਕਾਰਜਾਂ ਨੂੰ ਪੂਰੀ ਪ੍ਰਵਾਨਗੀ ਅਤੇ ਇਜ਼ਤ ਦਿਤੀ ਜਾਂਦੀ ਹੈ। ਚਕਿਤਸਕ ਮਾਹਿਰ ਪੂਰੀ ਛਾਣ ਬੀਣ ਤੇ ਪੁਛਗਿਛ ਅਤੇ ਧਿਆਨ ਨਾਲ ਸੁਣਣ ਰਾਹੀਂ ਗਾਹਕ ਨੂੰ ਆਪਣੀਆਂ ਚੰਗੀਆਂ ਪ੍ਰਵਿਰਤੀਆਂ ਅਤੇ ਸੰਘਰਸ਼ ਨੂੰ ਪ੍ਰਗਟ ਕਰਨ, ਲੱਭਣ ਲਈ ਅਤੇ ਸਪਸ਼ਟ ਕਰਨ ਲਈ ਪੂਰੀ ਮਦਦ ਕਰਦਾ ਹੈ। ਹੌਲੀ ਹੌਲੀ ਗਾਹਕ ਆਪਣੇ ਆਪ ਹੀ ਭਾਵਾਤਮਕ ਤੌਰ ਤੇ ਗਲਬਾਤ ਕਰਨਾ ਸਿੱਖਦਾ ਹੈ ਅਤੇ ਉਹ ਅੰਦਰੂਨੀ ਤੰਦਰੁਸਤ ਰਿਸ਼ਤੇ ਬਣਾਨ ਤੇ ਟੀਚੇ ਤੇ ਪਹੁੰਚਣ ਦਾ ਯਤਨ ਕਰਦਾ ਹੈ।

ਰੋਜਰਜ਼ ਦਾ ਵਿਸ਼ਵਾਸ ਸੀ ਕਿ ਲੋਕ ਆਪਣੇ ਕਾਰਜਾਂ ਲਈ ਖੁਦ ਜ਼ਿੰਮੇਵਾਰ ਹੁੰਦੇ ਹਨ। ਭਾਵੇਂ ਇਹ ਠੀਕ ਹੈ ਕਿ ਗਾਹਕ ਚਕਿਤਸਕ ਸਲਾਹ ਲੈਣ ਤੋਂ ਮਹਿਰੂਮ ਰਹਿ ਜਾਂਦਾ ਹੈ; ਖਾਸ ਕਰਕੇ ਜਦੋਂ ਉਹ ਆਪਣੇ ਫੈਸਲੇ ਆਪ ਕਰਨ ਦੇ ਯੋਗ ਨਹੀਂ ਹੁੰਦਾ। ਪਰ ਰੋਜਰਜ਼ ਦਾ ਕਹਿਣਾ ਹੈ ਕਿ ਵਿਅਕਤੀ ਦੀ ਅੰਦਰੂਨੀ ਸਮਰਥਾ ਭਾਵ ਸਵੈ-ਵ੍ਰਿਧੀ ਅਤੇ ਸਵੈ-ਨਿਰਦੇਸ਼ਣ ਦੀਆਂ ਵਿਸ਼ੇਸ਼ਤਾਵਾਂ ਆਪਣੇ ਆਪ ਹੀ ਉਭਰ ਕੇ ਆਉਣਗੀਆਂ ਜੇ ਚਕਿਤਸਾ ਦਾ ਵਾਤਾਵਰਣ ਠੀਕ ਹੋਵੇਗਾ। ਜੇ ਇਨ੍ਹਾਂ ਵਿਚਕਾਰ ਚਕਿਤਸਾ ਮਾਹਿਰ ਦਖਲ ਅੰਦਾਜ਼ੀ ਕਰੇਗਾ; ਤਾਂ ਇਨ੍ਹਾ ਦੇ ਵਿਕਾਸ ਦੀ ਕ੍ਰਿਆ ਵਿਚ ਰੁਕਾਵਟ ਪੈਦਾ ਹੋ ਜਾਵੇਗੀ; ਭਾਵੇਂ ਵਿਅਕਤੀ ਨੂੰ ਥੋੜੇ ਸਮੇਂ ਲਈ ਮਾਹਿਰ ਵਲੋਂ ਰਾਹਤ ਮਿਲੇਗੀ।

1.5.8 ਮਨੁੱਖਵਾਦ ਦ੍ਰਿਸ਼ਟੀਕੋਣ ਦੇ ਮੂਲ ਤੱਤ (Basic of Humanistic Model)

ਮਨੁੱਖਵਾਦੀ ਮੱਤ ਦੇ ਕੁਝ ਨਿਯਮ ਪਹਿਚਾਣੇ ਗਏ ਹਨ। ਜਿਹੜੇ ਹੇਠਾਂ ਦਿੱਤੇ ਜਾ ਰਹੇ ਹਨ :–

1.5.8.1 ਸਵੈ-ਇਕਰੂਪ ਵਿਸ਼ਾ ਵਸਤੂ (Self-unifying Theme) :

ਵਿਲੀਅਮ ਜੇਮਜ਼ (William James) ਨੇ ਆਪਣੀ ਪਹਿਲੀ ਪੁਸਤਕ ਜਿਹੜੀ 1890 ਵਿਚ ਛਪੀ, ਵਿਚ ਸਵੈ (ਹਉਮੈ) ਦੀ ਸੁਚੇਤਤਾ ਤੇ ਵਿਚਾਰ ਕੀਤਾ। ਬਾਅਦ ਵਿਚ ਵਿਵਹਾਰਵਾਦੀਆਂ ਨੇ ਇਸ ਸੰਕਲਪ ਨੂੰ ਛੱਡ ਦਿਤਾ ਕਿਉਂਕਿ ਬਾਹਰੋਂ ਇਸ ਦਾ ਪ੍ਰੇਖਣ ਨਹੀਂ ਹੋ ਸਕਦਾ। ਉਨ੍ਹਾਂ ਨੇ ਬਾਅਦ ਵਿਚ ਮਨੁੱਖੀ ਵਿਵਹਾਰ ਦੇ ਗਿਆਨਾਤਮਕ ਪੱਖ ਨੂੰ ਅਧਿਐਨ ਕਰਨਾ ਸ਼ੁਰੂ ਕੀਤਾ। ਪਰੰਤੂ ਮਨੁੱਖਵਾਦੀਆਂ ਨੇ 1950-1960 ਵਿਚ ਸਵੈ ਦੇ ਸੰਕਲਪ ਨੂੰ ਦ੍ਰਿਸ਼ਟੀਗੋਚਰ ਕੀਤਾ। ਸਵੈ ਨੂੰ ਮਨੁੱਖੀ ਤਜਰਬੇ ਦੇ ਅੰਦਰੂਨੀ ਤੇ ਬਾਹਰੀ ਇਕਰੂਪ ਕਾਰਕ ਸਮਝਿਆ ਗਿਆ। ਸਵੈ ਦਾ ਸੰਕਲਪ ਈਗੋ ਦੇ ਸੰਕਲਪ ਨਾਲ ਮਿਲਦਾ ਜੁਲਦਾ ਹੈ। ਹਰੇਕ ਵਿਅਕਤੀ ਦਾ ਅਨੋਖਾ ਤਜਰਬਾ ਹੋਣ ਕਾਰਨ ਸਵੈ ਦਾ ਸੰਕਲਪ ਵੀ ਬਦਲ ਜਾਂਦਾ ਹੈ, ਇਸ ਲਈ ਵਿਅਕਤੀ ਦੀ ਵਿਅਕਤੀਮਹੱਤਤਾ ਤੇ ਜ਼ੋਰ ਪਾਇਆ ਜਾਂਦਾ ਹੈ; ਭਾਵੇਂ ਵਿਅਕਤੀ ਮਹੱਤਤਾ ਲਈ ਜੀਵਕ ਪੱਖ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ।

ਮਨੁੱਖਵਾਦੀ ਮਨੋ ਵਿਗਿਆਨੀਆਂ ਵਲੋਂ ਕਾਰਲ ਰੋਜਰਜ਼ ਨੇ ਮਨੋ ਚਕਿਸਤਕ ਖੇਤਰ ਵਿਚ ਸਵੈਸਿੰਕਲਪ ਦਾ ਨਿਯਮਿਤ ਤੌਰ ਤੇ ਸੂਤਰੀਕਰਣ ਕੀਤਾ ਹੈ। ਰੋਜਰਜ਼ ਨੇ ਆਪਣੇ ਸੁਝਾਉ ਕਥਨ ਕੀਤੇ ਹਨ ਜਿਹੜੇ ਇੰਜ ਹਨ:–

(i) ਇਕ ਵਿਅਕਤੀ ਆਪਣੇ ਤਜ਼ਰਬੇ ਦੀ ਪ੍ਰਾਈਵੇਟ ਜ਼ਿੰਦਗੀ ਵਿਚ ਰਹਿੰਦਾ ਹੈ ਜਿਥੇ ਮੈਂ, ਮੇਰਾ, ਮੈਂ ਹੀ ਹਾਂ, ਆਦਿ ਕੇਂਦਰਿਤ ਹੁੰਦੇ ਹਨ।

(ii) ਵਿਅਕਤੀ ਦਾ ਸਭ ਤੋਂ ਜ਼ਿਆਦਾ ਯਤਨ ਸਵੈ ਦੀ ਉੱਚਤਤਾ ਨੂੰ ਪ੍ਰਾਪਤ ਕਰਨਾ, ਬਰਕਰਾਰ ਰਖਣਾ ਅਤੇ ਫਿਰ ਉਸ ਨੂੰ ਵਧਾਉਂਦਾ ਹੈ।

(iii) ਇਕ ਵਿਅਕਤੀ ਆਪਣੇ ਸਵੈ-ਸੰਕਲਪ ਦੀ ਇਕਸਾਰਤਾ ਅਤੇ ਸੰਸਾਰ ਦੇ ਵਿਚਾਰ ਅਨੁਸਾਰ ਸਥਿਤੀ ਦਾ ਪ੍ਰਤੱਖਣ ਕਰਦਾ ਹੈ।

(iv) ਸਵੈ ਨੂੰ ਪ੍ਰਤਖਣ ਖਤਰਿਆਂ ਤੋਂ ਬਣਾਉਣ ਲਈ ਉਹ ਸਵੈ-ਸੁਰਖਿਆ ਨੀਤੀਆਂ ਅਪਣਾਉਂਦਾ ਹੈ।

(v) ਇਕ ਵਿਅਕਤੀ ਦੇ ਸਾਧਾਰਣ ਹਾਲਤਾਂ ਵਿਚ ਸੰਪੂਰਨਤਾ ਵਲ ਅੰਦਰੂਨੀ ਝੁਕਾਉ ਹੁੰਦੇ ਹਲ ਅਤੇ ਉਹ ਤਰਕਪੂਰਣ ਤੇ ਉਸਾਰੂ ਢੰਗ ਨਾਲ ਸਵੈ ਨੂੰ ਵਰਤਦਾ ਹੈ ਅਤੇ ਉਹ ਸਵੈ-ਵ੍ਰਿਧੀ ਅਤੇ ਸਵੈ-ਉਚਤਮ ਵਲ ਲੈ ਜਾਂਦਾ ਹੈ।

ਮਨੁੱਖਵਾਦੀ ਮਨੋ ਵਿਗਿਆਨੀ ਵਿਅਕਤੀ ਮਹੱਤਤਾ ਦੀ ਮਹੱਤਤਾ ਤੇ ਜ਼ੋਰ ਦੇਂਦੇ ਹਨ ਜਦ ਉਹ ਸਵੈ ਦਾ ਮੁੱਖ ਵਿਸ਼ਾ ਲਾਗੂ ਕਰਦੇ ਹਨ। ਮੁਲਾਂਕਣ ਤੇ ਸਿੱਖਣ ਦੀ ਮਨੁੱਖੀ ਸੰਭਾਵਕਤਾ-ਸ਼ਕਤੀ ਕਾਰਨ ਅਤੇ ਜੀਵਾਂ ਵਿਚ ਵਿਚੱਲਣ ਕਰਕੇ ਹਰੇਕ ਮਨੁੱਖੀ ਜੀਵ ਵਚਿਤਰ ਹੁੰਦਾ ਹੈ।

1.5.8.2 ਮੁੱਲਾਂ ਅਤੇ ਨਿਜੀ ਵ੍ਰਿਧੀ ਤੇ ਜ਼ੋਰ (Focus on values and personal growth)

ਦੂਜਾ ਨਿਯਮ ਜਿਹੜਾ ਜ਼ਰੂਰੀ ਹੈ ਉਹ ਹੈ ਕੀਮਤਾਂ ਕਦਰਾਂ ਤੇ ਮੁੱਲਾਂ ਦੀ ਪ੍ਰਣਾਲੀ ਅਤੇ ਨਿਜੀ ਵਿਧੀ ਲਈ ਹਰੇਕ ਵਿਅਕਤੀ ਲਈ ਮੁੱਲਾਂ ਦੀ ਚੋਣ ਕਰਨੀ ਮਨੁੱਖਵਾਦੀ ਮਨੋਵਿਗਿਆਨੀਆਂ ਮੁੱਲਾਂ ਤੇ ਕੀਮਤਾਂ ਕਦਰਾਂ ਤੇ ਬਹੁਤ ਜ਼ੋਰ ਦੇਂਦੇ ਹਨ। ਉਹ ਸਾਡੇ ਵਿਵਹਾਰ ਦੀ ਅਗਵਾਈ ਕਰਨ ਵਿਚ ਮੁੱਲਾਂ ਦੀ ਚੋਣ ਦੀ ਪ੍ਰਕ੍ਰਿਆ ਤੇ ਧਿਆਨ ਦਿਤਾ ਹੈ; ਤਾਂ ਜੋ ਵਿਅਕਤੀ ਅਰਥਪੂਰਣ ਅਤੇ ਖੁਸ਼ੀ ਭਰਪੂਰ ਜ਼ਿੰਦਗੀ ਨੂੰ ਪ੍ਰਾਪਤ ਕਰਨ ਦੇ ਯੋਗ ਹੋ ਸਕਣ। ਉਹ ਸਮਝਦੇ ਹਨ ਕਿ ਅਸੀਂ ਦੂਜਿਆਂ ਦੀਆਂ ਕੀਮਤਾਂ ਕਦਰਾਂ ਨੂੰ ਸਵੀਕਾਰ ਕਰਨ ਦੀ ਬਜਾਏ ਆਪਣੇ ਤਜ਼ਰਬਿਆਂ ਦੇ ਆਧਾਰ ਤੇ ਮੁੱਲਾਂ ਦਾ ਮੁਲਾਂਕਣ ਕਰਦੇ ਹਾਂ ਅਤੇ ਉਨ੍ਹਾਂ ਦਾ ਵਿਕਾਸ ਕਰਦੇ ਹਾਂ। ਸਾਨੂੰ ਆਪਣੇ ਆਪ ਦਾ ਮੁਲਾਂਕਣ

ਕਰਨ ਲਈ ਆਪਣੀ ਪਹਿਚਾਣ ਦੀ ਸਪਸ਼ਟਤਾ ਹੋਣੀ ਚਾਹੀਦੀ ਹੈ – ਇਸ ਦੀ ਪਹਿਚਾਣ ਕਰਨੀ ਕਿ ਅਸੀਂ ਕੀ ਬਣਨਾ ਚਾਹੁੰਦਾ ਹਾਂ ਅਤੇ ਕਿਉਂ। ਇਸ ਤਰ੍ਹਾਂ ਹੀ ਅਸੀਂ ਸਵੈ-ਵਿਧੀ (Self-actualisation) ਵੱਲ ਜਾ ਸਕਦੇ ਹਾਂ ਕਿਉਂਕਿ ਸਾਡੇ ਸਭ ਵਿਚ ਸੰਭਵਾਕਤਾ ਸ਼ਕਤੀ ਪ੍ਰਾਪਤ ਹੁੰਦੀ ਹੈ।

ਮਨੁੱਖਵਾਦੀ ਵਿਚਾਰ ਅਨੁਸਾਰ ਮਨੋਰੋਗ ਨਿਜੀ ਵਿਧੀ ਅਤੇ ਸਰੀਰਕ ਤੇ ਮਾਨਸਿਕ ਸਿਹਤ ਵਿਚ ਕੁਦਰਤੀ ਤੌਰ ਤੇ ਰੁਕਾਵਟ ਪੈਦਾ ਕਰਦੀ ਹੈ। ਇਹ ਵਿਗਾੜ ਇਕ ਜਾਂ ਕਈ ਹੋਰ ਕਾਰਨਵਾਦੀ ਕਾਰਜਾਂ ਦੇ ਨਤੀਜੇ ਵਜੋਂ ਵੀ ਹੋ ਸਕਦੀ ਹੈ। ਉਦਾਹਰਣ ਵਜੋਂ : (i) ਈਗੋ-ਸੁਰਖਿਅਤਾ ਦੀ ਜ਼ਿਆਦਾ ਵਰਤੋਂ ਕਰਕੇ ਜਦੋਂ ਵਿਅਕਤੀ ਯਥਾਰਥ ਤੋਂ ਬਹੁਤ ਜ਼ਿਆਦਾ ਹੱਟ ਜਾਂਦਾ ਹੈ। ਮੈਂ ਅਣਅਨੁਕੂਲਨ ਸਮਾਜਿਕ ਹਾਲਤਾਂ ਅਤੇ ਨੁਕਸਾਨ ਵਾਲੇ ਰਿਸ਼ਤੇ (ii) ਬਹੁਤ ਜ਼ਿਆਦਾ ਤਣਾਉ।

1.5.8.3 ਮਨੁੱਖੀ ਸੁਭਾਵ ਅਤੇ ਸੰਭਾਵਕਤਾ ਸ਼ਕਤੀ ਦਾ ਸਾਰਥਕ ਪੱਖ (Positive view of Human nature and potential)

ਮਨੋ ਵਿਸ਼ਲੇਸ਼ਣ ਤੇ ਵਿਵਹਾਰਿਕ ਦ੍ਰਿਸ਼ਟੀਕੋਣ ਦੀ ਉਲਟ, ਮਨੁੱਖਵਾਦੀ ਪ੍ਰਸਤਾਵ ਮਨੁੱਖੀ ਸੁਭਾਓ ਅਤੇ ਸੰਭਾਵਕਤਾ ਸ਼ਕਤੀ ਦਾ ਸਾਰਥਕ ਪੱਖ ਲੈਂਦਾ ਹੈ। ਪੁਰਾਣੇ ਜਮਾਨੇ ਤੋਂ ਹੀ ਹਿੰਸਾ, ਲੜਾਈ ਅਤੇ ਜ਼ੁਲਮਪੁਣੇ ਦੀਆਂ ਉਦਾਹਰਨਾਂ ਹੋਣ ਦੇ ਬਾਵਜੂਦ ਮਨੁੱਖਵਾਦੀ ਮਨੋਵਿਗਿਆਨੀ ਇਸ ਨਤੀਜੇ ਤੇ ਪਹੁੰਚੇ ਹਨ ਕਿ ਮਨੁੱਖ ਅਨੁਚਿਤ ਹਾਲਤਾਂ ਵਿਚ ਮਿੱਤਰਤਾ, ਸਹਿਯੋਗੀ ਅਤੇ ਸਿਰਜਣਾਤਮਕ ਬਣ ਜਾਂਦਾ ਹੈ। ਸਵਾਰਥ ਪੁਣਾ, ਹਿੰਸਾ, ਹਮਲਾ ਅਤੇ ਜ਼ੁਲਮ ਡੋਰਗੀ ਵਿਵਹਾਰ ਦੀਆਂ ਨਿਸ਼ਾਨੀਆਂ ਹਨ ਜਿਹੜੀਆਂ ਮੁਢਲੇ ਮਨੁੱਖੀ ਸੁਭਾਅ ਦੇ ਵਿਗੜੇ ਤੇ ਵਿਸ਼ਾ ਦੀ ਸਥਿਤੀ ਦੇ ਨਤੀਜੇ ਵਜੋਂ ਪੈਦਾ ਹੁੰਦੀਆਂ ਹਨ ਅਤੇ ਇਹ ਜ਼ਿੰਦਗੀ ਦੀਆਂ ਤਣਾਉ ਵਾਲੀਆਂ ਸਥਿਤੀਆਂ ਤੋਂ ਪੈਦਾ ਹੁੰਦੇ ਹਨ। ਭਾਵ ਲੋਕ ਗਲਤ ਸੂਚਨਾ ਪ੍ਰਾਪਤ ਕਰਨ ਉਪਰੰਤ ਗੁਮਰਾਹ ਪੈ ਜਾਂਦੇ ਹਨ ਅਤੇ ਉਹ ਸਮਾਜਿਕ ਤੇ ਆਰਥਿਕ ਤੋਰ ਤੇ ਵਾਂਝੇ ਰਹਿਣ ਨਾਲ ਜ਼ਿੰਦਗੀ ਨੂੰ ਗੰਭੀਰਤਾ ਨਾਲ ਲੈਂਦੇ ਹਨ, ਪਰ ਤਾਂ ਵੀ ਉਹ ਤਰਕ ਪੂਰਣ ਜੀਵ ਹਨ। ਬਹੁਤ ਸਾਰੇ ਆਪਣੇ ਤਜਰਬਿਆਂ ਤੋਂ ਸਿਖਦੇ ਹਨ; ਠੀਕ ਢੰਗ ਨਾਲ ਕਾਰਜ ਕਰਦੇ ਤੇ ਸੋਚਦੇ ਹਨ ਅਤੇ ਉਹ ਕੁਝ ਨਿਯਮਾਂ ਤੇ ਮਾਣਕਾਂ ਨੂੰ ਅਪਣਾਂਦੇ ਹਨ ਜਿਹੜੇ ਉਹ ਸਮਝਦੇ ਹਨ ਕਿ ਇਹ ਠੀਕ ਹਨ। ਇਸ ਵਿਚਾਰ ਅਨੁਸਾਰ ਹਨ ਜਿਹੜੇ ਉਹ ਸਮਝਦੇ ਹਨ ਕਿ ਇਹ ਠੀਕ ਹਨ। ਇਸ ਵਿਚਾਰ ਅਨੁਸਾਰ ਮਨੁੱਖੀ ਜੀਵ ਜ਼ਿੰਦਗੀ ਵਿਚ ਚੁਸਤ ਭਾਗੀਵਾਲ ਬਣ ਜਾਂਦੇ ਹਨ; ਆਜ਼ਾਦ ਖਿਆਲਾਂ ਦੇ ਮਾਲਕ ਹੁੰਦੇ ਹਨ ਅਤੇ ਉਹ ਆਪਣੀ ਕਿਸਮਤ ਨੂੰ ਢਾਲਦੇ ਅਤੇ ਨਾਲ ਹੀ ਆਪਣੇ ਸਮਾਜਿਕ ਗਰੁਹ ਦਾ ਵਿਕਾਸ ਵੀ ਕਰਦੇ ਹਨ।

ਉਪਰ ਦੱਸੇ ਨੁਕਤਿਆਂ ਤੋਂ ਇਹ ਪਤਾ ਲਗਦਾ ਹੈ ਕਿ ਮਨੁੱਖਵਾਦੀ ਮਾਡਲ ਸਵੈ-ਸੰਕਲਪ, ਸਵੈ-ਪਹਿਚਾਣ ਅਤੇ ਸਵੈ-ਪੂਰਤਾ ਨੂੰ ਮਹੱਤਤਾ ਦੇਂਦਾ ਹੈ। ਇਹ ਮਨੁੱਖੀ ਜੀਵ ਦੀ ਅਨੂਪਤਾ (ਅਣੋਖਾਪਣ) ਅਤੇ ਵਿਅਕਤੀਗਤਤਾ ਨੂੰ ਮਾਨਣ ਦੇਂਦਾ ਹੈ ਅਤੇ ਵਿਅਕਤੀਤਵ ਵਿਕਾਸ ਲਈ ਨਿਜੀ ਤਜ਼ਰਬਿਆਂ ਅਤੇ ਗੱਲਾਂ ਨੂੰ ਬਿਨਾਂ ਪਰਖੇ ਬਿਨਾਂ ਤੇ ਦੂਜਿਆਂ ਵਲੋਂ ਮੁਲਾਂਕਣ ਕਰਨ ਦੀ ਥਾਂ ਤੇ ਆਪਣੀਆਂ ਕੀਮਤਾਂ ਕਦਰਾਂ ਦਾ ਵਿਕਾਸ ਕਰਨ ਦਾ ਆਧਾਰ ਸਮਝਦਾ ਹੈ। ਉਹ ਇਕ ਚੰਗਾ ਸਮਾਜਿਕ ਅਤੇ ਚੰਗਾ ਵਿਅਕਤੀ ਪੈਦਾ ਕਰਨ ਤੇ ਜ਼ੋਰ ਦੇਂਦੇ ਹਨ ਕਿਉਂਕਿ ਮਨੁੱਖੀ ਵਿਅਕਤਿਤਵ ਦਾ ਅਨੁਕੂਲ ਹਾਲਤਾਂ ਵਿਚ ਸਵੈ-ਵਿਦਸਰਨ ਹੋਣਾ ਸੰਭਵ ਹੋ ਸਕਦਾ ਹੈ।

1.5.9 ਮਨੁੱਖਵਾਦੀ ਦ੍ਰਿਸ਼ਟੀਕੋਣ ਦਾ ਪ੍ਰਭਾਵ (Impact of Humanistic Model)

ਮਨੁੱਖਵਾਦੀ ਦ੍ਰਿਸ਼ਟੀਕੋਣ ਦਾ ਜ਼ਿਆਦਾ ਪ੍ਰਭਾਵ ਮਨੁੱਖੀ ਜੀਵ ਦੇ ਤੌਰ ਤੇ ਪੂਰੇ ਕਾਰਜਾਂ ਦੀ ਸਮਰਥਾ ਤੇ ਜ਼ੋਰ ਪਾਉਣਾ ਹੈ। ਦਰਅਸਲ ਇਸ ਵਿਚਾਰਧਾਰਾ ਨੇ ਅਸਾਧਾਰਣ ਵਿਵਹਾਰ ਬਾਰੇ ਸਾਡੀ ਸੋਚ ਵਿਚ ਨਵਾਂ ਮੋੜ ਲਿਆਂਦਾ ਹੈ। ਮਨੁੱਖੀ ਜੀਵ ਵਿਚ ਅਸਾਧਾਰਣ ਹੋਣ ਦੇ ਨਾਤੇ ਸਾਡੀ ਬਹੁਤ ਜ਼ਿਆਦਾ ਸੰਭਾਵਕਤਾ-ਸ਼ਕਤੀ ਦੇ ਵਿਕਾਸ ਕਰਨ ਵਿਚ ਅਸਫਲਤਾ ਵੀ ਸਮਝੀ ਗਈ ਹੈ ਕਿਉਂਕਿ

ਇਸ ਕਾਰਨ ਮਾਨਸਿਕ ਸਿਹਤ ਅਤੇ ਨਿਜੀ ਵਿਧੀ ਵਿਚ ਰੁਕਾਵਟ ਅਤੇ ਵਿਗਾੜ ਪੈਦਾ ਹੁੰਦੇ ਹਨ। ਮੈਸਲੋ ਨੇ ਸਾਧਾਰਣ ਵਿਅਕਤੀ ਦੀ ਮਨੋਰੋਗਮਈ ਸਥਿਤੀ ਬਾਰੇ ਚਿੰਤਾ ਪ੍ਰਗਟ ਕੀਤੀ ਹੈ। ਬਹੁਤ ਸਾਰੇ ਸਾਧਾਰਣ ਵਿਅਕਤੀ ਆਪਣੀ ਸੰਭਾਵਕਤਾ ਸ਼ਕਤੀ ਨੂੰ ਲਭਣ ਵਿਚ ਅਸਫਲਤਾ ਹੋਣ ਕਾਰਨ ਮਾਯੂਸ, ਨ-ਖੁਸ਼ ਅਤੇ ਨਾਰਾਜ਼ ਹੋ ਜਾਂਦੇ ਹਨ।

ਇਸ ਵਿਚਾਰਧਾਰਾ ਅਨੁਸਾਰ ਮਨੁਖਵਾਦੀ ਥੈਰਾਪੀ ਦਾ ਮੰਤਵ ਇਕ ਵਿਅਕਤੀ ਨੂੰ ਅਪਸਅਯੋਜਨ ਤੋਂ ਸਮਾਯੋਜਨ ਵਲ ਲਿਆਉਣਾ ਨਹੀਂ, ਪਰੰਤੂ ਸਮਾਜਿਕ ਉਸਾਰੂ ਜ਼ਿੰਦਗੀ ਪੈਦਾ ਕਰਨ ਵਿਚ ਹੈ। ਆਸ ਕੀਤੀ ਜਾਂਦੀ ਹੈ ਕਿ ਮਨੁਖਵਾਦੀ ਮਨੋਵਿਗਿਆਨੀ ਨਿਜੀ ਵਿਧੀ ਨੂੰ ਵਧਾਉਣ, ਸੰਤੁਸ਼ਟਤਾ ਵਾਲੇ ਸੰਬੰਧ ਬਣਾਉਣ ਅਤੇ ਸਮੱਸਿਆਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਜਿਠਣ ਅਤੇ ਤਕਲੀਫਾਂ ਨੂੰ ਦੂਰ ਕਰਨ ਵਿਚ ਦਿਲਚਸਪੀ ਰੱਖਦੇ ਹਨ। ਪਰੰਤੂ ਇਸ ਮੱਤ ਦੀ ਆਲੋਚਨਾ ਵੀ ਕੀਤੀ ਗਈ ਹੈ ਕਿ ਇਸ ਵਿਚ ਵਿਗਿਆਨ ਛੁਹ ਨਹੀਂ ਹੈ। ਇਹ ਖੋਜੀ ਤੱਥਾਂ ਤੇ ਸਬੂਤਾਂ ਤੇ ਆਧਾਰਿਤ ਨਹੀਂ ਹੈ। ਕੁਝ ਵਿਗਿਆਨੀ ਤੇ ਮਾਹਿਰ ਇਸ ਮੱਤ ਤੇ ਬਹੁਤ ਉਮੀਦਾਂ ਲਾਏ ਬੈਠੇ ਸਨ; ਜਿਹੜੀਆਂ ਉਨ੍ਹਾਂ ਅਨੁਸਾਰ ਪੂਰੀਆਂ ਨਹੀਂ ਹੋਂਦੀਆਂ। ਪਰੰਤੂ ਇਸ ਦ੍ਰਿਸ਼ਟੀਕੋਣ ਦੇ ਵਿਚਾਰਾਂ ਵਿਚ ਵੰਗਾਰ ਜ਼ਰੂਰ ਹੈ ਅਤੇ ਦੂਜਿਆਂ ਨੂੰ ਚੁਣੌਤੀ ਦੇਂਦੇ ਹਨ।

ਕਈ ਮਨੋਵਿਗਿਆਨੀਆਂ ਨੇ ਤਾਂ ਮਨੁੱਖਵਾਦੀ ਸ਼ਬਦ ਵਰਤਣ ਲਈ ਵੀ ਇਤਰਾਜ਼ ਕੀਤਾ ਹੈ, ਵਿਸ਼ੇਸ਼ ਤੌਰ ਤੇ ਇਸ ਦੀ ਥੈਰਾਪੀ ਦੇ ਸੰਦਰਭ ਵਿਚ ਕਿਉਂਕਿ ਇਸ ਦਾ ਅਰਥ ਇਹ ਲਿਆ ਜਾਵੇਗਾ ਕਿ ਦੂਜੇ ਵਿਚਾਰਧਾਰਾ ਦੇ ਮਨੋਵਿਗਿਆਨੀ ਘਟੀਆ ਸਮਝੇ ਜਾਣਗੇ। ਮਨੋਵਿਗਿਆਨੀ ਦੇ ਸਾਰੇ ਮੱਤਾਂ ਦਾ ਮੰਤਵ ਲੋਕਾਂ ਨੂੰ ਖੁਸ਼ ਰਖਣਾ, ਮਨੁੱਖੀ ਭਲਾਈ ਅਤੇ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਬਣਾਨ ਲਈ ਸਹਾਇਤਾ ਕਰਨਾ ਹੈ। ਇਸ ਲਈ ਸਾਰੀਆਂ ਵਿਚਾਰਧਾਰਾ ਮਨੁੱਖਵਾਦੀ ਹਨ ਕਿਉਂਕਿ ਸਭ ਦਾ ਉਦੇਸ਼ ਮਨੁੱਖੀ ਵਿਵਹਾਰ ਵਿਚ ਤਬਦੀਲੀ ਲਿਆਉਣ ਹੈ ਅਤੇ ਸਿੱਖਣ ਦੀ ਮਹੱਤਤਾ ਨੂੰ ਪਹਿਚਾਣਦਾ ਹੈ।

ਉਪਰ ਦਿੱਤੀ ਸਾਰੀ ਦਲੀਲ ਦੇ ਬਾਅਦ ਵਿਚ ਕਿਹਾ ਜਾ ਸਕਦਾ ਹੈ ਕਿ ਮਨੁੱਖਵਾਦੀ ਪ੍ਰਸਤਾਵ ਸਿੱਖਣ ਅਤੇ ਹੋਰ ਮਨੋਵਿਗਿਆਨੀ ਪ੍ਰਕ੍ਰਿਆ ਦੀ ਮਹੱਤਤਾ ਨੂੰ ਪਹਿਚਾਣਦਾ ਹੈ; ਜਿਹੜੇ ਮਨੋਵਿਗਿਆਨੀਆਂ ਦੀ ਖੋਜ ਦਾ ਕੇਂਦਰ ਬਣੇ। ਇਹ ਮੱਤ ਮਨੁੱਖ ਦੇ ਭਵਿਖਕਾਲ ਨਾਲ ਸੰਬੰਧਤ ਹੈ; ਨਾ ਕਿ ਭੂਤਕਾਲ ਨਾਲ। ਪਰੰਤੂ ਇਹ ਵਿਚਾਰਧਾਰਾ ਉਨ੍ਹਾਂ ਪ੍ਰਕ੍ਰਿਆ ਨਾਲ ਸੰਬੰਧ ਹੈ ਜਿਸਦੀ ਅਜਿਹੇ ਵਿਗਿਆਨ ਸੂਚਨਾ ਨਹੀਂ ਮਿਲ ਸਕੀ; ਜਿਵੇਂ ਪਿਆਰ, ਆਸ, ਸਿਰਜਣਾ, ਕੀਮਤਾਂ ਕਦਰਾਂ, ਅਰਥਪੂਰਣ ਤੇ ਨਿਜੀ ਵਿਧੀ ਅਤੇ ਸਵੈ ਪ੍ਰਗਤਾ (Self-fulfillment)। ਇਨ੍ਹਾਂ ਲਈ ਵਿਗਿਆਨਕ ਸਬੂਤ ਘਟ ਹੀ ਮਿਲਦੇ ਹਨ; ਪਰੰਤੂ ਬਹੁਤ ਸਾਰੇ ਮਨੋਵਿਗਿਆਨੀ ਮਹਿਸੂਸ ਕਰਦੇ ਹਨ ਕਿ ਆਧੁਨਿਕ ਮਨੋਵਿਗਿਆਨੀ ਨੇ ਅਜ ਤਕ ਮਨੁੱਖੀ ਹੋਂਦ ਦੀਆਂ ਸਮੱਸਿਆ ਵਲ ਕੋਈ ਧਿਆਨ ਨਹੀਂ ਦਿੱਤਾ।

1.5.9 ਹੋਂਦਵਾਦੀ ਪ੍ਰਸਤਾਵ (Existential Approach)

ਮਨੁੱਖਵਾਦੀ ਵਿਚਾਰਧਾਰਾ ਅਮਰੀਕਾ ਦੇ ਮਾਨਸਿਕ ਸਿਹਤ ਦੇ ਦਾਇਰੇ ਵਿਚੋਂ ਉਪਜ ਦੇ ਆਇਆ ਅਤੇ ਇਹ ਹੋਂਦਵਾਦੀ ਪ੍ਰਸਤਾਵ ਨਾਲ ਮਿਲਦਾ ਜੁਲਦਾ ਹੈ, ਜਿਹੜਾ ਯੂਰਪ ਦੇ ਦਾਰਸ਼ਨਿਕ ਮਾਹਿਰਾਂ ਤੋਂ ਉਪਜਿਆ ਹੈ। ਹੋਂਦਵਾਦੀ ਪ੍ਰਸਤਾਵ ਨੇ ਘਟਨਾ-ਕ੍ਰਿਆ ਵਿਗਿਆਨ (Phenomenological) ਤੋਂ ਜਨਮ ਲਿਆ। ਲੋਕਾਂ ਦਾ ਘਟਨਾ-ਕ੍ਰਿਆ ਵਾਲਾ ਸੰਸਾਰ ਸਾਰੇ ਮਨੁੱਖਵਾਦੀਆਂ ਲਈ ਪ੍ਰਸਿੱਧਤਾ ਰੱਖਦਾ ਹੈ। ਉਹ ਸਾਨੂੰ ਸਭ ਨੂੰ ਅੰਦਰੂਨੀ ਹਵਾਲੇ ਦੇ ਚੌਖਟੇ ਵਿਚ ਸਮਝਦੇ ਹਨ, ਜਿਹੜਾ ਸਾਡੇ ਪਹਿਲੇ ਤਜਰਬਿਆਂ ਦੇ ਸੰਗ੍ਰਹਿ ਦਾ ਨਤੀਜਾ ਹੈ। ਇਸ ਕਰਕੇ ਅਸੀਂ ਸਾਰੇ ਹੀ ਇਕ ਦੂਜੇ ਤੋਂ ਆਲੌਕਿਕ ਹਾਂ ਅਤੇ ਬਾਅਦ ਵਿਚ ਸਾਨੂੰ ਆਪਣੇ ਬਾਰੇ ਸ਼ਦਰਈ ਦਾ ਪਤਾ ਲਗਦਾ ਹੈ। ਇਸ ਲਈ ਹਰੇਕ ਮਨੁੱਖੀ ਜੀਵ ਦੂਜੇ ਲੋਕਾਂ ਦੇ ਨਜ਼ਰੀਏ ਤੋਂ ਸੰਸਾਰ ਨੂੰ ਦੇਖਣ ਦਾ ਯਤਨ ਕਰਦਾ ਹੈ। ਵਿਵਹਾਰ ਦੀ ਬਾਹਰਲੇ ਉਤੇਜਨਾ ਦੀ ਥਾਂ ਤੇ ਅਨੁਭਵ ਕੀਤੇ ਗਏ ਉਤੇਜਨਾ ਰਾਹੀਂ ਨਿਗਰਾਨੀ ਕੀਤੀ ਜਾਂਦੀ ਹੈ। ਇਕ ਵਿਅਕਤੀ ਦੇ ਕਾਰਜ ਉਂਜ ਹੁੰਦੇ ਹਨ ਜਿਵੇਂ ਉਹ ਦੁਨੀਆਂ ਨੂੰ ਅਨੁਭਵ ਕਰਦਾ ਹੈ। ਇਸ ਲਈ ਮੰਤ ਨੂੰ ਘਟਨਾ-ਕ੍ਰਿਆ ਵਿਗਿਆਨ ਦਾ ਮਾਡਲ ਵੀ ਕਿਹਾ ਜਾਂਦਾ ਹੈ।

1.5.10 ਅੰਤਕਾ

ਇਕ ਵਿਅਕਤੀ ਆਪਣੇ ਕਾਰਜਾਂ ਨੂੰ ਚੁਣਨ ਲਈ ਅਤੇ ਨਿਰਧਾਰਣ ਕਰਨ ਲਈ ਆਜ਼ਾਦ ਹੈ। ਹਰੇਕ ਵਿਅਕਤੀ ਆਪਣੇ ਕਾਰਜਾਂ ਲਈ ਜ਼ਿੰਮੇਵਾਰ ਹੁੰਦਾ ਹੈ ਅਤੇ ਉਹ ਆਪਣੇ ਵਾਤਾਵਰਣ ਨੂੰ ਤੇ ਸਥਿਤੀ ਤੇ ਦੋਸ਼ ਨਹੀਂ ਲਗਾਂਦਾ ਜਾਂ ਉਹ ਕਰਦਾ ਹੈ। ਮਨੁਖਵਾਦ ਧਾਰਨਾ ਹੋਂਦਵਾਦੀ ਦਾਰਸ਼ਕਾਂ ਦੇ ਵਿਚਾਰਾਂ ਤੋਂ ਉਪਜਿਆ ਅਤੇ ਇਸ ਦਾ ਵਿਕਾਸ ਹੋਇਆ। ਇਸ ਮੱਤ ਵਿਚ ਮਨੁੱਖੀ ਲੱਛਣਾਂ ਤੇ ਜ਼ੋਰ ਪਾਇਆ ਜਾਂਦਾ ਹੈ; ਜਿਹੜੇ ਆਦਮੀ ਨੂੰ ਜਾਨਵਰਾਂ ਤੋਂ ਭਿੰਨ ਕਰਦੇ ਹਨ। ਇਹ ਲੱਛਣ ਮੁਢਲੇ ਤੌਰ ਤੇ ਸੁਤੰਤਰ ਇਛਾ (free will) ਅਤੇ ਨਿਜੀ-ਵਿਦਵਮਾਨ (self-actualization) ਵੱਲ ਲੈ ਜਾਂਦੇ ਹਨ। ਮਨੁੱਖਵਾਦੀ ਵਿਚਾਰਧਾਰਾ ਨੇ ਮਨੁੱਖ ਦੇ ਇਸ ਸੰਕਲਪ ਨੂੰ ਰੱਦ ਕੀਤਾ ਕਿ ਬਾਹਰਲੀ ਉਤੇਜਨਾ ਤੋਂ ਹੀ ਅਚੇਤਮਨ ਤੇ ਨਿਯੰਤਰਨ ਹੁੰਦੀ ਹੈ। ਉਹ ਆਦਮੀ ਨੂੰ ਇਕ ਐਕਟਰ ਦੇ ਤੌਰ ਤੇ ਦੇਖਦਾ ਹੈ, ਜਿਹੜਾ ਆਪਣੀ ਕਿਸਮਤ ਨੂੰ ਕੰਟਰੋਲ ਕਰ ਅਤੇ ਆਪਣੇ ਆਲੇ ਦੁਆਲੇ ਸੰਸਾਰ ਨੂੰ ਬਦਲਣ

1.5.11 ਸ਼ਬਦਾਵਲੀ

1. ਅਸਾਧਾਰਣਤਾ (abnormality)

ਇਸ ਦਾ ਸ਼ਾਬਦਿਕ ਅਰਥ ਹੈ, ਸਾਧਾਰਨਤਾ ਤੋਂ ਦੂਰ ਹਟਿਆ ਹੋਇਆ। (ab + normal = abnormal = away from normality) ਇਕ ਵਿਅਕਤੀ ਅਸਧਾਰਣ ਤਾਂ ਹੀ ਹੁੰਦਾ ਹੈ ਜੇ ਉਹ ਆਪਣੇ ਸਮਾਜ ਦੇ ਹੋਰ ਔਸਤ ਵਿਅਕਤੀਆਂ ਨਾਲੋਂ ਭਿੰਨ ਹੋਵੇ। ਪਰ ਮਾਨਸਿਕ ਪੱਖ ਤੋਂ ਅਸਾਧਾਰਣ ਵਿਅਕਤੀ ਦਾ ਕੋਈ ਨਿਸ਼ਚਿਤ ਮਿਆਰ ਜਾਂ ਮਾਪ-ਦੰਡ ਨਿਰਧਾਰਨ ਕਰਨਾ ਅਸੰਭਵ ਹੈ ਕਿਉਂਕਿ ਸਮੂਹ ਦੇ ਵਿਵਹਾਰ ਵਿਚ ਵੀ ਸਮੇਂ ਅਨੁਸਾਰ ਪਰਿਵਰਤਨ ਆਉਂਦੇ ਰਹਿੰਦੇ ਹਨ। ਇਸ ਪ੍ਰਕਾਰ ਦਾ ਵਿਵਹਾਰ ਇਕ ਸਭਿਆਚਾਰ ਵਿਚ ਸਾਧਾਰਣ ਹੋ ਸਕਦਾ ਹੈ ਅਤੇ ਉਹੀ ਵਿਵਹਾਰ ਦੂਜੇ ਸਭਿਆਚਾਰ ਵਿਚ ਅਸਾਧਾਰਣ।

2. ਵਿਧੀ ਪੂਰਵਕ ਸੰਵੇਦਨਾ ਹੀਣਤਾ (Systematic Desensitization)

ਇਸ ਥੈਰਾਪੀ ਵਿਚ ਮਰੀਜ਼ ਨੂੰ ਆਪਣੇ ਮਨ ਵਿਚ ਕਿਸੇ ਬਿੰਬ ਵਲ ਧਿਆਨ ਦੇਣ ਲਈ ਕਿਹਾ ਜਾਂਦਾ ਹੈ ਅਤੇ ਇਹ ਗਿਆਨਤਮਕ ਪ੍ਰਕ੍ਰਿਆ ਹੈ। ਗਿਆਨਤਮਕ ਵਿਵਹਾਰਿਕ ਮਨੋਵਿਗਿਆਨੀਆਂ ਨੇ ਬਾਹਰਲੇ ਵਿਵਹਾਰ ਤੋਂ ਆਪਣਾ ਧਿਆਨ ਹਟਾ ਕੇ ਅੰਦਰੂਨੀ ਪ੍ਰਤੱਖੀਕ੍ਰਣ ਵਲ ਜ਼ੋਰ ਪਇਆ ਅਜਕਲ ਬਹੁਤ ਸਾਰੇ ਵਿਵਹਾਰਿਕ ਚਕਿਤਸਕ ਮਾਹਿਰ ਦੀਆਂ ਖੋਜਾਂ ਗਿਆਨਤਮਕ ਪ੍ਰਕ੍ਰਿਆ ਨੂੰ ਵਰਤਦੀਆਂ ਹਨ; ਖਾਸ ਕਰਕੇ ਅਲੰਕਾਰ ਮਈ ਚਿਤਰਣ (imagery) ਅਤੇ ਸਵੈ-ਸੁਚੇਲਤਾ (self-awareness) ਮਨੋਵਿਗਆਨਿਕ ਕਾਰਜਾਂ ਦੀਆਂ ਚਿਤਰਾਂ ਵਿਚ ਵਰਤਣੀਆਂ ਸ਼ੁਰੂ ਹੋਈਆਂ।

3. ਮਨੁੱਖਵਾਦੀ ਥੈਰਾਪੀ (Humanistic Therapy)

ਮਨੁੱਖਵਾਦੀ ਮਨੋਵਿਗਿਆਨ ਦੇ ਖੇਤਰ ਵਿਚ ਰੋਜਰਜ ਨੇ ਲੋਕਾਂ ਨੂੰ ਸੰਭਾਵਕਤਾ ਸ਼ਕਤੀ ਨੂੰ ਪਹਿਚਾਣਨ ਲਈ ਇਕ ਥੈਰਾਪੀ ਦਿਤੀ ਜਿਹੜੀ ਬਹੁਤ ਪ੍ਰਸਿਧ ਹੋਈ ਸੀ; ਜਿਸ ਨੂੰ ਗਾਹਕ ਕੇਂਦਰਿਤ ਥੈਰਾਪੀ (client-centered therapy) ਕਿਹਾ ਗਿਆ ਹੈ। ਇਹ ਮਨੁੱਖਵਾਦੀ ਥੈਰਾਪੀ ਹੈ। ਰੋਜਰਜ ਦਾ ਵਿਸ਼ਵਾਸ ਸੀ ਕਿ ਚਕਿਸਤਕ ਮਾਹਿਰ ਲੋਕਾਂ ਦੀ ਆਪਣੀ ਅੰਦਰੂਨੀ ਸਵੈ ਨਾਲ ਤਾਲ ਮੇਲ ਰਖ ਕੇ ਆਪਦੀਆਂ ਸਚੀਆਂ ਭਾਵਨਾਵਾਂ ਅਤੇ ਇਨ੍ਹਾਂ ਨੂੰ ਪ੍ਰਗਟ ਕਰਨ ਲਈ ਬਿਨਾ ਸੋਚੇ ਕਿ ਦੂਜੇ ਲੋਕ ਕੀ ਕਹਿਣਗੇ ਸਿੱਖ ਸਕਦੇ ਹਨ।

4. ਨ-ਉਮੀਦਪੁਣਾ (hopelessness)

ਡਿਪਰੈਸ਼ਨ ਦਾ ਮਰੀਜ਼ ਹਮੇਸ਼ਾਂ ਹੀ ਗਮਹੀਨ ਵਿਚਾਰ ਸੋਚਦਾ ਹੈ; ਕਿਉਂਕਿ ਉਸ ਦੇ ਗਿਆਨਤਮਕ ਢਾਂਚੇ ਵਿਚ ਨ-ਉਮੀਦਪੁਣਾ (hopelessness) ਆ ਜਾਦਾ ਹੈ। ਅਜਿਹਾ ਮਰੀਜ਼ ਵਿਸ਼ਵਾਸ ਰਖਦਾ ਹੈ ਕਿ ਉਸ ਉਪਰ ਆਪਣੇ ਆਲੇ ਦੁਆਲੇ ਦਾ ਕੋਈ ਪ੍ਰਭਾਵ ਨਹੀਂ ਹੈ; ਭਾਵੇਂ ਉਹ ਕੁਝ ਹੀ ਕਰ ਲਵੇ। ਉਹ ਕਿਸਮਤ ਨੂੰ ਹੀ ਕੋਸਦਾ ਹੈ ਕਿਉਂ-ਕਿ ਉਸ ਨੂੰ ਆਪਣੇ ਭਵਿਖਤ ਬਾਰੇ ਹਨੇਰਾ ਹੀ ਦਿੱਸਦਾ ਹੈ। ਇਹ ਨ-ਉਮੀਦ ਪੁਣੇ ਦੀਆਂ ਭਾਵਨਾਵਾਂ ਉਦਾਸੀ ਪੈਂਦਾ ਕਰਨ ਦੇ ਜ਼ਿੰਮੇਵਾਰ ਹੁੰਦੀਆਂ ਹਨ।

5. ਸਵੈ-ਇਕਰੂਪ (Self-unifying Theme) :

ਵਿਲੀਅਮ ਜੇਮਜ਼ (William James) ਨੇ ਮਨੁੱਖੀ ਵਿਵਹਾਰ ਦੇ ਗਿਆਨਾਤਮਕ ਪੱਖ ਨੂੰ ਅਧਿਐਨ ਕਰਨਾ ਸ਼ੁਰੂ ਕੀਤਾ।ਸਵੈ ਨੂੰ ਮਨੁੱਖੀ ਤਜਰਬੇ ਦੇ ਅੰਦਰੂਨੀ ਤੇ ਬਾਹਰੀ ਇਕਰੂਪ ਕਾਰਕ ਸਮਝਿਆ ਗਿਆ। ਸਵੈ ਦਾ ਸੰਕਲਪ ਈਗੋ ਦੇ ਸੰਕਲਪ ਨਾਲ ਮਿਲਦਾ ਜੁਲਦਾ ਹੈ। ਹਰੇਕ ਵਿਅਕਤੀ ਦਾ ਅਨੋਖਾ ਤਜਰਬਾ ਹੋਣ ਕਾਰਨ ਸਵੈ ਦਾ ਸੰਕਲਪ ਵੀ ਬਦਲ ਜਾਂਦਾ ਹੈ, ਇਸ ਲਈ ਵਿਅਕਤੀ ਦੀ ਵਿਅਕਤੀਮਹੱਤਤਾ ਤੇ ਜ਼ੋਰ ਪਾਇਆ ਜਾਂਦਾ ਹੈ; ਭਾਵੇਂ ਵਿਅਕਤੀ ਮਹੱਤਤਾ ਲਈ ਜੀਵਕ ਪੱਖ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ।

1.5.12 ਹਵਾਲਾ ਪੁਸਤਕਾਂ

1. ਆਗਿਆਜੀਤ ਸਿੰਘ : ਅਸਾਧਾਰਣ ਮਨੋਵਿਗਿਆਨ – ਪੰਜਾਬੀ ਯੂਨੀਵਰਸਿਟੀ ਪਟਿਆਲਾ।
2. Carson, R.C. & Butcher, James N : Abnormal Psychology and Modern Life. Harper Collins Publication, New York.
3. Davison, G.E. and Neale J.M. : Abnormal Psychology, John Wiley & Sons, New York.
4. Shanmugan T.E. : Abnormal Psychology Tata McGraw Hill Pub. Co. Ltd., New Delhi.

ਪਾਠ ਨੰ : 1.6 ਲੇਖਕ : ਡਾ. ਆਗਿਆਜੀਤ ਸਿੰਘ

ਅਸਾਧਾਰਣ ਵਿਵਹਾਰ ਦਾ ਮਨੁੱਖਵਾਦੀ ਦ੍ਰਿਸ਼ਟੀਕੋਣ
(Humanistic Model of Psychopathology)

ਪਾਠ ਸੰਰਚਨਾ

1.6.0 ਉਦੇਸ਼
1.6.1 ਭੂਮਿਕਾ
1.6.2 ਮਨੁੱਖੀਵਾਦ ਮਨੋਵਿਗਿਆਨਕ ਦਾ ਪਿਛੋਕੜ :
1.6.3 ਮਨੁੱਖਵਾਦੀ ਥੈਰਾਪੀ (Humanistic Therapy)
1.6.4 ਮਨੁੱਖਵਾਦ ਦ੍ਰਿਸ਼ਟੀਕੋਣ ਦੇ ਮੂਲ ਤੱਤ (Basic of Humanistic Perspective)
1.6.4.1 ਸਵੈ-ਇਕਰੂਪ ਵਿਸ਼ਾ ਵਸਤੂ (Self-unifying Theme) :
1.6.4.2 ਮੁੱਲਾਂ ਅਤੇ ਨਿਜੀ ਵ੍ਰਿਧੀ ਤੇ ਜ਼ੋਰ (Focus on values and personal growth)
1.6.4.3 ਮਨੁੱਖੀ ਸੁਭਾਵ ਅਤੇ ਸੰਭਾਵਕਤਾ ਸ਼ਕਤੀ ਦਾ ਸਾਰਥਕ ਪੱਖ (Positive view of Human nature and potential)
1.6.5 ਮਨੁੱਖਵਾਦੀ ਦ੍ਰਿਸ਼ਟੀਕੋਣ ਦਾ ਪ੍ਰਭਾਵ (Impact of Humanistic Perspective)
1.6.6 ਹੋਂਦਵਾਦੀ ਪ੍ਰਸਤਾਵ (Existential Approach)
1.6.7 ਅੰਤਕਾ
1.6.8 ਸ਼ਬਦਾਵਲੀ
1.6.9 ਹਵਾਲਾ ਪੁਸਤਕਾਂ

1.6.0 ਉਦੇਸ਼

ਇਸ ਪਾਠ ਦਾ ਉਦੇਸ਼ ਅਸਾਧਾਰਣ ਵਿਵਹਾਰ ਦੇ ਸਭ ਤੋ ਨਵੀਨ ਦ੍ਰਿਸ਼ਟੀਕੋਣ, ਮਨੁਖਵਾਦੀ ਦ੍ਰਿਸ਼ਟੀਕੋਣ ਬਾਰੇ ਜਾਣਕਾਰੀ ਦੇਣਾ ਹੈ। ਇਸ ਦ੍ਰਿਸ਼ਟੀਕੋਣ ਨੂੰ ਸ਼ੁਰੂ ਕਰਨ ਵਾਲੇ ਮਨੋਵਿਗਿਆਨੀਆਂ ਦੇ ਯੋਗਦਾਨ ਦੇ ਨਾਲਸ਼ਨਾਲ ਮਨੁੱਖੀਵਾਦ ਮਨੋਵਿਗਿਆਨਿਕ ਪਿਛੋਕੜ ਦੀ ਜਾਣਕਾਰੀ ਦਿੱਤੀ ਜਾਵੇਗੀ। ਇਸ ਪਾਠ ਵਿਚ ਮਨੁੱਖੀਵਾਦੀ ਥੈਰਾਪੀ ਅਤੇ ਇਸ ਦੇ ਮੂਲ ਤੱਤਾਂ ਉੱਪਰ ਰੌਸ਼ਨੀ ਪਾਈ ਗਈ ਹੈ। ਇਸ ਤੋ ਬਾਅਦ ਮਨੁੱਖਵਾਦੀ ਦ੍ਰਿਸ਼ਟੀਕੋਣ ਦੇ ਪ੍ਰਭਾਵ ਬਾਰੇ ਅਤੇ ਮਨੁੱਖਵਾਦੀ ਦੇ ਨਾਲ ਸੰਬੰਧਿਤ ਹੋਦਵਾਦੀ ਦ੍ਰਿਸ਼ਟੀਕੋਣ ਬਾਰੇ ਸੰਖੇਪ ਵਿਚ ਦੱਸਿਆ ਜਾਵੇਗਾ।

1.6.1 ਭੂਮਿਕਾ

ਅਸਾਧਾਰਣ ਵਿਚਾਰ ਦਾ ਮਨੁਖਵਾਦੀ ਦ੍ਰਿਸ਼ਟੀਕੋਣ ਸਭ ਤੋਂ ਨਵੀਨ ਹੈ; ਜਿਹੜਾ ਮਨੋਵਿਸ਼ਲੇਸ਼ਣ ਮੱਤ ਅਤੇ ਵਿਵਹਾਰਿਕ ਮੱਤ ਦੇ ਵਿਚਾਰਾਂ ਦੇ ਪ੍ਰਤਿਰੋਪ ਦੇ ਹੋਂਦ ਵਿਚ ਆਇਆ। ਇਹ ਵਿਚਾਰਧਾਰਾ ਮਨੁੱਖੀ ਕੀਮਤਾਂ, ਕਦਰਾਂ, ਅੰਦਰੂਨੀ ਅਨੁਭਵਾਂ ਅਤੇ ਹਰ ਵਿਅਕਤੀ ਦੀ ਅਨੋਖਾਪਣ ਨਾਲ ਸੰਬੰਧਤ ਹੈ। ਇਬਰਾਹੀਮ ਮੈਸਲੋ (Abraham Maslow) ਨੇ ਲੋਕਾਂ ਦੇ ਲਛਣਾਂ ਦਾ ਅਧਿਐਨ ਕੀਤਾ। ਜਿਹੜੇ ਆਪਣੀ ਪੂਰੀ ਸੰਭਵ ਸ਼ਕਤੀ ਨੂੰ ਪ੍ਰਾਪਤ ਕਰਨ ਲਈ ਆਪਣੀਆਂ ਕੁਸ਼ਲਤਾਵਾਂ ਨੂੰ ਵਰਤਦੇ

ਸਨ, ਉਸ ਨੇ ਅਜਿਹੇ ਲੋਕਾਂ ਨੂੰ ਸਵੈ-ਵਿਦਮਾਨ (self-actualized) ਕਿਹਾ। ਬਹੁਤ ਸਾਰੇ ਮਨੁੱਖਵਾਦੀ ਮਨੋਵਿਗਿਆਨੀ ਵਿਸ਼ਵਾਸ ਕਰਦੇ ਸਨ ਕਿ ਵਿਗਿਆਨ ਕਦੀ ਵੀ ਮਨੁੱਖੀ ਵਿਵਹਾਰ ਤੇ ਤਜ਼ਰਬੇ ਦੀ ਗੁੰਝਲਤਾ ਨੂੰ ਨਹੀਂ ਸਮਝ ਸਕੇਗਾ। ਇਸ ਲਈ ਉਹ ਮਨੋ ਵਿਗਿਆਨ ਦੇ ਖੇਤਰ ਵਿਚ ਆਏ।

ਇਹ ਦ੍ਰਿਸ਼ਟੀਕੋਣ ਲੋਕਾਂ ਨੂੰ ਇਸ ਧਾਰਨਾ ਤੇ ਵਤੀਰੇ ਤੋਂ ਮੁਕਤ ਕਰਦਾ ਹੈ ਕਿ ਉਹ ਆਪਣੀ ਜ਼ਿੰਦਗੀ ਨੂੰ ਸੁਹਣੇ ਤੇ ਸੁਚਜੇ ਢੰਗ ਨਾਲ ਨਹੀਂ ਬਿਤਾ ਸਕਣਗੇ। ਇਸ ਲਈ ਇਸ ਨੇ ਮਨੁੱਖੀ ਸੰਭਵ ਸ਼ਕਤੀ (Human potential) ਅਤੇ ਨਿਜੀ ਵਿਧੀ (Personal growth) ਤੇ ਜ਼ਿਆਦਾ ਜ਼ੋਰ ਦਿੱਤਾ; ਨਾ ਕਿ ਮਾਨਸਿਕ ਗਾਣਮਿਕ ਬਿਮਾਰੀਆਂ ਦਾ ਇਲਾਜ ਕਰਨ ਜਾਂ ਵਿਕਾਰਾਂ ਨੂੰ ਬਣਾਉਣ ਤੇ ਪਾਉਣ। ਇਸ ਲਈ ਇਸ ਮੱਤ ਦੇ ਚਕਿਤਸਕ ਮਾਹਿਰ ਉਨ੍ਹਾਂ ਵਿਅਕਤੀਆਂ ਨਾਲ ਕੋਈ ਸੰਪਰਕ ਨਹੀਂ ਰਖਦੇ ਜਿਹੜੇ ਗੰਭੀਰ ਸਮਾਜਿਕ ਵਿਕਾਰਾਂ ਤੋਂ ਦੁਖੀ ਹਨ। ਇਹ ਸਿਧਾਂਤ ਮਨੁੱਖ ਵਿਚ ਸੁਤੰਤਰ ਇੱਛਾ (free will) ਨੂੰ ਵਧਾਉਣ ਅਤੇ ਚੰਗੇ ਮਨੁੱਖੀ ਜੀਵ ਬਣਾਨ ਲਈ ਸੁਚੇਤ ਤੌਰ ਤੇ ਮਦਦ ਕਰਦੀ ਹੈ।

ਸ਼ੁਰੂ ਵਿਚ ਮਨੁੱਖਵਾਦ ਦ੍ਰਿਸ਼ਟੀਕੋਣ ਵਿਵਹਾਰਿਕ ਅਤੇ ਮਨੋਵਿਗਿਆਨਕ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਇਆ; ਭਾਵੇਂ ਇਨਾਂ ਦੋਵਾਂ ਦੇ ਵਿਚਾਰਾਂ ਵਿਚ ਮੱਤ ਭੇਦ ਸਨ ਅਤੇ ਕੋਈ ਸਹਿਮਤੀ ਨਹੀਂ ਸੀ। ਮਨੋਵਿਸ਼ਲੇਸ਼ਣ ਮੱਤ ਤੋਂ ਇਸ ਮਨੋ-ਸ਼ਕਤੀ (Psychic energy) ਲੋੜਾਂ ਅਤੇ ਸਵੈ ਤੇ ਈਗੋ ਦੇ ਵਿਚਾਰ ਗ੍ਰਹਿਣ ਕੀਤੇ। ਵਿਵਹਾਰਿਕ ਮੱਤ ਤੋਂ ਮਨੁੱਖੀ ਵਿਵਹਾਰ ਵਿਚ ਸਿੱਖਣ ਦੀ ਪ੍ਰਕ੍ਰਿਆ ਦੀ ਮਹੱਤਤਾ ਮੰਨੀ। ਪਰੰਤੂ ਵਿਵਹਾਰਿਕ ਮਤ ਦੀ ਆਲੋਚਨਾ ਕੀਤੀ ਕਿ ਇਸ ਨੇ ਵਿਅਕਤੀ ਦੀ ਮਾਨਸਿਕ ਬਣਤਰ, ਅੰਦਰੂਨੀ ਤਜ਼ਰਬੇ ਅਤੇ ਸੰਭਵ ਸ਼ਕਤੀ ਵੱਲ ਅਣਗਹਿਲੀ ਕੀਤੀ ਅਤੇ ਇਸ ਵਲ ਕੋਈ ਧਿਆਨ ਨਹੀਂ ਦਿੱਤਾ। ਕੇਵਲ ਇਸ ਨੇ ਮਨੁੱਖੀ ਵਿਵਹਾਰ ਨੂੰ ਕੇਵਲ ਉਤੇਜਨਾ ਤੇ ਅਨੁਕ੍ਰਿਆ ਦੇ ਮੇਲ ਜੋਲ ਦੇ ਸੰਦਰਭ ਵਿਚ ਹੀ ਲਿਆ ਜਿਹੜਾ ਮੁਕੰਮਲ ਵਿਚਾਰ ਨਹੀਂ ਸੀ। ਇੰਜ ਹੀ ਇਹ ਮਨੁੱਖਵਾਦੀ ਮਨੋਵਿਗਿਆਨ ਮਨੋ ਵਿਸ਼ਲੇਸ਼ਣ ਸਿਧਾਂਤ ਵਲੋਂ ਪੇਸ਼ ਕੀਤੀ ਗਈ ਮਨੁੱਖੀ ਪ੍ਰਕ੍ਰਿਤੀ ਦੀ ਨਿਖੇਦਾਤਮਕ ਤਸਵੀਰ ਨਾਲ ਸਹਿਮਤ ਨਹੀਂ ਸਨ ਕਿਉਂਕਿ ਉਹ ਤਰੱਕਹੀਣ ਅਤੇ ਅਚੇਤ ਆਵੇਗਾਂ ਦੀ ਜ਼ਿਆਦਾ ਸ਼ਕਤੀ ਤੇ ਜ਼ੋਰ ਦੇਂਦੇ ਹਨ। ਇਸ ਦੇ ਉਲਟ ਮਨੁੱਖਵਾਦੀ ਮਨੋ ਵਿਗਿਆਨੀ ਸਮਝਦੇ ਹਨ ਕਿ ਮਨੁੱਖੀ ਸੁਭਾਅ ਚੰਗਾ ਹੈ ਤੇ ਸੁਚੇਤ ਕ੍ਰਿਆ ਨੂੰ ਪੇਸ਼ ਕਰਦਾ ਹੈ। ਉਹ ਲੋਕਾਂ ਦੀ ਅੰਦਰੂਨੀ ਸਮਰਥਾ ਤੇ ਸੰਭਵ ਸ਼ਕਤੀ ਜਿਹੜੇ ਸਵੈ-ਨਿਰਦੇਸ਼ਨ ਲਈ ਜ਼ਿੰਮੇਵਾਰ ਹੈ ਤੇ ਜ਼ਿਆਦਾ ਜ਼ੋਰ ਦੇਂਦੇ ਹਨ। ਉਨ੍ਹਾਂ ਦੇ ਵਿਚਾਰ ਅਨੁਸਾਰ ਬਹੁਤ ਸਾਰੇ ਵਿਗਿਆਨਕ ਖੋਜੀ ਮਨੁੱਖੀ ਵਿਵਹਾਰ ਗੰਭੀਰਤਾ ਨੂੰ ਲੱਭਣ ਲਈ ਕਾਰਨ ਵਾਦੀ ਕਾਰਕਾਂ ਦਾ ਅਧਿਐਨ ਕਰਦੇ ਹਨ। ਇਸ ਲਈ ਮਨੁੱਖਵਾਦੀ ਦ੍ਰਿਸ਼ਟੀਕੋਣ ਮਨੁੱਖੀ ਮੁਲਾਂ ਤੇ ਕੀਮਤਾਂ ਕਦਰਾਂ ਵਲ ਧਿਆਨ ਦੇਂਦਾ ਹੈ।

1.6.2 ਮਨੁੱਖੀਵਾਦ ਮਨੋਵਿਗਿਆਨਕ ਦਾ ਪਿਛੋਕੜ :

ਮਨੁੱਖੀਵਾਦ ਮਨੋਵਿਗਿਆਨ ਦੇ ਵਿਕਾਸ ਵਿਚ ਕਈ ਪ੍ਰਸਿਧ ਮਨੋਵਿਗਿਆਨੀਆਂ ਨੇ ਮਨੁੱਖੀਵਾਦ ਦ੍ਰਿਸ਼ਟੀਕੋਣ ਤੇ ਪ੍ਰਭਾਵ ਪਾਇਆ ਹੈ ਜਿਨ੍ਹਾਂ ਵਿਚੋਂ ਵਿਲੀਅਮ ਜੇਮਜ (William James), ਗਾਰਡਨ ਆਲਪੋਰਟ (Gordon Allport), ਇਬਰਾਹਮ ਮੈਸਲੋ (Abraham Maslow), ਗਾਡਨਰ ਮਰਫੀ (Gardner Murphy), ਕਾਰਲ ਰੋਜਰਜ਼ (Carl Rogers, 1902-1987) ਦੇ ਨਾਉਂ ਬਹੁਤ ਪ੍ਰਸਿਧ ਹਨ। ਭਾਵੇਂ ਇਸ ਮੱਤ ਦੀਆਂ ਜੜਾਂ ਮਨੋਵਿਗਿਆਨ ਦੇ ਇਤਿਹਾਸ ਨਾਲ ਜੁੜੀਆਂ ਹੋਈਆਂ ਹਨ, ਪਰੰਤੂ ਤਾਂ ਵੀ ਇਹ ਮੱਤ ਨਵੀਨ ਹੀ ਹੈ। ਇਸ ਦਾ ਦ੍ਰਿਸ਼ਟੀਕੋਣ ਮਨੋਵਿਗਿਆਨ ਦੇ ਖੇਤਰ ਵਿਚ 1950-1960 ਦੇ ਦਹਾਕੇ ਵਿਚ ਉਤਪੰਨ ਹੋਇਆ।

ਮੈਸਲੋ (1908-1970) ਨੇ 1950 ਦੇ ਨੇੜੇ ਆਪਣੇ ਸਾਥੀਆਂ ਨਾਲ ਮਿਲ ਕੇ ਮਨੁੱਖੀ ਵਿਵਹਾਰ ਦਾ ਅਧਿਐਨ ਕੀਤਾ ਅਤੇ ਇਸ ਨੂੰ ਤੀਸਰੀ ਤਾਕਤ (third force) ਵਜੋਂ ਆਪਵਰ ਸਿਧਾਂਤ ਪੇਸ਼ ਕੀਤਾ ਜਿਸ ਨੂੰ ਅਜਕਲ ਆਤਮ ਸਿਧੀ ਸਿਧਾਂਤ (theory of self-actualization) ਵੀ

ਕਿਹਾ ਜਾਂਦਾ ਹੈ। ਮੈਸਲੋ ਦੇ ਸ਼ਬਦਾਂ ਵਿਚ ਵਿਅਕਤੀ ਜੋ ਕੁਝ ਕਰ ਸਕਦਾ ਹੈ; ਉਸਨੂੰ ਜਰੂਰ ਕਰਨਾ ਚਾਹੀਦਾ ਹੈ; ਜੇ ਅਜਿਹਾ ਕਰਨ ਨਾਲ ਉਹ ਆਪਣੇ ਆਪ ਵਿਚ ਸ਼ਾਂਤੀ ਮਹਿਸੂਸ ਕਰਦਾ ਹੈ।

ਮੈਸਲੋ ਦੇ ਮਨੁੱਖਵਾਦ ਸਿਧਾਂਤ ਦਾ ਸਭ ਤੋਂ ਮੰਨਣਯੋਗ ਪੱਖ ਇਹ ਹੈ ਕਿ ਇਹ ਅੰਤਰ-ਪ੍ਰੇਰਣਾ, ਆਸ ਅਤੇ ਗਿਆਨਾਤਮਕ ਪੱਖਾਂ ਦੇ ਬੇਹਤਰੀਨ ਤੱਤਾਂ ਨੂੰ ਸ਼ਾਮਲ ਕਰਦਾ ਹੈ। ਉਸਨੇ ਮੰਨਿਆ ਕਿ ਲੋਕ ਮੂਲ ਰੂਪ ਵਿਚ ਚੰਗੇ ਹਨ; ਕਿ ਉਨ੍ਹਾਂ ਵਿਚ ਆਪਣੀ ਸੰਭਵ ਯੋਗਤਾ ਦੇ ਵਿਕਾਸ ਪ੍ਰਤੀ ਜਮਾਂਦਰੂ ਰੁਚੀ ਹੁੰਦੀ ਹੈ ਅਤੇ ਉਹ ਸੁੰਦਰਤਾ, ਸਚਾਈ ਅਤੇ ਚੰਗਾਪਨ ਦੇਖਦੇ ਹਨ। ਦੂਸਰੇ ਸ਼ਬਦਾਂ ਵਿਚ ਉਹ ਜਮਾਂਦਰੂ ਤੌਰ ਤੇ ਆਤਮ-ਸਿੱਧੀ ਅਤੇ ਸਵੈ-ਪੂਰਤੀ ਲਈ ਪ੍ਰੇਰਿਤ ਹੁੰਦੇ ਹਨ। ਦੂਜੇ ਮਾਨਵੀ ਵਿਚਾਰਕਾਰਾਂ ਦੀ ਤਰ੍ਹਾਂ, ਮੈਸਲੋ ਦਾ ਵਿਸ਼ਵਾਸ ਸੀ ਕਿ ਵਿਅਕਤੀ ਜਮਾਂਦਰੂ ਹੀ ਖੁੱਲੇ ਅਤੇ ਵਿਸ਼ਵਾਸ ਕਰਨ ਯੋਗ ਹੁੰਦੇ ਹਨ ਅਤੇ ਸੰਸਾਰ ਨੂੰ ਸੱਚੇ ਤੰਦਰੁਸਤ ਤਰੀਕਿਆਂ ਰਾਹੀਂ ਅਨੁਭਵ ਕਰਦੇ ਹਨ ਆਤਮ ਸਿਧ ਲੋਕ ਉਹ ਹੁੰਦੇ ਹਨ ਜਿਨ੍ਹਾਂ ਨੇ ਆਪਣਾ ਸੱਚਾ ਸਰੂਪ ਪ੍ਰਾਪਤ ਕਰ ਲਿਆ ਹੈ ਅਤੇ ਆਪਣੀ ਸੰਭਾਵਤ ਸ਼ਕਤੀ ਨੂੰ ਪੂਰਾ ਕੀਤਾ ਹੈ। ਆਤਮ ਸਿਧੀ ਦਾ ਅਰਥ ਚੰਗਾਈ ਲਈ ਆਪਣੇ ਵਿਲੱਖਣ ਮਨੁੱਖੀ ਸੰਭਾਵਤ ਸ਼ਕਤੀ ਨੂੰ ਅਸਲੀ ਰੂਪ ਵਿਚ ਪ੍ਰਾਪਤ ਕਰਨ ਦੀ ਪ੍ਰਕ੍ਰਿਆ ਹੈ। ਇਹ ਸਭ ਕੁਝ ਪ੍ਰਾਪਤ ਕਰਨ ਦੀ ਪ੍ਰਕ੍ਰਿਆ ਹੈ ਜੋ ਉਹ ਪ੍ਰਾਪਤ ਕਰਨ ਦੇ ਯੋਗ ਹੈ।

ਮੈਸਲੋ ਤੋਂ ਪਿਛੋਂ ਕਾਰਲ ਰੋਜਰਜ ਦਾ ਮਨੁੱਖਵਾਦੀ ਦ੍ਰਿਸ਼ਟੀਕੋਣ ਵਿਚ ਬਹੁਤ ਯੋਗਦਾਨ ਹੈ। ਉਸ ਨੇ ਕਿਹਾ ਕਿ ਇਕ ਵਿਅਕਤੀ ਦੀ ਵਿਕਸਤ ਹੋ ਰਹੀ ਸ਼ਖਸੀਅਤ ਖਤਰੇ ਵਿਚ ਪੈ ਜਾਵੇਗੀ ਜੇ ਅਸੀਂ ਉਸ ਦੀ ਤੁਲਨਾ ਦੂਜਿਆਂ ਦੀਆਂ ਆਸ਼ਾਵਾਂ ਤੇ ਮੁਲਾਂਕਣ ਨਾਲ ਕਰਾਂਗੇ ਅਤੇ ਉਸ ਦੀ ਸਵੈ-ਸੰਪੰਨਤਾ (self-punishment) ਦੀ ਅੰਦਰੂਨੀ ਸ਼ਕਤੀ ਨੂੰ ਨਹੀਂ ਪਹਿਚਾਣਨਗੇ। ਰੋਜਰਜ ਨੇ ਵਿਚਾਰ ਰਖਿਆ ਕਿ ਅੰਦਰੂਨੀ ਪ੍ਰਵ੍ਰਿਤੀਆਂ ਨੂੰ ਸਿਧੀ ਹੋਂਦ ਦਿੱਤੀ ਜਾਣੀ ਚਾਹੀਦੀ ਹੈ ਜਿਸ ਰਾਹੀਂ ਸੰਭਾਵਨਾ ਸ਼ਕਤੀ ਪ੍ਰਾਪਤ ਕੀਤੀ ਜਾ ਸਕੇ। ਇਹ ਵਿਚਾਰ ਰੋਜਰਜ ਦੀ ਥੈਰਾਪੀ ਨੂੰ ਸਮਝ ਲਈ ਵੀ ਬਹੁਤ ਜ਼ਰੂਰੀ ਹਨ। ਫਰਾਇਡ ਦੀ ਤਰ੍ਹਾਂ ਰੋਜਰਜ ਨੇ ਮੰਨਿਆ ਕਿ ਲੋਕ ਭੁਖ, ਪਿਆਸ, ਦਰਦ, ਆਦਿ ਸਰੀਰਕ ਤਣਾਓ ਨੂੰ ਘਟਾਉਣ ਦਾ ਯਤਨ ਕਰਦੇ ਹਨ; ਪਰੰਤੂ ਉਸ ਨੇ ਇਹ ਵੀ ਸੁਝਾ ਦਿੱਤਾ ਕਿ ਲੋਕ ਕੁਦਰਤੀ ਤੌਰ ਤੇ ਆਪਸੀ ਜ਼ਿੰਦਗੀ ਵਿਚ ਖੁਸ਼ੀ ਨੂੰ ਵਧਾਉਣ ਲਹੀ ਕਹੀ ਨਵੀਆ ਚੀਜਾਂ ਵੀ ਸਿੱਖਦੇ ਹਨ। ਲੋਕ ਖੁਸ਼ੀ ਪ੍ਰਾਪਤ ਕਰਨ ਵਾਲੇ ਤਣਾਓ ਨੂੰ ਲਭਦੇ ਹਨ ਅਤੇ ਨਾ ਖੁਸ਼ੀ ਵਾਲੇ ਤਣਾਓ ਨੂੰ ਘਟਾਉਣ ਦਾ ਯਤਨ ਕਰਦੇ ਹਨ। ਇਸ ਲਈ ਸਾਰਾ ਮਨੁੱਖੀ ਵਿਵਹਾਰ, ਰੋਜਰਜ਼ ਦੇ ਵਿਚਾਰ ਅਨੁਸਾਰ, ਅੰਦਰੂਨੀ ਸਵੈ-ਸਿਧੀ (Self-actualisation) ਦੀ ਪ੍ਰਵ੍ਰਿਤੀ ਤੋਂ ਸ਼ੁਰੂ ਹੁੰਦਾ ਹੈ। ਲੋਕ ਆਪਣੇ ਵਿਵਹਾਰ ਨੂੰ ਨਿਜੀ ਵਿਧੀ ਦੇ ਯੋਗਦਾਨ ਰਾਹੀਂ ਮੁਲਾਂਕਣ ਕਰਦੇ ਹਨ ਅਤੇ ਉਹ ਕਾਰਜ ਕਰਦੇ ਹਨ ਜਿਹੜੇ ਟੀਚੇ ਪ੍ਰਾਪਤ ਕਰਨ ਵਿਚ ਮਦੱਦ ਕਰਦੇ ਹੋਣ।

ਰੋਜਰਜ ਇਹ ਵੀ ਮੰਨਦਾ ਹੈ ਕਿ ਸਭ ਤੋਂ ਜ਼ਿਆਦਾ ਪ੍ਰਭਾਵਸ਼ਾਲੀ ਸਿਖਰਾਂ ਉਸ ਵੇਲੇ ਹੁੰਦਾ ਹੈ ਜਦੋਂ ਇਕ ਵਿਅਕਤੀ ਨੂੰ ਜਦੋ ਜਹਿਦ ਨਹੀਂ ਕਰਨੀ ਪੈਂਦੀ ਜਾਂ ਦੂਜਿਆ ਤੋਂ ਪ੍ਰਵਾਨਗੀ ਲਈ ਆਪਣੇ ਆਪ ਨੂੰ ਚਿੰਤਕ ਨਹੀਂ ਹੋਣਾ ਪੇਂਦਾ। ਸਭ ਤੋਂ ਜ਼ਿਆਦਾ ਮੁਲਾਂਕਣ ਵਿਅਕਤੀ ਤੋਂ ਹੀ ਹੁੰਦਾ ਹੈ ਕਿਉਂਕਿ ਸਵੈ ਵਿਚ ਹੀ ਅੰਦਰੂਨੀ ਨਿਜੀ ਸਿਧੀ ਦੀ ਪ੍ਰਵਿਰਤੀ ਹੁੰਦੀ ਹੈ। ਜਦੋਂ ਇਕ ਵਿਅਕਤੀ ਦੂਜਿਆਂ ਤੋਂ ਬਿਨਾਂ ਸ਼ਰਤ ਤੋਂ ਕੁਝ ਪ੍ਰਾਪਤ ਕਰਦਾ ਹੈ, ਤਾਂ ਉਸ ਦਾ ਧਿਆਨ ਖਿੱਚਿਆ ਨਹੀਂ ਜਾਂਦਾ ਅਤੇ ਫਿਰ ਉਹ ਮੁਲਾਂਕਣ ਕਰਦਾ ਹੈ ਕਿ ਕੀ ਉਹ ਸਵੈ ਦੇ ਵਧਾਉਣ ਲਈ ਕੁਝ ਯੋਗਦਾਨ ਪਾ ਰਿਹਾ ਹੈ।

1.6.3 ਮਨੁੱਖਵਾਦੀ ਥੈਰਾਪੀ (Humanistic Therapy)

ਮਨੁੱਖਵਾਦੀ ਮਨੋਵਿਗਿਆਨ ਦੇ ਖੇਤਰ ਵਿਚ ਰੋਜਰਜ ਨੇ ਲੋਕਾਂ ਨੂੰ ਸੰਭਾਵਕਤਾ ਸ਼ਕਤੀ ਨੂੰ ਪਹਿਚਾਣਨ ਲਈ ਇਕ ਥੈਰਾਪੀ ਦਿਤੀ ਜਿਹੜੀ ਬਹੁਤ ਪ੍ਰਸਿਧ ਹੋਈ ਸੀ; ਜਿਸ ਨੂੰ ਗਾਹਕ ਕੇਂਦਰਿਤ ਥੈਰਾਪੀ (client-centered therapy) ਕਿਹਾ ਗਿਆ ਹੈ। ਇਹ ਮਨੁੱਖਵਾਦੀ ਥੈਰਾਪੀ ਹੈ। ਰੋਜਰਜ ਦਾ

ਵਿਸ਼ਵਾਸ ਸੀ ਕਿ ਚਕਿਸਤਕ ਮਾਹਿਰ ਲੋਕਾਂ ਦੀ ਆਪਣੀ ਅੰਦਰੂਨੀ ਸਵੈ ਨਾਲ ਤਾਲ ਮੇਲ ਰਖ ਕੇ ਆਪਦੀਆਂ ਸਚੀਆਂ ਭਾਵਨਾਵਾਂ ਅਤੇ ਇਨ੍ਹਾਂ ਨੂੰ ਪ੍ਰਗਟ ਕਰਨ ਲਈ ਬਿਨਾ ਸੋਚੇ ਕਿ ਦੂਜੇ ਲੋਕ ਕੀ ਕਹਿਣਗੇ ਸਿੱਖ ਸਕਦੇ ਹਨ। ਰੋਜਰਜ ਅਨੁਸਾਰ ਜਿਹੜਾ ਵਿਅਕਤੀ ਥੈਰਾਪੀ ਚਾਹੁੰਦਾ ਹੈ; ਉਸਨੂੰ ਗਾਹਕ ਕਿਹਾ ਜਾਂਦਾ ਹੈ; ਰੋਗੀ ਨਹੀਂ। ਉਹ ਆਪਣਾ ਇਲਾਜ ਖੁਦ ਢੂੰਡੇਗਾ ਅਤੇ ਆਪ ਹੀ ਜ਼ਿੰਮੇਵਾਰ ਹੋਵੇਗਾ। ਚਕਿਤਸਕ ਮਾਹਿਰ ਆਪਣੇ ਗਾਹਕ ਤੇ ਕੋਈ ਚੀਜ਼ ਨਹੀਂ ਥੋਪਦਾ, ਪਰੰਤੂ ਉਸਨੂੰ ਆਪਣੀਆਂ ਅੰਦਰੂਨੀ ਸ਼ਕਤੀਆਂ ਨੂੰ ਲੱਭਣ ਦਾ ਯਤਨ ਕਰਨ ਦੀ ਮਦਦ ਕਰਦਾ ਹੈ। ਉਹ ਕੇਵਲ ਅਜਿਹੀ ਸਥਿਤੀ ਪੈਦਾ ਕਰਦਾ ਹੈ ਜਿਸ ਰਾਹੀਂ, ਗਾਹਕ ਆਪਣੀ ਸਮੱਸਿਆ ਨੂੰ ਖੁਦ ਸੁਲਝਾਂਦਾ ਹੈ। ਉਹ ਆਪਣੇ ਬਾਰੇ ਆਪ ਹੀ ਫੈਸਲਾ ਕਰਦਾ ਹੈ ਜੋ ਉਸ ਨੂੰ ਲੋੜ ਹੁੰਦੀ ਹੈ। ਮਨੁੱਖਵਾਦੀ ਲੋਕਾਂ ਦੇ ਵਿਚਾਰ ਅਨੁਸਾਰ ਉਨ੍ਹਾਂ ਦੇ ਫੈਸਲੇ ਠੀਕ ਹੀ ਹੁੰਦੇ ਹਨ। ਇਸ ਥੈਰਾਪੀ ਵਿਚ ਗਾਹਕ ਦੀਆਂ ਭਾਵਨਾਵਾਂ ਅਤੇ ਕਾਰਜਾਂ ਨੂੰ ਪੂਰੀ ਪ੍ਰਵਾਨਗੀ ਅਤੇ ਇਜ਼ਤ ਦਿਤੀ ਜਾਂਦੀ ਹੈ। ਚਕਿਤਸਕ ਮਾਹਿਰ ਪੂਰੀ ਛਾਣ ਬੀਣ ਤੇ ਪੁਛਗਿਛ ਅਤੇ ਧਿਆਨ ਨਾਲ ਸੁਨਣ ਰਾਹੀਂ ਗਾਹਕ ਨੂੰ ਆਪਣੀਆਂ ਚੰਗੀਆਂ ਪ੍ਰਵਿਰਤੀਆਂ ਅਤੇ ਸੰਘਰਸ਼ ਨੂੰ ਪ੍ਰਗਟ ਕਰਨ, ਲੱਭਣ ਲਈ ਅਤੇ ਸਪਸ਼ਟ ਕਰਨ ਲਈ ਪੂਰੀ ਮਦਦ ਕਰਦਾ ਹੈ। ਹੌਲੀ ਹੌਲੀ ਗਾਹਕ ਆਪਣੇ ਆਪ ਹੀ ਭਾਵਾਤਮਕ ਤੌਰ ਤੇ ਗਲਬਾਤ ਕਰਨਾ ਸਿੱਖਦਾ ਹੈ ਅਤੇ ਉਹ ਅੰਦਰੂਨੀ ਤੰਦਰੁਸਤ ਰਿਸ਼ਤੇ ਬਣਾਨ ਤੇ ਟੀਚੇ ਤੇ ਪਹੁੰਚਣ ਦਾ ਯਤਨ ਕਰਦਾ ਹੈ।
ਰੋਜਰਜ਼ ਦਾ ਵਿਸ਼ਵਾਸ ਸੀ ਕਿ ਲੋਕ ਆਪਣੇ ਕਾਰਜਾਂ ਲਈ ਖੁਦ ਜ਼ਿੰਮੇਵਾਰ ਹੁੰਦੇ ਹਨ। ਭਾਵੇਂ ਇਹ ਠੀਕ ਹੈ ਕਿ ਗਾਹਕ ਚਕਿਤਸਕ ਸਲਾਹ ਲੈਣ ਤੋਂ ਮਹਿਰੂਮ ਰਹਿ ਜਾਂਦਾ ਹੈ; ਖਾਸ ਕਰਕੇ ਜਦੋਂ ਉਹ ਆਪਣੇ ਫੈਸਲੇ ਆਪ ਕਰਨ ਦੇ ਯੋਗ ਨਹੀਂ ਹੁੰਦਾ। ਪਰ ਰੋਜਰਜ਼ ਦਾ ਕਹਿਣਾ ਹੈ ਕਿ ਵਿਅਕਤੀ ਦੀ ਅੰਦਰੂਨੀ ਸਮਰਥਾ ਭਾਵ ਸਵੈ-ਵ੍ਰਿਧੀ ਅਤੇ ਸਵੈ-ਨਿਰਦੇਸ਼ਣ ਦੀਆਂ ਵਿਸ਼ੇਸ਼ਤਾਵਾਂ ਆਪਣੇ ਆਪ ਹੀ ਉਭਰ ਕੇ ਆਉਣਗੀਆਂ ਜੇ ਚਕਿਤਸਾ ਦਾ ਵਾਤਾਵਰਣ ਠੀਕ ਹੋਵੇਗਾ। ਜੇ ਇਨ੍ਹਾਂ ਵਿਚਕਾਰ ਚਕਿਤਸਾ ਮਾਹਿਰ ਦਖਲ ਅੰਦਾਜ਼ੀ ਕਰੇਗਾ; ਤਾਂ ਇਨ੍ਹਾ ਦੇ ਵਿਕਾਸ ਦੀ ਕ੍ਰਿਆ ਵਿਚ ਰੁਕਾਵਟ ਪੈਦਾ ਹੋ ਜਾਵੇਗੀ; ਭਾਵੇਂ ਵਿਅਕਤੀ ਨੂੰ ਥੋੜੇ ਸਮੇਂ ਲਈ ਮਾਹਿਰ ਵਲੋਂ ਰਾਹਤ ਮਿਲੇਗੀ।

1.6.4 ਮਨੁੱਖਵਾਦ ਦ੍ਰਿਸ਼ਟੀਕੋਣ ਦੇ ਮੂਲ ਤੱਤ (Basic of Humanistic Model)

ਮਨੁੱਖਵਾਦੀ ਮੱਤ ਦੇ ਕੁਝ ਨਿਯਮ ਪਹਿਚਾਣੇ ਗਏ ਹਨ। ਜਿਹੜੇ ਹੇਠਾਂ ਦਿੱਤੇ ਜਾ ਰਹੇ ਹਨ :-

1.6.4.1 ਸਵੈ-ਇਕਰੂਪ ਵਿਸ਼ਾ ਵਸਤੂ (Self-unifying Theme) :

ਵਿਲੀਅਮ ਜੇਮਜ਼ (William James) ਨੇ ਆਪਣੀ ਪਹਿਲੀ ਪੁਸਤਕ ਜਿਹੜੀ 1890 ਵਿਚ ਛਪੀ, ਵਿਚ ਸਵੈ (ਹਉਮੈ) ਦੀ ਸੁਚੇਤਤਾ ਤੇ ਵਿਚਾਰ ਕੀਤਾ। ਬਾਅਦ ਵਿਚ ਵਿਵਹਾਰਵਾਦੀਆਂ ਨੇ ਇਸ ਸੰਕਲਪ ਨੂੰ ਛੱਡ ਦਿਤਾ ਕਿਉਂਕਿ ਬਾਹਰੋਂ ਇਸ ਦਾ ਪ੍ਰੇਖਣ ਨਹੀਂ ਹੋ ਸਕਦਾ। ਉਨ੍ਹਾਂ ਨੇ ਬਾਅਦ ਵਿਚ ਮਨੁੱਖੀ ਵਿਵਹਾਰ ਦੇ ਗਿਆਨਾਤਮਕ ਪੱਖ ਨੂੰ ਅਧਿਐਨ ਕਰਨਾ ਸ਼ੁਰੂ ਕੀਤਾ। ਪਰੰਤੂ ਮਨੁੱਖਵਾਦੀਆਂ ਨੇ 1950-1960 ਵਿਚ ਸਵੈ ਦੇ ਸੰਕਲਪ ਨੂੰ ਦ੍ਰਿਸ਼ਟੀਗੋਚਰ ਕੀਤਾ। ਸਵੈ ਨੂੰ ਮਨੁੱਖੀ ਤਜਰਬੇ ਦੇ ਅੰਦਰੂਨੀ ਤੇ ਬਾਹਰੀ ਇਕਰੂਪ ਕਾਰਕ ਸਮਝਿਆ ਗਿਆ। ਸਵੈ ਦਾ ਸੰਕਲਪ ਈਗੋ ਦੇ ਸੰਕਲਪ ਨਾਲ ਮਿਲਦਾ ਜੁਲਦਾ ਹੈ। ਹਰੇਕ ਵਿਅਕਤੀ ਦਾ ਅਨੋਖਾ ਤਜਰਬਾ ਹੋਣ ਕਾਰਨ ਸਵੈ ਦਾ ਸੰਕਲਪ ਵੀ ਬਦਲ ਜਾਂਦਾ ਹੈ, ਇਸ ਲਈ ਵਿਅਕਤੀ ਦੀ ਵਿਅਕਤੀਮਹੱਤਤਾ ਤੇ ਜ਼ੋਰ ਪਾਇਆ ਜਾਂਦਾ ਹੈ; ਭਾਵੇਂ ਵਿਅਕਤੀ ਮਹੱਤਤਾ ਲਈ ਜੀਵਕ ਪੱਖ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ।
ਮਨੁੱਖਵਾਦੀ ਮਨੋ ਵਿਗਿਆਨੀਆਂ ਵਲੋਂ ਕਾਰਲ ਰੋਜਰਜ਼ ਨੇ ਮਨੋ ਚਕਿਸਤਕ ਖੇਤਰ ਵਿਚ ਸਵੈਸਿੰਕਲਪ ਦਾ ਨਿਯਮਿਤ ਤੌਰ ਤੇ ਸੂਤਰੀਕਰਣ ਕੀਤਾ ਹੈ। ਰੋਜਰਜ਼ ਨੇ ਆਪਣੇ ਸੁਝਾਉ ਕਥਨ ਕੀਤੇ ਹਨ ਜਿਹੜੇ ਇੰਜ ਹਨ:-

(i) ਇਕ ਵਿਅਕਤੀ ਆਪਣੇ ਤਜ਼ਰਬੇ ਦੀ ਪ੍ਰਾਈਵੇਟ ਜ਼ਿੰਦਗੀ ਵਿਚ ਰਹਿੰਦਾ ਹੈ ਜਿਥੇ ਮੈਂ, ਮੇਰਾ, ਮੈਂ ਹੀ ਹਾਂ, ਆਦਿ ਕੇਂਦਰਿਤ ਹੁੰਦੇ ਹਨ।

(ii) ਵਿਅਕਤੀ ਦਾ ਸਭ ਤੋਂ ਜ਼ਿਆਦਾ ਯਤਨ ਸਵੈ ਦੀ ਉੱਚਤਤਾ ਨੂੰ ਪ੍ਰਾਪਤ ਕਰਨਾ, ਬਰਕਰਾਰ ਰਖਣਾ ਅਤੇ ਫਿਰ ਉਸ ਨੂੰ ਵਧਾਉਂਦਾ ਹੈ।

(iii) ਇਕ ਵਿਅਕਤੀ ਆਪਣੇ ਸਵੈ-ਸੰਕਲਪ ਦੀ ਇਕਸਾਰਤਾ ਅਤੇ ਸੰਸਾਰ ਦੇ ਵਿਚਾਰ ਅਨੁਸਾਰ ਸਥਿਤੀ ਦਾ ਪ੍ਰਤੱਖਣ ਕਰਦਾ ਹੈ।

(iv) ਸਵੈ ਨੂੰ ਪ੍ਰਤਖਣ ਖਤਰਿਆਂ ਤੋਂ ਬਣਾਉਣ ਲਈ ਉਹ ਸਵੈ-ਸੁਰਖਿਆ ਨੀਤੀਆਂ ਅਪਣਾਉਂਦਾ ਹੈ।

(v) ਇਕ ਵਿਅਕਤੀ ਦੇ ਸਾਧਾਰਣ ਹਾਲਤਾਂ ਵਿਚ ਸੰਪੂਰਨਤਾ ਵਲ ਅੰਦਰੂਨੀ ਝੁਕਾਉ ਹੁੰਦੇ ਹਲ ਅਤੇ ਉਹ ਤਰਕਪੂਰਣ ਤੇ ਉਸਾਰੂ ਢੰਗ ਨਾਲ ਸਵੈ ਨੂੰ ਵਰਤਦਾ ਹੈ ਅਤੇ ਉਹ ਸਵੈ-ਵ੍ਰਿਧੀ ਅਤੇ ਸਵੈ-ਉਚਤਮ ਵਲ ਲੈ ਜਾਂਦਾ ਹੈ।

ਮਨੁੱਖਵਾਦੀ ਮਨੋ ਵਿਗਿਆਨੀ ਵਿਅਕਤੀ ਮਹੱਤਤਾ ਦੀ ਮਹੱਤਤਾ ਤੇ ਜ਼ੋਰ ਦੇਂਦੇ ਹਨ ਜਦ ਉਹ ਸਵੈ ਦਾ ਮੁੱਖ ਵਿਸ਼ਾ ਲਾਗੂ ਕਰਦੇ ਹਨ। ਮੁਲਾਂਕਣ ਤੇ ਸਿੱਖਣ ਦੀ ਮਨੁੱਖੀ ਸੰਭਾਵਕਤਾ-ਸ਼ਕਤੀ ਕਾਰਨ ਅਤੇ ਜੀਵਾਂ ਵਿਚ ਵਿਚੱਲਣ ਕਰਕੇ ਹਰੇਕ ਮਨੁੱਖੀ ਜੀਵ ਵਚਿਤਰ ਹੁੰਦਾ ਹੈ।

1.6.4.2 ਮੁੱਲਾਂ ਅਤੇ ਨਿਜੀ ਵ੍ਰਿਧੀ ਤੇ ਜ਼ੋਰ (Focus on values and personal growth)

ਦੂਜਾ ਨਿਯਮ ਜਿਹੜਾ ਜ਼ਰੂਰੀ ਹੈ ਉਹ ਹੈ ਕੀਮਤਾਂ ਕਦਰਾਂ ਤੇ ਮੁੱਲਾਂ ਦੀ ਪ੍ਰਣਾਲੀ ਅਤੇ ਨਿਜੀ ਵਿਧੀ ਲਈ ਹਰੇਕ ਵਿਅਕਤੀ ਲਈ ਮੁੱਲਾਂ ਦੀ ਚੋਣ ਕਰਨੀ ਮਨੁੱਖਵਾਦੀ ਮਨੋਵਿਗਿਆਨੀਆਂ ਮੁੱਲਾਂ ਤੇ ਕੀਮਤਾਂ ਕਦਰਾਂ ਤੇ ਬਹੁਤ ਜ਼ੋਰ ਦੇਂਦੇ ਹਨ। ਉਹ ਸਾਡੇ ਵਿਵਹਾਰ ਦੀ ਅਗਵਾਈ ਕਰਨ ਵਿਚ ਮੁੱਲਾਂ ਦੀ ਚੋਣ ਦੀ ਪ੍ਰਕ੍ਰਿਆ ਤੇ ਧਿਆਨ ਦਿਤਾ ਹੈ; ਤਾਂ ਜੋ ਵਿਅਕਤੀ ਅਰਥਪੂਰਣ ਅਤੇ ਖੁਸ਼ੀ ਭਰਪੂਰ ਜ਼ਿੰਦਗੀ ਨੂੰ ਪ੍ਰਾਪਤ ਕਰਨ ਦੇ ਯੋਗ ਹੋ ਸਕਣ। ਉਹ ਸਮਝਦੇ ਹਨ ਕਿ ਅਸੀਂ ਦੂਜਿਆਂ ਦੀਆਂ ਕੀਮਤਾਂ ਕਦਰਾਂ ਨੂੰ ਸਵੀਕਾਰ ਕਰਨ ਦੀ ਬਜਾਏ ਆਪਣੇ ਤਜ਼ਰਬਿਆਂ ਦੇ ਆਧਾਰ ਤੇ ਮੁੱਲਾਂ ਦਾ ਮੁਲਾਂਕਣ ਕਰਦੇ ਹਾਂ ਅਤੇ ਉਨ੍ਹਾਂ ਦਾ ਵਿਕਾਸ ਕਰਦੇ ਹਾਂ। ਸਾਨੂੰ ਆਪਣੇ ਆਪ ਦਾ ਮੁਲਾਂਕਣ ਕਰਨ ਲਈ ਆਪਣੀ ਪਹਿਚਾਣ ਦੀ ਸਪਸ਼ਟਤਾ ਹੋਣੀ ਚਾਹੀਦੀ ਹੈ – ਇਸ ਦੀ ਪਹਿਚਾਣ ਕਰਨੀ ਕਿ ਅਸੀਂ ਕੀ ਬਣਨਾ ਚਾਹੁੰਦਾ ਹਾਂ ਅਤੇ ਕਿਉਂ। ਇਸ ਤਰ੍ਹਾਂ ਹੀ ਅਸੀਂ ਸਵੈ-ਵਿਧੀ (Self-actualisation) ਵੱਲ ਜਾ ਸਕਦੇ ਹਾਂ ਕਿਉਂਕਿ ਸਾਡੇ ਸਭ ਵਿਚ ਸੰਭਵਾਕਤਾ ਸ਼ਕਤੀ ਪ੍ਰਾਪਤ ਹੁੰਦੀ ਹੈ।

ਮਨੁੱਖਵਾਦੀ ਵਿਚਾਰ ਅਨੁਸਾਰ ਮਨੋਰੋਗ ਨਿਜੀ ਵਿਧੀ ਅਤੇ ਸਰੀਰਕ ਤੇ ਮਾਨਸਿਕ ਸਿਹਤ ਵਿਚ ਕੁਦਰਤੀ ਤੌਰ ਤੇ ਰੁਕਾਵਟ ਪੈਦਾ ਕਰਦੀ ਹੈ। ਇਹ ਵਿਗਾੜ ਇਕ ਜਾਂ ਕਈ ਹੋਰ ਕਾਰਨਵਾਦੀ ਕਾਰਜਾਂ ਦੇ ਨਤੀਜੇ ਵਜੋਂ ਵੀ ਹੋ ਸਕਦੀ ਹੈ। ਉਦਾਹਰਣ ਵਜੋਂ : (i) ਈਗੋ-ਸੁਰਖਿਅਤਾ ਦੀ ਜ਼ਿਆਦਾ ਵਰਤੋਂ ਕਰਕੇ ਜਦੋਂ ਵਿਅਕਤੀ ਯਥਾਰਥ ਤੋਂ ਬਹੁਤ ਜ਼ਿਆਦਾ ਹੱਟ ਜਾਂਦਾ ਹੈ। ਮੈਂ ਅਣਅਨੁਕੂਲਨ ਸਮਾਜਿਕ ਹਾਲਤਾਂ ਅਤੇ ਨੁਕਸਾਨ ਵਾਲੇ ਰਿਸ਼ਤੇ (ii) ਬਹੁਤ ਜ਼ਿਆਦਾ ਤਣਾਉ।

1.6.4.3 ਮਨੁੱਖੀ ਸੁਭਾਵ ਅਤੇ ਸੰਭਾਵਕਤਾ ਸ਼ਕਤੀ ਦਾ ਸਾਰਥਕ ਪੱਖ (Positive view of Human nature and potential)

ਮਨੋ ਵਿਸ਼ਲੇਸ਼ਣ ਤੇ ਵਿਵਹਾਰਿਕ ਦ੍ਰਿਸ਼ਟੀਕੋਣ ਦੀ ਉਲਟ, ਮਨੁੱਖਵਾਦੀ ਪ੍ਰਸਤਾਵ ਮਨੁੱਖੀ ਸੁਭਾਓ ਅਤੇ ਸੰਭਾਵਕਤਾ ਸ਼ਕਤੀ ਦਾ ਸਾਰਥਕ ਪੱਖ ਲੈਂਦਾ ਹੈ। ਪੁਰਾਣੇ ਜਮਾਨੇ ਤੋਂ ਹੀ ਹਿੰਸਾ, ਲੜਾਈ ਅਤੇ ਜ਼ੁਲਮਪੁਣੇ ਦੀਆਂ ਉਦਾਹਰਨਾਂ ਹੋਣ ਦੇ ਬਾਵਜੂਦ ਮਨੁੱਖਵਾਦੀ ਮਨੋਵਿਗਿਆਨੀ ਇਸ ਨਤੀਜੇ ਤੇ ਪਹੁੰਚੇ ਹਨ ਕਿ ਮਨੁੱਖ ਅਨੁਚਿਤ ਹਾਲਤਾਂ ਵਿਚ ਮਿੱਤਰਤਾ, ਸਹਿਯੋਗੀ ਅਤੇ ਸਿਰਜਣਾਤਮਕ ਬਣ ਜਾਂਦਾ ਹੈ। ਸਵਾਰਥ ਪੁਣਾ, ਹਿੰਸਾ, ਹਮਲਾ ਅਤੇ ਜ਼ੁਲਮ ਡੋਗੀ ਵਿਵਹਾਰ ਦੀਆਂ ਨਿਸ਼ਾਨੀਆਂ ਹਨ ਜਿਹੜੀਆਂ ਮੁਢਲੇ ਮਨੁੱਖੀ ਸੁਭਾਅ ਦੇ ਵਿਗੜੇ ਤੇ ਵਿਸ਼ਾ ਦੀ ਸਥਿਤੀ ਦੇ ਨਤੀਜੇ ਵਜੋਂ ਪੈਦਾ

ਹੁੰਦੀਆਂ ਹਨ ਅਤੇ ਇਹ ਜ਼ਿੰਦਗੀ ਦੀਆਂ ਤਣਾਉ ਵਾਲੀਆਂ ਸਥਿਤੀਆਂ ਤੋਂ ਪੈਦਾ ਹੁੰਦੇ ਹਨ। ਭਾਵ ਲੋਕ ਗਲਤ ਸੂਚਨਾ ਪ੍ਰਾਪਤ ਕਰਨ ਉਪਰੰਤ ਗੁਮਰਾਹ ਪੈ ਜਾਂਦੇ ਹਨ ਅਤੇ ਉਹ ਸਮਾਜਿਕ ਤੇ ਆਰਥਿਕ ਤੋਰ ਤੇ ਵਾਂਝੇ ਰਹਿਣ ਨਾਲ ਜ਼ਿੰਦਗੀ ਨੂੰ ਗੰਭੀਰਤਾ ਨਾਲ ਲੈਂਦੇ ਹਨ, ਪਰ ਤਾਂ ਵੀ ਉਹ ਤਰਕ ਪੂਰਣ ਜੀਵ ਹਨ। ਬਹੁਤ ਸਾਰੇ ਆਪਣੇ ਤਜਰਬਿਆਂ ਤੋਂ ਸਿਖਦੇ ਹਨ; ਠੀਕ ਢੰਗ ਨਾਲ ਕਾਰਜ ਕਰਦੇ ਤੇ ਸੋਚਦੇ ਹਨ ਅਤੇ ਉਹ ਕੁਝ ਨਿਯਮਾਂ ਤੇ ਮਾਣਕਾਂ ਨੂੰ ਅਪਣਾਂਦੇ ਹਨ ਜਿਹੜੇ ਉਹ ਸਮਝਦੇ ਹਨ ਕਿ ਇਹ ਠੀਕ ਹਨ। ਇਸ ਵਿਚਾਰ ਅਨੁਸਾਰ ਹਨ ਜਿਹੜੇ ਉਹ ਸਮਝਦੇ ਹਨ ਕਿ ਇਹ ਠੀਕ ਹਨ। ਇਸ ਵਿਚਾਰ ਅਨੁਸਾਰ ਮਨੁੱਖੀ ਜੀਵ ਜ਼ਿੰਦਗੀ ਵਿਚ ਚੁਸਤ ਭਾਗੀਵਾਲ ਬਣ ਜਾਂਦੇ ਹਨ; ਆਜ਼ਾਦ ਖਿਆਲਾਂ ਦੇ ਮਾਲਕ ਹੁੰਦੇ ਹਨ ਅਤੇ ਉਹ ਆਪਣੀ ਕਿਸਮਤ ਨੂੰ ਢਾਲਦੇ ਅਤੇ ਨਾਲ ਹੀ ਆਪਣੇ ਸਮਾਜਿਕ ਗਰੁਹ ਦਾ ਵਿਕਾਸ ਵੀ ਕਰਦੇ ਹਨ।

ਉਪਰ ਦੱਸੇ ਨੁਕਤਿਆਂ ਤੋਂ ਇਹ ਪਤਾ ਲਗਦਾ ਹੈ ਕਿ ਮਨੁੱਖਵਾਦੀ ਮਾਡਲ ਸਵੈ-ਸੰਕਲਪ, ਸਵੈ-ਪਹਿਚਾਣ ਅਤੇ ਸਵੈ-ਪੂਰਤਾ ਨੂੰ ਮਹੱਤਤਾ ਦੇਂਦਾ ਹੈ। ਇਹ ਮਨੁੱਖੀ ਜੀਵ ਦੀ ਅਨੂਪਤਾ (ਅਣੋਖਾਪਣ) ਅਤੇ ਵਿਅਕਤੀਗਤਤਾ ਨੂੰ ਮਾਨਣ ਦੇਂਦਾ ਹੈ ਅਤੇ ਵਿਅਕਤੀਤਵ ਵਿਕਾਸ ਲਈ ਨਿਜੀ ਤਜ਼ਰਬਿਆਂ ਅਤੇ ਗੱਲਾਂ ਨੂੰ ਬਿਨਾਂ ਪਰਖੇ ਬਿਨਾਂ ਤੇ ਦੂਜਿਆਂ ਵਲੋਂ ਮੁਲਾਂਕਣ ਕਰਨ ਦੀ ਥਾਂ ਤੇ ਆਪਣੀਆਂ ਕੀਮਤਾਂ ਕਦਰਾਂ ਦਾ ਵਿਕਾਸ ਕਰਨ ਦਾ ਆਧਾਰ ਸਮਝਦਾ ਹੈ। ਉਹ ਇਕ ਚੰਗਾ ਸਮਾਜਿਕ ਅਤੇ ਚੰਗਾ ਵਿਅਕਤੀ ਪੈਦਾ ਕਰਨ ਤੇ ਜ਼ੋਰ ਦੇਂਦੇ ਹਨ ਕਿਉਂਕਿ ਮਨੁੱਖੀ ਵਿਅਕਤਿਤਵ ਦਾ ਅਨੁਕੂਲ ਹਾਲਤਾਂ ਵਿਚ ਸਵੈ-ਵਿਦਸਰਨ ਹੋਣਾ ਸੰਭਵ ਹੋ ਸਕਦਾ ਹੈ।

1.6.5 ਮਨੁੱਖਵਾਦੀ ਦ੍ਰਿਸ਼ਟੀਕੋਣ ਦਾ ਪ੍ਰਭਾਵ (Impact of Humanistic Model)

ਮਨੁੱਖਵਾਦੀ ਦ੍ਰਿਸ਼ਟੀਕੋਣ ਦਾ ਜ਼ਿਆਦਾ ਪ੍ਰਭਾਵ ਮਨੁੱਖੀ ਜੀਵ ਦੇ ਤੌਰ ਤੇ ਪੂਰੇ ਕਾਰਜਾਂ ਦੀ ਸਮਰਥਾ ਤੇ ਜ਼ੋਰ ਪਾਉਣਾ ਹੈ। ਦਰਅਸਲ ਇਸ ਵਿਚਾਰਧਾਰਾ ਨੇ ਅਸਾਧਾਰਣ ਵਿਵਹਾਰ ਬਾਰੇ ਸਾਡੀ ਸੋਚ ਵਿਚ ਨਵਾਂ ਮੋੜ ਲਿਆਂਦਾ ਹੈ। ਮਨੁੱਖੀ ਜੀਵ ਵਿਚ ਅਸਾਧਾਰਣ ਹੋਣ ਦੇ ਨਾਤੇ ਸਾਡੀ ਬਹੁਤ ਜ਼ਿਆਦਾ ਸੰਭਾਵਕਤਾ-ਸ਼ਕਤੀ ਦੇ ਵਿਕਾਸ ਕਰਨ ਵਿਚ ਅਸਫਲਤਾ ਵੀ ਸਮਝੀ ਗਈ ਹੈ ਕਿਉਂਕਿ ਇਸ ਕਾਰਨ ਮਾਨਸਿਕ ਸਿਹਤ ਅਤੇ ਨਿਜੀ ਵਿਧੀ ਵਿਚ ਰੁਕਾਵਟ ਅਤੇ ਵਿਗਾੜ ਪੈਦਾ ਹੁੰਦੇ ਹਨ। ਮੈਸਲੋ ਨੇ ਸਾਧਾਰਣ ਵਿਅਕਤੀ ਦੀ ਮਨੋਰੋਗਮਈ ਸਥਿਤੀ ਬਾਰੇ ਚਿੰਤਾ ਪ੍ਰਗਟ ਕੀਤੀ ਹੈ। ਬਹੁਤ ਸਾਰੇ ਸਾਧਾਰਣ ਵਿਅਕਤੀ ਆਪਣੀ ਸੰਭਾਵਕਤਾ ਸ਼ਕਤੀ ਨੂੰ ਲਭਣ ਵਿਚ ਅਸਫਲਤਾ ਹੋਣ ਕਾਰਨ ਮਾਯੂਸ, ਨ-ਖੁਸ਼ ਅਤੇ ਨਾਰਾਜ਼ ਹੋ ਜਾਂਦੇ ਹਨ।

ਇਸ ਵਿਚਾਰਧਾਰਾ ਅਨੁਸਾਰ ਮਨੁਖਵਾਦੀ ਥੈਰਾਪੀ ਦਾ ਮੰਤਵ ਇਕ ਵਿਅਕਤੀ ਨੂੰ ਅਪਸਅਯੋਜਨ ਤੋਂ ਸਮਾਯੋਜਨ ਵਲ ਲਿਆਉਣਾ ਨਹੀਂ, ਪਰੰਤੂ ਸਮਾਜਿਕ ਉਸਾਰੂ ਜ਼ਿੰਦਗੀ ਪੈਦਾ ਕਰਨ ਵਿਚ ਹੈ। ਆਸ ਕੀਤੀ ਜਾਂਦੀ ਹੈ ਕਿ ਮਨੁਖਵਾਦੀ ਮਨੋਵਿਗਿਆਨੀ ਨਿਜੀ ਵਿਧੀ ਨੂੰ ਵਧਾਉਣ, ਸੰਤੁਸ਼ਟਤਾ ਵਾਲੇ ਸੰਬੰਧ ਬਣਾਉਣ ਅਤੇ ਸਮੱਸਿਆਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਜਿਠਣ ਅਤੇ ਤਕਲੀਫਾਂ ਨੂੰ ਦੂਰ ਕਰਨ ਵਿਚ ਦਿਲਚਸਪੀ ਰੱਖਦੇ ਹਨ। ਪਰੰਤੂ ਇਸ ਮੱਤ ਦੀ ਆਲੋਚਨਾ ਵੀ ਕੀਤੀ ਗਈ ਹੈ ਕਿ ਇਸ ਵਿਚ ਵਿਗਿਆਨ ਛੁਹ ਨਹੀਂ ਹੈ। ਇਹ ਖੋਜੀ ਤੱਥਾਂ ਤੇ ਸਬੂਤਾਂ ਤੇ ਆਧਾਰਿਤ ਨਹੀਂ ਹੈ। ਕੁਝ ਵਿਗਿਆਨੀ ਤੇ ਮਾਹਿਰ ਇਸ ਮੱਤ ਤੇ ਬਹੁਤ ਉਮੀਦਾਂ ਲਾਏ ਬੈਠੇ ਸਨ; ਜਿਹੜੀਆਂ ਉਨ੍ਹਾਂ ਅਨੁਸਾਰ ਪੂਰੀਆਂ ਨਹੀਂ ਹੋਂਦੀਆਂ। ਪਰੰਤੂ ਇਸ ਦ੍ਰਿਸ਼ਟੀਕੋਣ ਦੇ ਵਿਚਾਰਾਂ ਵਿਚ ਵੰਗਾਰ ਜ਼ਰੂਰ ਹੈ ਅਤੇ ਦੂਜਿਆਂ ਨੂੰ ਚੁਣੌਤੀ ਦੇਂਦੇ ਹਨ।

ਕਈ ਮਨੋਵਿਗਿਆਨੀਆਂ ਨੇ ਤਾਂ ਮਨੁੱਖਵਾਦੀ ਸ਼ਬਦ ਵਰਤਣ ਲਈ ਵੀ ਇਤਰਾਜ਼ ਕੀਤਾ ਹੈ, ਵਿਸ਼ੇਸ਼ ਤੌਰ ਤੇ ਇਸ ਦੀ ਥੈਰਾਪੀ ਦੇ ਸੰਦਰਭ ਵਿਚ ਕਿਉਂਕਿ ਇਸ ਦਾ ਅਰਥ ਇਹ ਲਿਆ ਜਾਵੇਗਾ ਕਿ ਦੂਜੇ ਵਿਚਾਰਧਾਰਾ ਦੇ ਮਨੋਵਿਗਿਆਨੀ ਘਟੀਆ ਸਮਝੇ ਜਾਣਗੇ। ਮਨੋਵਿਗਿਆਨੀ ਦੇ ਸਾਰੇ ਮੱਤਾਂ ਦਾ ਮੰਤਵ ਲੋਕਾਂ ਨੂੰ ਖੁਸ਼ ਰਖਣਾ, ਮਨੁੱਖੀ ਭਲਾਈ ਅਤੇ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਬਣਾਨ ਲਈ ਸਹਾਇਤਾ

ਕਰਨਾ ਹੈ। ਇਸ ਲਈ ਸਾਰੀਆਂ ਵਿਚਾਰਧਾਰਾ ਮਨੁੱਖਵਾਦੀ ਹਨ ਕਿਉਂਕਿ ਸਭ ਦਾ ਉਦੇਸ਼ ਮਨੁੱਖੀ ਵਿਵਹਾਰ ਵਿਚ ਤਬਦੀਲੀ ਲਿਆਉਣ ਹੈ ਅਤੇ ਸਿੱਖਣ ਦੀ ਮਹੱਤਤਾ ਨੂੰ ਪਹਿਚਾਣਦਾ ਹੈ।

ਉਪਰ ਦਿੱਤੀ ਸਾਰੀ ਦਲੀਲ ਦੇ ਬਾਅਦ ਵਿਚ ਕਿਹਾ ਜਾ ਸਕਦਾ ਹੈ ਕਿ ਮਨੁੱਖਵਾਦੀ ਪ੍ਰਸਤਾਵ ਸਿੱਖਣ ਅਤੇ ਹੋਰ ਮਨੋਵਿਗਿਆਨੀ ਪ੍ਰਕ੍ਰਿਆ ਦੀ ਮਹੱਤਤਾ ਨੂੰ ਪਹਿਚਾਣਦਾ ਹੈ; ਜਿਹੜੇ ਮਨੋਵਿਗਿਆਨੀਆਂ ਦੀ ਖੋਜ ਦਾ ਕੇਂਦਰ ਬਣੇ। ਇਹ ਮੱਤ ਮਨੁੱਖ ਦੇ ਭਵਿਖਕਾਲ ਨਾਲ ਸੰਬੰਧਤ ਹੈ; ਨਾ ਕਿ ਭੂਤਕਾਲ ਨਾਲ। ਪਰੰਤੂ ਇਹ ਵਿਚਾਰਧਾਰਾ ਉਨ੍ਹਾਂ ਪ੍ਰਕ੍ਰਿਆ ਨਾਲ ਸੰਬੰਧ ਹੈ ਜਿਸਦੀ ਅਜਿਹੇ ਵਿਗਿਆਨ ਸੂਚਨਾ ਨਹੀਂ ਮਿਲ ਸਕੀ; ਜਿਵੇਂ ਪਿਆਰ, ਆਸ, ਸਿਰਜਣਾ, ਕੀਮਤਾਂ ਕਦਰਾਂ, ਅਰਥਪੂਰਣ ਤੇ ਨਿਜੀ ਵਿਧੀ ਅਤੇ ਸਵੈ ਪ੍ਰਗਤਾ (Self-fulfillment)। ਇਨ੍ਹਾਂ ਲਈ ਵਿਗਿਆਨਕ ਸਬੂਤ ਘਟ ਹੀ ਮਿਲਦੇ ਹਨ; ਪਰੰਤੂ ਬਹੁਤ ਸਾਰੇ ਮਨੋਵਿਗਿਆਨੀ ਮਹਿਸੂਸ ਕਰਦੇ ਹਨ ਕਿ ਆਧੁਨਿਕ ਮਨੋਵਿਗਿਆਨੀ ਨੇ ਅਜ ਤਕ ਮਨੁੱਖੀ ਹੋਂਦ ਦੀਆਂ ਸਮੱਸਿਆ ਵਲ ਕੋਈ ਧਿਆਨ ਨਹੀਂ ਦਿੱਤਾ।

1.6.6 ਹੋਂਦਵਾਦੀ ਪ੍ਰਸਤਾਵ (Existential Approach)

ਮਨੁੱਖਵਾਦੀ ਵਿਚਾਰਧਾਰਾ ਅਮਰੀਕਾ ਦੇ ਮਾਨਸਿਕ ਸਿਹਤ ਦੇ ਦਾਇਰੇ ਵਿਚੋਂ ਉਪਜ ਦੇ ਆਇਆ ਅਤੇ ਇਹ ਹੋਂਦਵਾਦੀ ਪ੍ਰਸਤਾਵ ਨਾਲ ਮਿਲਦਾ ਜੁਲਦਾ ਹੈ, ਜਿਹੜਾ ਯੂਰਪ ਦੇ ਦਾਰਸ਼ਨਿਕ ਮਾਹਿਰਾਂ ਤੋਂ ਉਪਜਿਆ ਹੈ। ਹੋਂਦਵਾਦੀ ਪ੍ਰਸਤਾਵ ਨੇ ਘਟਨਾ-ਕ੍ਰਿਆ ਵਿਗਿਆਨ (Phenomenological) ਤੋਂ ਜਨਮ ਲਿਆ। ਲੋਕਾਂ ਦਾ ਘਟਨਾ-ਕ੍ਰਿਆ ਵਾਲਾ ਸੰਸਾਰ ਸਾਰੇ ਮਨੁੱਖਵਾਦੀਆਂ ਲਈ ਪ੍ਰਸਿੱਧਤਾ ਰੱਖਦਾ ਹੈ। ਉਹ ਸਾਨੂੰ ਸਭ ਨੂੰ ਅੰਦਰੂਨੀ ਹਵਾਲੇ ਦੇ ਚੋਖਟੇ ਵਿਚ ਸਮਝਦੇ ਹਨ, ਜਿਹੜਾ ਸਾਡੇ ਪਹਿਲੇ ਤਜਰਬਿਆਂ ਦੇ ਸੰਗ੍ਰਹਿ ਦਾ ਨਤੀਜਾ ਹੈ। ਇਸ ਕਰਕੇ ਅਸੀਂ ਸਾਰੇ ਹੀ ਇਕ ਦੂਜੇ ਤੋਂ ਆਲੌਕਿਕ ਹਾਂ ਅਤੇ ਬਾਅਦ ਵਿਚ ਸਾਨੂੰ ਆਪਣੇ ਬਾਰੇ ਸ਼ਦਰਈ ਦਾ ਪਤਾ ਲਗਦਾ ਹੈ। ਇਸ ਲਈ ਹਰੇਕ ਮਨੁੱਖੀ ਜੀਵ ਦੂਜੇ ਲੋਕਾਂ ਦੇ ਨਜ਼ਰੀਏ ਤੋਂ ਸੰਸਾਰ ਨੂੰ ਦੇਖਣ ਦਾ ਯਤਨ ਕਰਦਾ ਹੈ। ਵਿਵਹਾਰ ਦੀ ਬਾਹਰਲੇ ਉਤੇਜਨਾ ਦੀ ਥਾਂ ਤੇ ਅਨੁਭਵ ਕੀਤੇ ਗਏ ਉਤੇਜਨਾ ਰਾਹੀਂ ਨਿਗਰਾਨੀ ਕੀਤੀ ਜਾਂਦੀ ਹੈ। ਇਕ ਵਿਅਕਤੀ ਦੇ ਕਾਰਜ ਉਂਜ ਹੁੰਦੇ ਹਨ ਜਿਵੇਂ ਉਹ ਦੁਨੀਆਂ ਨੂੰ ਅਨੁਭਵ ਕਰਦਾ ਹੈ। ਇਸ ਲਈ ਮੰਤ ਨੂੰ ਘਟਨਾ-ਕ੍ਰਿਆ ਵਿਗਿਆਨ ਦਾ ਮਾਡਲ ਵੀ ਕਿਹਾ ਜਾਂਦਾ ਹੈ।

1.6.7 ਅੰਤਕਾ

ਇਕ ਵਿਅਕਤੀ ਆਪਣੇ ਕਾਰਜਾਂ ਨੂੰ ਚੁਣਨ ਲਈ ਅਤੇ ਨਿਰਧਾਰਣ ਕਰਨ ਲਈ ਆਜ਼ਾਦ ਹੈ। ਹਰੇਕ ਵਿਅਕਤੀ ਆਪਣੇ ਕਾਰਜਾਂ ਲਈ ਜ਼ਿੰਮੇਵਾਰ ਹੁੰਦਾ ਹੈ ਅਤੇ ਉਹ ਆਪਣੇ ਵਾਤਾਵਰਣ ਨੂੰ ਤੇ ਸਥਿਤੀ ਤੇ ਦੋਸ਼ ਨਹੀਂ ਲਗਾਂਦਾ ਜਾਂ ਉਹ ਕਰਦਾ ਹੈ। ਮਨੁਖਵਾਦ ਧਾਰਨਾ ਹੋਂਦਵਾਦੀ ਦਾਰਸ਼ਕਾਂ ਦੇ ਵਿਚਾਰਾਂ ਤੋਂ ਉਪਜਿਆ ਅਤੇ ਇਸ ਦਾ ਵਿਕਾਸ ਹੋਇਆ। ਇਸ ਮੱਤ ਵਿਚ ਮਨੁੱਖੀ ਲੱਛਣਾਂ ਤੇ ਜ਼ੋਰ ਪਾਇਆ ਜਾਂਦਾ ਹੈ; ਜਿਹੜੇ ਆਦਮੀ ਨੂੰ ਜਾਨਵਰਾਂ ਤੋਂ ਭਿੰਨ ਕਰਦੇ ਹਨ। ਇਹ ਲੱਛਣ ਮੁਢਲੇ ਤੌਰ ਤੇ ਸੁਤੰਤਰ ਇਛਾ (free will) ਅਤੇ ਨਿਜੀ-ਵਿਦਵਮਾਨ (self-actualization) ਵੱਲ ਲੈ ਜਾਂਦੇ ਹਨ। ਮਨੁੱਖਵਾਦੀ ਵਿਚਾਰਧਾਰਾ ਨੇ ਮਨੁੱਖ ਦੇ ਇਸ ਸੰਕਲਪ ਨੂੰ ਰੱਦ ਕੀਤਾ ਕਿ ਬਾਹਰਲੀ ਉਤੇਜਨਾ ਤੋਂ ਹੀ ਅਚੇਤਮਨ ਤੇ ਨਿਯੰਤਰਨ ਹੁੰਦੀ ਹੈ। ਉਹ ਆਦਮੀ ਨੂੰ ਇਕ ਐਕਟਰ ਦੇ ਤੌਰ ਤੇ ਦੇਖਦਾ ਹੈ, ਜਿਹੜਾ ਆਪਣੀ ਕਿਸਮਤ ਨੂੰ ਕੰਟਰੋਲ ਕਰ ਅਤੇ ਆਪਣੇ ਆਲੇ ਦੁਆਲੇ ਸੰਸਾਰ ਨੂੰ ਬਦਲਣ।

1.6.8 ਸ਼ਬਦਾਵਲੀ

ਮਨੁੱਖਵਾਦੀ ਥੈਰਾਪੀ (Humanistic Therapy)

ਮਨੁੱਖਵਾਦੀ ਮਨੋਵਿਗਿਆਨ ਦੇ ਖੇਤਰ ਵਿਚ ਰੋਜਰਜ ਨੇ ਲੋਕਾਂ ਨੂੰ ਸੰਭਾਵਕਤਾ ਸ਼ਕਤੀ ਨੂੰ ਪਹਿਚਾਣਨ ਲਈ ਇਕ ਥੈਰਾਪੀ ਦਿਤੀ ਜਿਹੜੀ ਬਹੁਤ ਪ੍ਰਸਿਧ ਹੋਈ ਸੀ; ਜਿਸ ਨੂੰ ਗਾਹਕ ਕੇਂਦਰਿਤ ਥੈਰਾਪੀ (client-centered therapy) ਕਿਹਾ ਗਿਆ ਹੈ। ਇਹ ਮਨੁੱਖਵਾਦੀ ਥੈਰਾਪੀ ਹੈ। ਰੋਜਰਜ ਦਾ ਵਿਸ਼ਵਾਸ ਸੀ ਕਿ ਚਕਿਸਤਕ ਮਾਹਿਰ ਲੋਕਾਂ ਦੀ ਆਪਣੀ ਅੰਦਰੂਨੀ ਸਵੈ ਨਾਲ ਤਾਲ ਮੇਲ ਰਖ ਕੇ ਆਪਦੀਆਂ ਸਚੀਆਂ ਭਾਵਨਾਵਾਂ ਅਤੇ ਇਨ੍ਹਾਂ ਨੂੰ ਪ੍ਰਗਟ ਕਰਨ ਲਈ ਬਿਨਾ ਸੋਚੇ ਕਿ ਦੂਜੇ ਲੋਕ ਕੀ ਕਹਿਣਗੇ ਸਿੱਖ ਸਕਦੇ ਹਨ। ਰੋਜਰਜ ਅਨੁਸਾਰ ਜਿਹੜਾ ਵਿਅਕਤੀ ਥੈਰਾਪੀ ਚਾਹੁੰਦਾ ਹੈ; ਉਸਨੂੰ ਗਾਹਕ ਕਿਹਾ ਜਾਂਦਾ ਹੈ; ਰੋਗੀ ਨਹੀਂ।

ਸਵੈ-ਇਕਰੂਪ ਵਿਸ਼ਾ ਵਸਤੂ (Self-unifying Theme) :

ਵਿਲੀਅਮ ਜੇਮਜ਼ (William James) ਨੇ ਆਪਣੀ ਪਹਿਲੀ ਪੁਸਤਕ ਜਿਹੜੀ 1890 ਵਿਚ ਛਪੀ, ਵਿਚ ਸਵੈ (ਹਉਮੈ) ਦੀ ਸੁਚੇਤਤਾ ਤੇ ਵਿਚਾਰ ਕੀਤਾ। ਬਾਅਦ ਵਿਚ ਵਿਵਹਾਰਵਾਦੀਆਂ ਨੇ ਇਸ ਸੰਕਲਪ ਨੂੰ ਛੱਡ ਦਿਤਾ ਕਿਉਂਕਿ ਬਾਹਰੋਂ ਇਸ ਦਾ ਪ੍ਰੇਖਣ ਨਹੀਂ ਹੋ ਸਕਦਾ। ਉਨ੍ਹਾਂ ਨੇ ਬਾਅਦ ਵਿਚ ਮਨੁੱਖੀ ਵਿਵਹਾਰ ਦੇ ਗਿਆਨਾਤਮਕ ਪੱਖ ਨੂੰ ਅਧਿਐਨ ਕਰਨਾ ਸ਼ੁਰੂ ਕੀਤਾ। ਪਰੰਤੂ ਮਨੁੱਖਵਾਦੀਆਂ ਨੇ 1950-1960 ਵਿਚ ਸਵੈ ਦੇ ਸੰਕਲਪ ਨੂੰ ਦ੍ਰਿਸ਼ਟੀਗੋਚਰ ਕੀਤਾ। ਸਵੈ ਨੂੰ ਮਨੁੱਖੀ ਤਜਰਬੇ ਦੇ ਅੰਦਰੂਨੀ ਤੇ ਬਾਹਰੀ ਇਕਰੂਪ ਕਾਰਕ ਸਮਝਿਆ ਗਿਆ। ਸਵੈ ਦਾ ਸੰਕਲਪ ਈਗੋ ਦੇ ਸੰਕਲਪ ਨਾਲ ਮਿਲਦਾ ਜੁਲਦਾ ਹੈ।

ਸਵੈ-ਵਿਧੀ (Self-actualisation)

ਸਾਨੂੰ ਆਪਣੇ ਆਪ ਦਾ ਮੁਲਾਂਕਣ ਕਰਨ ਲਈ ਆਪਣੀ ਪਹਿਚਾਣ ਦੀ ਸਪਸ਼ਟਤਾ ਹੋਣੀ ਚਾਹੀਦੀ ਹੈ - ਇਸ ਦੀ ਪਹਿਚਾਣ ਕਰਨੀ ਕਿ ਅਸੀਂ ਕੀ ਬਣਨਾ ਚਾਹੁੰਦਾ ਹਾਂ ਅਤੇ ਕਿਉਂ। ਇਸ ਤਰ੍ਹਾਂ ਹੀ ਅਸੀਂ ਸਵੈ-ਵਿਧੀ (Self-actualisation) ਵੱਲ ਜਾ ਸਕਦੇ ਹਾਂ ਕਿਉਂਕਿ ਸਾਡੇ ਸਭ ਵਿਚ ਸੰਭਵਾਕਤਾ ਸ਼ਕਤੀ ਪ੍ਰਾਪਤ ਹੁੰਦੀ ਹੈ।

ਮਨੁੱਖਵਾਦੀ ਵਿਚਾਰ ਅਨੁਸਾਰ ਮਨੋਰੋਗ ਨਿਜੀ ਵਿਧੀ ਅਤੇ ਸਰੀਰਕ ਤੇ ਮਾਨਸਿਕ ਸਿਹਤ ਵਿਚ ਕੁਦਰਤੀ ਤੌਰ ਤੇ ਰੁਕਾਵਟ ਪੈਦਾ ਕਰਦੀ ਹੈ। ਇਹ ਵਿਗਾੜ ਇਕ ਜਾਂ ਕਈ ਹੋਰ ਕਾਰਨਵਾਦੀ ਕਾਰਜਾਂ ਦੇ ਨਤੀਜੇ ਵਜੋਂ ਵੀ ਹੋ ਸਕਦੀ ਹੈ। ਉਦਾਹਰਣ ਵਜੋਂ : (i) ਈਗੋ-ਸੁਰਖਿਅਤਾ ਦੀ ਜ਼ਿਆਦਾ ਵਰਤੋਂ ਕਰਕੇ ਜਦੋਂ ਵਿਅਕਤੀ ਯਥਾਰਥ ਤੋਂ ਬਹੁਤ ਜ਼ਿਆਦਾ ਹੱਟ ਜਾਂਦਾ ਹੈ। ਮੈਂ ਅਣਅਨੁਕੂਲਨ ਸਮਾਜਿਕ ਹਾਲਤਾਂ ਅਤੇ ਨੁਕਸਾਨ ਵਾਲੇ ਰਿਸ਼ਤੇ (ii) ਬਹੁਤ ਜ਼ਿਆਦਾ ਤਣਾਉ।

1.6.9 ਹਵਾਲਾ ਪੁਸਤਕਾਂ

1. ਆਗਿਆਜੀਤ ਸਿੰਘ : ਅਸਾਧਾਰਣ ਮਨੋਵਿਗਿਆਨ - ਪੰਜਾਬੀ ਯੂਨੀਵਰਸਿਟੀ ਪਟਿਆਲਾ।
2. Carson, R.C. & Butcher, James N : Abnormal Psychology and Modern Life. Harper Collins Publication, New York.
3. Davison, G.E. and Neale J.M. : Abnormal Psychology, John Wiley & Sons, New York.
4. Shanmugan T.E. : Abnormal Psychology Tata McGraw Hill Pub. Co. Ltd., New Delhi.

ਪਾਠ ਨੰ : 1.7 **ਡਾ. ਮਮਤਾ ਸ਼ਰਮਾ**

ਯੂਨਿਟ ਦੇ ਮੁੱਖ ਉਦੇਸ਼

ਇਸ ਯੂਨਿਟ ਦੇ ਸਾਰੇ ਪਾਠਾਂ ਨੂੰ ਪੜ੍ਹਣ ਤੋਂ ਬਾਅਦ ਤੁਸੀਂ ਇਹ ਸਮਝਣ ਦੇ ਯੋਗ ਹੋ ਜਾਵੋਗੇ ਕਿ:

1. ਅਸਾਧਾਰਣ ਵਿਵਹਾਰ ਕਿਨ੍ਹਾਂ ਕਾਰਣਾਂ ਕਰਕੇ ਪੈਦਾ ਹੁੰਦਾ ਹੈ ?
2. ਉਹ ਕਿਹੜੇ ਕਾਰਣ ਹਨ ਜੋ ਪ੍ਰਤਿਬਲ ਪੈਦਾ ਕਰਦੇ ਹਨ ?

ਅਸਾਧਾਰਣ ਵਿਵਹਾਰ ਦੇ ਆਮ ਕਾਰਣ ਅਤੇ ਮਨੋ-ਸਮਾਜਿਕ ਕਾਰਣ
(Causal Factors and Psycho-Social Causes)

ਪਾਠ ਸੰਰਚਨਾ

1.7.0 ਉਦੇਸ਼
1.7.1 ਭੂਮਿਕਾ
1.7.2 ਕੁਝ ਮਹੱਤਵਪੂਰਨ ਧਾਰਣਾਵਾਂ

1.7.2.1 ਮੁੱਢਲੇ, ਪੂਰਵ-ਨਿਰਧਾਰਿਤ, ਸਮੱਸਿਆ ਨੂੰ ਸੰਜੀਦਾ ਕਰਨ ਵਾਲੇ ਅਤੇ ਪੁਨਰਬਲ ਕਰਨ ਵਾਲੇ ਕਾਰਣ (Primary, Predisposing, Precipitating and Reinforcing Causes)
1.7.2.2 ਅਸਾਧਾਰਣ ਵਿਵਹਾਰ ਵਿੱਚ ਪ੍ਰਤਿਪੁਸ਼ਟੀ ਅਤੇ ਚੱਕਰਪਨ ਜਾਂ ਸਰਕੂਲੈਅਰਿਟੀ :
(Feedback and Circularity in Abnormal Behaviour)
1.7.2.3 ਡਾਇਥੀਸਿਸ-ਪ੍ਰਤਿਬਲ ਮਾਡਲ (Diathesis Stress Model)
1.7.3 ਅਸਾਧਾਰਣ ਵਿਹਾਰ ਦੇ ਮਨੋਸਮਾਜਿਕ ਕਾਰਣ (Psychosocial Causes of Abnormal Behaviour)
1.7.3.1 ਸਵੈ-ਪ੍ਰਤੱਖੀਕਰਣ ਅਤੇ ਗਿਆਨਾਤਮਕ ਵਿਵਸਥਾ (Self-Perception and Cognitive Maps)
1.7.3.2 ਮੁੱਢਲਾ ਸਦਮਾ ਜਾਂ ਅਘਾਤ (Early Deprivation or Trauma)
1.7.3.2.1 ਸੰਸਥਾਗਤੀਕਰਣ (Institutionalization)
1.7.3.2.2 ਘਰ ਵਿੱਚ ਵੰਚਨ (Deprivation in the Home)
1.7.3.2.3 ਬਾਲ ਅਵਸਥਾ ਵਿੱਚ ਆਘਾਤ (Childhood Trauma)
1.7.3.3 ਅਯੋਗ ਦੇਖ-ਭਾਲ (Inadequate Parenting)
1.7.3.3.1 ਅਤਿ-ਸੁਰੱਖਿਆ ਅਤੇ ਅਤਿ-ਅਧਿਕ ਪਾਬੰਦੀ ਜਾਂ ਪ੍ਰਤਿਬੰਧਨ (Over-protection and Exclusive Restriction)
1.7.3.3.2 ਅਵਾਸਤਵਿਕ ਲੋੜਾਂ (Unrealistic Demands)

1.7.3.3.3 ਅਤਿ-ਮਨਜ਼ੂਰੀ ਅਤੇ ਮਿਹਰਬਾਨੀ (Over-permissiveness and Indulgence)
1.7.3.3.4 ਅਯੋਗ ਅਤੇ ਤਰਕਹੀਨ ਗਿਆਨ ਸੰਸਾਰ (Inadequate and Irrational Communication)
1.7.3.4 ਰੋਗਜਨਕ ਪਰਿਵਾਰਿਕ ਢਾਂਚਾ (Pathogenic Family Structure)
1.7.3.4.1 ਬੇਮੇਲ ਅਤੇ ਵਿਘਟਤ ਪਰਿਵਾਰ (Discordant and Disturbed Families)
1.7.3.4.2 ਖੰਡਿਤ ਪਰਿਵਾਰ (Disrupted Families)
1.7.3.5 ਅਪਅਨੁਕੂਲਿਤ ਸਹੋਦਰ ਸੰਬੰਧ (Maladaptive Peer Relationships)
1.7.3.5.1 ਲੋਕਪ੍ਰਿਯਤਾ (Popularity)
1.7.3.5.2 ਰੁਤਬਾ ਜਾਂ ਪਦਵੀ ਸਥਿਰਤਾ (Status Invariance)
1.7.4 ਸੰਖੇਪ ਸਾਰ
1.7.5 ਅਭਿਆਸ
1.7.6 ਸ਼ਬਦਾਵਲੀ
1.7.7 ਹਵਾਲਾ ਪੁਸਤਕਾਂ

1.7.0 ਉਦੇਸ਼

ਇਸ ਪਾਠ ਦਾ ਮੁਖ ਉਦੇਸ਼ ਅਸਾਧਾਰਣ ਵਿਵਹਾਰ ਦੇ ਮੁਖ ਕਾਰਨਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਇਨ੍ਹਾਂ ਕਾਰਣਾਂ ਤੋਂ ਪਹਿਲਾਂ ਕੁਝ ਮਹੱਤਵਪੂਰਨ ਧਾਰਨਾਵਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਜਿਵੇਂ ਮੁੱਢਲੇ, ਪੂਰਵ ਨਿਰਧਾਰਿਤ ਸਮੱਸਿਆ ਨੂੰ ਸੰਜੀਦਾ ਕਰਨ ਵਾਲੇ ਅਤੇ ਪੁਨਰ ਕਰਨ ਵਾਲੇ ਕਾਰਣਾਂ ਵਿਚ ਭਿੰਨਤਾਵਾਂ ਆਦਿ। ਮਨੋਸਮਾਜਿਕ ਕਾਰਣਾਂ ਵਿਚ ਸਵੈਪ੍ਰਤੱਖੀਕਰਣ ਅਤੇ ਗਿਆਨਾਤਮਕ ਵਿਵਸਥਾ, ਮੁੱਢਲਾ ਸਦਮਾ ਜਾਂ ਅਘਾਤ, ਅਯੋਗ ਦੇਖਭਾਲ ਰੋਗਜਨਕ ਪਰਿਵਾਰਿਕ ਢਾਂਚਾ ਅਤੇ ਅਪਅਨੁਕੂਲਿਤ ਸਹੋਦਰ ਸੰਬੰਧ ਆਦਿ ਨੂੰ ਪ੍ਰਮੁੱਖ ਤੌਰ ਤੇ ਦਰਸਾਇਆ ਜਾਵੇਗਾ।

1.7.1 ਭੂਮਿਕਾ

ਅਸਾਧਾਰਣ ਮਨੋਵਿਗਿਆਨ ਦੇ ਖੇਤਰ ਵਿੱਚ ਮੁੱਖ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਉਹ ਕਿਹੜੇ ਕਾਰਣ ਹਨ, ਜੋ ਮਨੁੱਖ ਨੂੰ ਵੱਖ-ਵੱਖ ਸਮੇਂ ਕੁੱਝ ਸਥਿਤੀਆਂ ਵਿੱਚ ਅਪਸਮਾਯੋਜਿਤ ਵਿਵਹਾਰ ਕਰਨ ਲਈ ਪ੍ਰੇਰਿਤ ਕਰਦੇ ਹਨ। ਅਸਾਧਾਰਣ ਵਿਵਹਾਰ ਦੇ ਕਾਰਣਾਂ ਨੂੰ ਸਮਝਣਾ ਸਪੱਸ਼ਟ ਰੂਪ ਵਿੱਚ ਇੱਛਿਤ ਉਦੇਸ਼ ਹੈ। ਪਰ ਇਹਨਾਂ ਕਾਰਣਾਂ ਦਾ ਪਤਾ ਲਗਾਉਣਾ ਇਕ ਗੁੰਝਲਦਾਰ ਪ੍ਰਕ੍ਰਿਆ ਹੈ, ਕਿਉਂਕਿ ਮਨੁੱਖੀ ਵਿਵਹਾਰ ਬਹੁਤ ਗੁੰਝਲਦਾਰ ਹੈ। ਹਰ ਮਾਨਸਿਕ ਰੋਗ ਦੇ ਵੱਖ-ਵੱਖ ਕਾਰਣ ਹੁੰਦੇ ਹਨ ਅਤੇ ਦੋ ਜਾਂ ਦੋ ਤੋਂ ਵੱਧ ਕਾਰਨਾਂ ਦੇ ਸੁਮੇਲ ਨਾਲ ਵੀ ਮਾਨਸਿਕ ਰੋਗ ਪੈਦਾ ਹੋ ਸਕਦੇ ਹਨ। ਇਸ ਲਈ ਇਹਨਾਂ ਦੇ ਬਹੁਪੱਖੀ ਅੰਗਾਂ ਨੂੰ ਜਾਚਣਾ ਹਮੇਸ਼ਾਂ ਸੰਭਵ ਨਹੀਂ ਹੈ। ਇਕ ਹੀ ਕਾਰਣ ਤੋਂ ਉਤਪੰਨ ਹੋਏ ਲੱਛਣ ਵੱਖ-ਵੱਖ ਵਿਅਕਤੀਆਂ ਵਿੱਚ ਵੱਖ-ਵੱਖ ਹੁੰਦੇ ਹਨ ਅਤੇ ਕਈ ਵਾਰ ਵੱਖ-ਵੱਖ ਕਾਰਣਾਂ ਤੋਂ ਇੱਕੋ ਜਿਹੇ ਚਿੰਨ੍ਹ ਪੈਦਾ ਹੁੰਦੇ ਹਨ। ਇਸ ਲਈ ਇਹ ਕਹਿਣਾ ਕਠਿਨ ਹੈ ਕਿ ਕਿਹੜੇ ਵਿਅਕਤੀ ਵਿੱਚ ਇੱਕੋ ਜਿਹੇ ਲੱਛਣ ਹੋਣ ਦੇ ਬਾਵਜੂਦ ਵੀ ਕਿਹੜਾ ਕਾਰਣ ਜ਼ਿਆਦਾ ਮਹੱਤਵਪੂਰਨ ਹੈ। ਅਸਾਧਾਰਣ ਵਿਵਹਾਰ ਦੇ ਕਾਰਣਾਂ ਵਿੱਚ ਆਮ ਕਾਰਣ, ਜੀਵ ਵਿਗਿਆਨ, ਮਨੋਵਿਗਿਆਨ ਅਤੇ ਸਮਾਜਿਕ ਕਾਰਣ ਆਪਸ ਵਿੱਚ ਅੰਤਰ-ਕ੍ਰਿਆ ਕਰਦੇ ਹਨ। ਇਸ ਕਰਕੇ ਇਹਨਾਂ ਦਾ ਤੁਲਨਾਤਮਕ ਮਹੱਤਵ ਸਮਝਣਾ ਕਠਿਨ ਹੋ ਜਾਂਦਾ ਹੈ।

1.7.2 ਕੁਝ ਮਹੱਤਵਪੂਰਨ ਧਾਰਣਾਵਾਂ

ਅਸਾਧਾਰਣ ਵਿਵਹਾਰ ਵਿੱਚ ਆਮ ਕਾਰਣਾਂ (Causal Factors) ਦਾ ਵਿਸ਼ਲੇਸ਼ਣ ਕਰਦੇ ਸਮੇਂ ਹੇਠ ਲਿਖੀਆਂ ਗੱਲਾਂ ਉੱਪਰ ਧਿਆਨ ਦੇਣ ਦੀ ਜ਼ਰੂਰਤ ਹੈ ਜੋ ਕਾਫੀ ਲਾਭਵੰਦ ਸਾਬਤ ਹੋ ਸਕਦੀਆਂ ਹਨ :

(1) ਮੁੱਢਲੇ, ਪੂਰਵ-ਨਿਰਧਾਰਿਤ ਸਮੱਸਿਆ ਨੂੰ ਸੰਜੀਦਾ ਕਰਨ ਵਾਲੇ ਅਤੇ ਪੁਨਰ ਕਰਨ ਵਾਲੇ ਕਾਰਣਾਂ ਵਿੱਚ ਭਿੰਨਤਾਵਾਂ (The distinction between primary, predisposing, precipitating and reinforcing causes)

(2) ਅਸਾਧਾਰਣ ਵਿਵਹਾਰ ਵਿੱਚ ਪ੍ਰਤਿਪੁਸ਼ਟੀ ਅਤੇ ਚੱਕਰਦਾਰੀ ਦੀ ਸਮੱਸਿਆ (The problem of feedback and circularity in abnormal behaviour)

(3) ਅਸਾਧਾਰਣ ਵਿਵਹਾਰ ਦੇ ਕਾਰਣ ਮਾਡਲ ਦੇ ਰੂਪ ਵਿੱਚ ਡਾਈਥੀਸਿਸ-ਪ੍ਰਤੀਬਲ ਦੀ ਧਾਰਨਾ (The concept of diathesis stress as a broad cause of abnormal behaviour)

1.7.2.1ਮੁੱਢਲੇ, ਪੂਰਵ-ਨਿਰਧਾਰਿਤ, ਸਮੱਸਿਆ ਨੂੰ ਸੰਜੀਦਾ ਕਰਨ ਵਾਲੇ ਅਤੇ ਪੁਨਰਬਲ ਕਰਨ ਵਾਲੇ ਕਾਰਣ (Primary, Predisposing, Precipitating and Reinforcing Causes)

ਸਿਧਾਂਤਕ ਦ੍ਰਿਸ਼ਟੀਕੋਣ ਹੋਣ ਦੇ ਬਾਵਜੂਦ ਅਸਾਧਾਰਣ ਵਿਵਹਾਰ ਦੇ ਕਾਰਣਾਂ ਵਿੱਚ ਮਹੱਤਵਪੂਰਨ ਰੋਲ ਅਦਾ ਕਰਨ ਵਾਲੇ ਕਾਰਕਾਂ ਦੀ ਵਿਆਖਿਆ ਲਈ ਕਈ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਮੁੱਢਲਾ ਕਾਰਣ (Primary causes) ਇਕ ਉਹ ਸ਼ਰਤ ਹੈ ਜੋ ਵਿਕਾਰ ਦੇ ਵਾਪਰਨ ਲਈ ਜ਼ ਰੂਰੀ ਹੈ, ਜਿਵੇਂ ਕਿ ਆਮ ਪੈਰੇਸਿਸ ਦੇ ਕੇਸ ਵਿੱਚ ਦਿਮਾਗ਼ ਦਾ ਆਤਸਕ ਰੋਗ ਉਦਾਹਰਣ ਹੈ। ਅਸਾਧਾਰਣ ਵਿਵਹਾਰ ਵਿੱਚ ਮੁੱਢਲਾ ਕਾਰਣ ਜ਼ਰੂਰੀ ਹੈ, ਪਰੰਤੂ ਹਮੇਸ਼ਾਂ ਸਿਰਫ ਇਹ ਕਾਰਣ ਹੀ ਕਾਫੀ ਨਹੀਂ ਹੁੰਦਾ। ਕਈ ਜਾਣੇ-ਪਹਿਚਾਣੇ ਵਿਕਾਰਾਂ ਵਿੱਚ ਮੁੱਢਲਾ ਕਾਰਣ ਜ਼ਰੂਰੀ ਨਹੀਂ ਹੁੰਦਾ। ਪੂਰਵ ਨਿਰਧਾਰਿਤ ਕਾਰਣ (Predisposing Cause) ਇਕ ਅਜਿਹੀ ਸਥਿਤੀ ਹੈ ਜੋ ਪਹਿਲਾਂ ਵਾਪਰਦੀ ਹੈ ਅਤੇ ਕੁੱਝ ਖ਼ਾਸ ਸਥਿਤੀਆਂ ਵਿੱਚ ਵਿਕਾਸ ਦੇ ਵਾਪਰਨ ਲਈ ਰਸਤਾ ਤਿਆਰ ਕਰਦੀਹੈ। ਉਦਾਹਰਣ ਦੇ ਤੌਰ ਤੇ ਮਾਪਿਆਂ ਵੱਲੋਂ ਅਸਵੀਕ੍ਰਿਤੀ ਬੱਚੇ ਨੂੰ ਬਾਅਦ ਵਿੱਚ ਨਿੱਜੀ ਸੰਬੰਧ ਕਾਇਮ ਰੱਖਣ ਵਿੱਚ ਸਮੱਸਿਆ ਪ੍ਰਤੀ ਪੂਰਵ-ਨਿਰਧਾਰਿਤ ਕਰਦੀ ਹੈ। ਸਮੱਸਿਆ ਨੂੰ ਸੰਜੀਦਾ ਕਰਨ ਵਾਲੇ ਕਾਰਣਾਂ (Precipitating causes) ਵਿੱਚ ਅਜਿਹੀ ਸਥਿਤੀ ਹੁੰਦੀ ਹੈ। ਜੋ ਵਿਅਕਤੀ ਲਈ ਦੁਖਦਾਈ ਹੁੰਦੀ ਹੈ ਅਤੇ ਵਿਕਾਰ ਪੈਦਾ ਕਰਦੀ ਹੈ ਜਿਵੇਂ ਕਿ ਵਿਅਕਤੀ ਨੂੰ ਕੁਚਲਣ ਵਾਲੀ ਨਿਰਾਸ਼ਤਾ (crushing disappointment)। ਪੂਰਵ-ਨਿਰਧਾਰਿਤ ਕਾਰਣ ਆਮ ਤੌਰ ਤੇ ਤੁੱਛ ਜਿਹਾ ਜਾਪਦਾ ਹੈ। ਉਦਾਹਰਣ ਦੇ ਤੌਰ ਤੇ, ਟੁੱਥ ਪੇਸ਼ਟ ਦੀ ਟਿਊਬ ਦਾ ਢੱਕਣ ਉਤਾਰ ਕੇ ਬਾਹਰ ਰੱਖ ਦੇਣਾ ਇਕ ਚੰਗੇ ਸਮਾਯੋਜਿਤ ਪਰਿਵਾਰ ਲਈ ਕੋਈ ਖਾਸ ਗੱਲ ਨਹੀਂ ਪਰੰਤੂ ਅਪਸਮਾਯੋਜਿਤ ਪਰਿਵਾਰ ਵਿੱਚ ਇਕ ਬਹਿਸ ਦਾ ਵਿਸ਼ਾ ਬਣ ਜਾਂਦਾ ਹੈ। ਪੁਨਰਬਲਿਤ ਕਾਰਣ (Reinforcing) ਅਸਮਾਯੋਜਿਤ ਵਿਵਹਾਰ ਨੂੰ ਪੁਨਰਬਲ ਪ੍ਰਦਾਨ ਕਰਦੇ ਹਨ ਜਿਵੇਂ ਕਿ ਇਕ ਬੀਮਾਰ ਵਿਅਕਤੀ ਨੂੰ ਘਰ ਵਿੱਚ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ, ਉਸ ਵੱਲ ਹਮਦਰਦੀ ਦਿਖਾਈ ਜਾਂਦੀ ਹੈ ਅਤੇ ਉਸ ਨੂੰ ਜਿੰਮੇਵਾਰੀਆਂ ਤੋਂ ਮੁਕਤ ਰੱਖਿਆ ਜਾਂਦਾ ਹੈ, ਪਰੰਤੂ ਉਸ ਦੀ ਇਹ ਮੁਕਤੀ ਅਤੇ ਸੁਖਾਵੇ ਅਨੁਭਵ ਵਿਅਕਤੀ ਨੂੰ ਤੰਦਰੁਸਤ ਨਹੀਂ ਹੋਣ ਦਿੰਦੇ।

ਇਹ ਜ਼ਰੂਰੀ ਨਹੀਂ ਕਿ ਇਕ ਕੇਸ ਵਿੱਚ ਇਕ ਹੀ ਕਾਰਣ ਪ੍ਰਮੁੱਖ ਹੋਵੇ, ਕਈ ਵਾਰ ਦੋ ਜਾਂ ਦੋ ਤੋਂ ਵੱਧ ਕਾਰਣ ਵੀ ਮੁੱਢਲੀ ਜਿੰਮੇਵਾਰੀ ਸਾਂਝੀ ਕਰਦੇ ਹਨ। ਉਦਾਹਰਣ ਲਈ, ਮਾਪਿਆਂ ਵਿੱਚੋਂ ਇਕ ਦੀ ਮੌਤ ਬੱਚੇ ਦੀ ਦੁੱਖ ਦੀ ਪ੍ਰਤੀਕ੍ਰਿਆ ਵਿੱਚ ਮੁੱਢਲਾ ਕਾਰਣ ਵੀ ਹੋ ਸਕਦੀ ਹੈ ਅਤੇ ਸਮੱਸਿਆ ਨੂੰ ਸੰਜੀਦਾ ਕਰਨ ਵਾਲਾ ਕਾਰਣ ਵੀ ਅਤੇ ਬਾਲਗ ਅਵਸਥਾ ਵਿੱਚ ਇਹ ਸਮੱਸਿਆ ਇਸ ਘਾਟੇ

ਪ੍ਰਤੀ ਬੱਚੇ ਨੂੰ ਗੰਭੀਰ ਪ੍ਰਤੀਕ੍ਰਿਆ ਲਈ ਪੂਰਵ ਨਿਰਧਾਰਿਤ ਵੀ ਕਰ ਸਕਦੀ ਹੈ ਜਿਵੇਂ ਕਿ ਇਸ ਉਦਾਹਰਣ ਵਿੱਚ ਦੱਸਿਆ ਗਿਆ ਹੈ ਕਿ ਬਚਪਨ ਵਿੱਚ ਗੰਭੀਰ ਸਮਾਯੋਜਨ ਚੁਣੌਤੀਆਂ ਵਿਅਕਤੀ ਦੀ ਬਾਅਦ ਦੀ ਜ਼ਿੰਦਗੀ ਵਿੱਚ ਕਈ ਪ੍ਰਕਾਰ ਦੀਆਂ ਵਿਸ਼ੇਸ਼ ਸਮੱਸਿਆਵਾਂ ਪੈਦਾ ਕਰਦੀਆਂ ਹਨ।

1.7.2.2 ਅਸਾਧਾਰਣ ਵਿਵਹਾਰ ਵਿੱਚ ਪ੍ਰਤਿਪੁਸ਼ਟੀ ਅਤੇ ਚੱਕਰਪਨ ਜਾਂ ਸਰਕੂਲੈਅਰਿਟੀ : (Feedback and Circularity in Abnormal Behaviour)

ਰਵਾਇਤੀ ਤੌਰ ਤੇ ਵਿਗਿਆਨਾਂ ਵਿੱਚ ਕਾਰਣ-ਕਾਰਜ ਸਬੰਧਾਂ (Cause-Effect Relationship) ਦੇ ਨਿਰਧਾਰਨ ਵਿੱਚ ਅਵਸਥਾ ਹੈ, ਜੋ ਕਾਰਣ ਹੈ, (Condition-X [cause]) ਨੂੰ Y ਅਵਸਥਾ, ਜੋ ਕਾਰਜ ਹੈ, ਤੋਂ ਅਲੱਗ ਕਰਨ ਤੇ ਫੋਕਸ ਕੀਤਾ ਗਿਆ ਹੈ ਕਿਉਂਕਿ X ਅਵਸਥਾ ਭਾਵ ਕਾਰਣ ਹੀ Y ਅਵਸਥਾ ਭਾਵ ਕਾਰਜ ਨੂੰ ਜਨਮ ਦਿੰਦੀ ਹੈ। ਉਦਾਹਰਣ ਦੇ ਤੌਰ ਤੇ ਖੂਨ ਵਿੱਚ ਜਦੋਂ ਸ਼ਰਾਬ ਮਦਹੋਸ਼ੀ (Alcoholic Intoxication) ਸ਼ੁਰੂ ਹੋ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਜਦੋਂ ਇਕ ਤੋਂ ਵੱਧ ਕਾਰਣ ਸ਼ਾਮਲ ਹੋਣ ਤਾਂ ਕਾਰਣ ਪੈਟਰਨ (Causal Pattern) ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਵਿਵਹਾਰਿਕ ਵਿਗਿਆਨਾਂ, ਖਾਸ ਤੌਰ ਤੇ ਅਸਾਧਾਰਣ ਮਨੋਵਿਗਿਆਨ ਵਿੱਚ ਅਜਿਹੇ ਸਰਲ ਕਾਰਜ ਕਾਰਣ ਕ੍ਰਮ ਬਹੁਤ ਦੁਰਲਭ ਹੁੰਦੇ ਹਨ। ਇਹ ਦੁਰਲੱਭਤਾ ਸਿਰਫ ਇਸ ਕਰਕੇ ਨਹੀਂ ਹੁੰਦੀ ਕਿ ਅਸੀਂ ਬਹੁ-ਗਿਣਤੀ ਵਿੱਚ ਅੰਤਰ-ਕ੍ਰਿਆ ਕਰਨ ਵਾਲੇ ਕਾਰਣਾਂ ਸੰਬੰਧਿਤ ਹੁੰਦੇ ਹਾਂ ਸਗੋਂ ਇਸ ਕਰਕੇ ਵੀ ਹੁੰਦੀ ਹੈ ਕਿ ਸਾਡੇ ਲਈ ਹਮੇਸ਼ਾਂ ਹੀ ਇਹ ਭਿੰਨਤਾ ਕਰਨੀ ਮੁਸ਼ਕਿਲ ਹੁੰਦੀ ਹੈ ਕਿ ਕਾਰਣ ਕੀ ਹੈ ਅਤੇ ਇਸ ਦਾ ਪ੍ਰਭਾਵ ਜਾਂ ਅਸਰ ਕੀ ਹੈ। ਅਜਿਹੀ ਸਥਿਤੀ ਵਿੱਚ ਸਵੈ-ਰੈਗੂਲੇਟਿੰਗ ਸਿਸਟਮ (Self-Regulating System) ਲਾਗੂ ਕੀਤਾ ਜਾ ਸਕਦਾ ਹੈ। ਸਵੈ-ਰੈਗੂਲੇਟਿੰਗ ਸਿਸਟਮ ਉਸ ਨੂੰ ਕਹਿੰਦੇ ਹਨ ਜਿਸ ਵਿੱਚ ਪੁਰਾਣੇ ਪ੍ਰਭਾਵ ਜਾਂ ਕਾਰਜ ਨਵੇਂ ਪ੍ਰਭਾਵ ਜਾਂ ਕਾਰਜਾਂ ਲਈ ਕਾਰਣ ਦੇ ਰੂਪ ਵਿੱਚ ਕ੍ਰਿਆ ਕਰਦੇ ਹਨ। ਅਸਾਧਾਰਣ ਵਿਵਹਾਰ ਵਿੱਚ ਪ੍ਰਤਿਪੁਸ਼ਟੀ ਦੇ ਪ੍ਰਭਾਵਾਂ ਅਤੇ ਆਪਸੀ ਦੋ ਰੂਪੀ ਪ੍ਰਭਾਵਾਂ ਦੀ ਹੋਂਦ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਕਾਰਣ-ਕਾਰਜ (Cause-Effect) ਵਿਚਕਾਰ ਭਿੰਨਤਾ ਨੂੰ ਹੇਠ ਲਿਖੀ ਉਦਾਹਰਣ ਵਿੱਚ ਦਰਸਾਇਆ ਗਿਆ ਹੈ।

ਪਤੀ ਪਤਨੀ ਆਪਣੇ ਵਿਵਹਾਹਿਤ ਜ਼ਿੰਦਗੀ ਵਿੱਚ ਆ ਰਹੀਆਂ ਔਕੜਾਂ ਦੇ ਹੱਲ ਲਈ ਮਨੋਵਿਗਿਆਨੀਆਂ ਕੋਲ ਪਰਾਮਰਸ਼ ਲੈ ਰਹੇ ਸਨ। ਪਤੀ ਦਾ ਆਪਣੀ ਪਤਨੀ ਤੇ ਇਲਜ਼ਾਮ ਸੀ ਕਿ ਉਹ ਜ਼ਿਆਦਾ ਸ਼ਰਾਬ ਪੀਂਦੀ ਹੈ ਅਤੇ ਪਤਨੀ ਦਾ ਇਲਜ਼ਾਮ ਸੀ ਕਿ ਉਸ ਦਾ ਪਤੀ ਉਸ ਦੀ ਪ੍ਰਵਾਹ ਨਹੀਂ ਕਰਦਾ ਅਤੇ ਉਸ ਨੂੰ ਬਿਲਕੁਲਪਿਆਰ ਨਹੀਂ ਕਰਦਾ। ਪਤੀ ਥੈਰਾਪਿਸਟ ਨੂੰ ਆਪਣੀ ਨਿਰਾਸ਼ਤਾ ਨੂੰ ਵੱਖਰੇ ਢੰਗ ਨਾਲ ਦਰਸਾਉਂਦਾ ਹੈ। ਉਸ ਦਾ ਕਹਿਣਾ ਹੈ ਕਿ ਮੈਂ ਇਸ ਕਰਕੇ ਆਪਣੀ ਪਤਨੀ ਦੀ ਪ੍ਰਵਾਹ ਨਹੀਂ ਕਰਦਾ ਕਿਉਂਕਿ ਉਹ ਬਹੁਤ ਜ਼ਿਆਦਾ ਸ਼ਰਾਬ ਪੀਂਦੀ ਹੈ। ਅਜਿਹੀ ਸਥਿਤੀ ਵਿੱਚ ਕਾਰਣ ਨੂੰ ਕਾਰਜ ਤੋਂ ਵੱਖ ਕਰਨਾ, ਜੋ ਅਸੰਭਵ ਨਹੀਂ, ਤਾਂ ਮੁਸ਼ਕਿਲ ਜ਼ਰੂਰ ਹੋ ਜਾਂਦਾ ਹੈ। ਸਮੱਸਿਆ ਇਕ ਚੱਕਰ ਦਾ ਰੂਪ ਧਾਰਨ ਕਰ ਲੈਂਦੀ ਹੈ। ਦੋਵੇਂ ਵਿਅਕਤੀ ਇਕ ਦੂਜੇ ਦੇ ਵਿਵਹਾਰ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਕਾਇਮ ਰੱਖਦੇ ਹਨ।

1.7.2.3 ਡਾਇਥੀਸਿਸ-ਪ੍ਰਤਿਬਲ ਮਾਡਲ (Diathesis Stress Model)

ਕਿਸੇ ਵਿਚਾਰ ਦੇ ਵਿਕਾਸ ਪ੍ਰਤੀ ਪੂਰਬ-ਨਿਰਧਾਰਨ ਨੂੰ ਡਾਇਥੀਸਿਸ ਕਿਹਾ ਜਾਂਦਾ ਹੈ। ਜ਼ਿਆਦਾਤਰ ਮਾਨਸਿਕ ਵਿਕਾਰਾਂ ਨੂੰ ਵਿਅਕਤੀ ਉੱਪਰ ਕ੍ਰਿਆ ਕਰਨ ਵਾਲੇ ਪ੍ਰਤੀਬਲ ਦੀ ਉਪਜ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਵਿਕਾਰਾਂ ਦੀ ਕਿਸਮ ਅਨੁਸਾਰ ਵਿਅਕਤੀ ਡਾਇਥੀਸਿਸ ਦਾ ਆਸਰਾ ਲੈਂਦਾ ਹੈ। ਇਸ ਕਰਕੇ ਅਸੀਂ ਸਾਧਾਰਣ ਵਿਵਹਾਰ ਦਾ ਡਾਇਥੀਸਿਸ ਪ੍ਰਤਿਬਲ ਮਾਡਲ ਅਪਣਾਉਂਦੇ ਹਾਂ।

1.7.3 ਅਸਾਧਾਰਣ ਵਿਹਾਰ ਦੇ ਮਨੋਸਮਾਜਿਕ ਕਾਰਣ (Psychosocial Causes of Abnormal Behaviour)

ਅਸੀਂ ਆਪਣੀ ਜ਼ਿੰਦਗੀ ਕੁੱਝ ਬਣੇ ਬਣਾਏ ਨਮੂਨਿਆਂ ਅਤੇ ਅਨੁਭਵਾਂ ਤੋਂ ਸਿੱਖਣ ਦੀ ਸਮਰੱਥਾ ਨਾਲ ਸ਼ੁਰੂ ਕਰਦੇ ਹਾਂ। ਅਸੀਂ ਆਪਣੇ ਅਨੁਭਵਾਂ ਦੀ ਨਵੇਂ ਦ੍ਰਿਸ਼ਟੀਕੋਣ ਬਨਾਉਣ ਵਿੱਚ ਵਰਤੋਂ ਕਰ ਸਕਦੇ ਹਾਂ ਤਾਂ ਜੋ ਅਸੀਂ ਢੁੱਕਵੇਂ ਅਤੇ ਉਪਾਉ ਯੁਕਤ ਢੰਗਾਂ ਨਾਲ ਮੁਸੀਬਤਾਂ ਦਾ ਮੁਕਾਬਲਾ ਕਰ ਸਕੀਏ, ਪਰੰਤੂ ਬਦਕਿਸਮਤੀ ਨਾਲ ਅਜਿਹੇ ਨਤੀਜੇ ਪ੍ਰਾਪਤ ਨਹੀਂ ਹੋ ਰਹੇ। ਇਸ ਪਾਠ ਵਿੱਚ ਅਸੀਂ ਉਹਨਾਂ ਮਨੋ-ਸਮਾਜਿਕ ਕਾਰਣਾਂ ਦਾ ਵਰਨਣ ਕਰਾਂਗੇ ਜੋ ਵਿਅਕਤੀ ਵਿੱਚ ਵਿਕਾਰ ਦੀ ਸੰਭਾਵਨਾ ਨੂੰ ਵਧਾ ਦਿੰਦੇ ਹਨ। ਮਨੋ-ਸਮਾਜਿਕ ਜਾਂ ਮਨੋਵਿਗਿਆਨਿਕ ਕਾਰਣ ਉਹ ਹਨ, ਜੋ ਮਨੋਵਿਗਿਆਨਕ ਤੌਰ ਤੇ ਵਿਅਕਤੀ ਨੂੰ ਅਪੰਗ ਬਣਾ ਦਿੰਦੇ ਹਨ ਅਤੇ ਹਾਲਾਤ ਨਾਲ ਨਜਿੱਠਣ ਲਈ ਉਸ ਦੇ ਸੋਮਿਆਂ ਨੂੰ ਘਟਾ ਦਿੰਦੇ ਹਨ। ਜੀਵਨ ਕਾਰਣਾਂ ਦੇ ਮੁਕਾਬਲੇ ਵਿਅਕਤੀ ਦੇ ਮਨੋਵਿਗਿਆਨਕ ਪੱਖਾਂ ਨੂੰ ਮਾਪਣਾ ਬਹੁਤ ਕਠਿਨ ਹੈ। ਮਨੋਵਿਗਿਆਨਕ ਕਾਰਣਾਂ ਵਿੱਚ ਮੁੱਢਲਾ ਮਾਨਸਿਕ ਸਦਮਾ, ਅਯੋਗ ਦੇਖ-ਭਾਲ, ਰੋਗਜਨਕ ਪਰਿਵਾਰਿਕ ਢਾਂਚਾ ਅਤੇ ਅਪਅਨੁਕੂਲਿਤ ਸਹੇਦਾਰ ਸੰਬੰਧ ਆਦਿ ਸ਼ਾਮਲ ਹਨ। ਇਹ ਸਾਰੇ ਕਾਰਣ ਆਪਸ ਵਿੱਚ ਸੰਬੰਧਿਤ ਹਨ। ਇਹ ਇਕ ਦੂਜੇ ਨਾਲ ਅਤੇ ਦੂਸਰੇ ਮਨੋ-ਸਮਾਜਿਕ ਕਾਰਣਾਂ ਨਾਲ ਅੰਤਰ-ਕ੍ਰਿਆ ਕਰਦੇ ਹਨ।

1.7.3.1 ਸਵੈ-ਪ੍ਰਤੱਖੀਕਰਣ ਅਤੇ ਗਿਆਨਾਤਮਕ ਵਿਵਸਥਾ (Self-Perception and Cognitive Maps)

ਕੁੱਝ ਮੂਲ ਚੀਜ਼ਾਂ, ਜਿਵੇਂ ਕਿ ਅਸੀਂ ਕੀ ਜਾਣਦੇ ਹਾਂ, ਕੀ ਚਾਹੁੰਦੇ ਹਾਂ ਅਤੇ ਕੀ ਕਰ ਰਹੇ ਹਾਂ, ਆਦਿ ਨਿਰਧਾਰਿਤ ਕਰਨ ਲਈ ਕੁੱਝਬੁਨਿਆਦੀ ਧਾਰਨਾਵਾਂ ਸਾਡੀ ਗਿਆਨਾਤਮਕ ਵਿਵਸਥਾ ਬਣਾਉਂਦੀਆਂ ਹਨ, ਜੋ ਬ੍ਰਹਿਮੰਡ ਵਿੱਚ ਸਾਡੇ ਸਥਾਨ ਬਾਰੇ ਸੰਬੰਧਿਤ ਹਨ। ਸਿੱਧੇ ਤੌਰ ਤੇ ਸਾਡੀਆਂ ਗਿਆਨ-ਇੰਦਰੀਆਂ ਦੁਆਰਾ ਅਸੀਂ ਜੋ ਕੁੱਝ ਵੀ ਸਿੱਖਦੇ ਹਾਂ ਜਾਂ ਸਮਝਦੇ ਹਾਂ ਉਹ ਅਸਲੀਅਤ ਦੀ ਸਿਰਫ਼ ਢੁੱਕਵੀਂ ਪ੍ਰਤੀਨਿਧਤਾ ਹੀ ਪ੍ਰਦਾਨ ਕਰ ਸਕਦੀ ਹੈ। ਸਾਨੂੰ ਅਜਿਹੇ ਵਿਆਪਕ ਗਿਆਨਾਤਮਕ ਢਾਂਚੇ ਦੀ ਜ਼ਰੂਰਤ ਹੈ ਜੋ ਇਹਨਾਂ ਕਮੀਆਂ ਨੂੰ ਪੂਰਾ ਕਰ ਸਕੇ ਅਤੇ ਜੋ ਕੁੱਝ ਅਸੀਂ ਨਿਰੀਖਣ ਕਰ ਸਕਦੇ ਹਾਂ, ਉਸ ਨੂੰ ਅਰਥਪੂਰਨ ਬਣਾ ਸਕੇ। ਸਾਡੀ ਨਿੱਜੀ ਗਿਆਨਾਤਮਕ ਵਿਵਸਥਾ ਸਾਡੀ ਮਾਰਗ-ਦਰਸ਼ਕ ਹੈ। ਇਸ ਵਿਵਸਥਾ ਵਿੱਚ ਸਾਡੇ ਅਜਿਹੇ ਵਿਚਾਰ ਸ਼ਾਮਲ ਹਨ ਕਿ ਅਸੀਂ ਕੀ ਹਾਂ, ਸਾਨੂੰ ਕੀ ਸੁਣਨਾ ਚਾਹੀਦਾ ਹੈ ਅਤੇ ਸਾਡੇ ਲਈ ਕੀ ਮਹੱਤਵਪੂਰਨ ਹੈ ? ਸਮਾਜ ਵਿੱਚ ਵੱਖ-ਵੱਖ ਰੋਲ, ਜਿਵੇਂ ਕਿ ਔਰਤ, ਪੁਰਸ਼, ਵਿਦਿਆਰਥੀ, ਮਾਪੇ, ਡਾਕਟਰ, ਅਮਰੀਕਨ, ਬਜ਼ੁਰਗ ਆਦਿ ਪ੍ਰਤੀ ਸਾਡੀਆਂ ਧਾਰਨਾਵਾਂ ਨਾਲ ਸੰਬੰਧਿਤ ਦੂਸਰੇ ਪੱਖ ਵੀ ਸਾਡੀ ਵਿਵਸਥਾ ਵਿੱਚ ਸ਼ਾਮਿਲ ਹਨ। ਆਪਣੀ ਸਵੈ-ਪਹਿਚਾਣ ਦੇ ਰੂਪ ਵਿੱਚ ਵੀ ਵਿਅਕਤੀ ਦੀ ਗਿਆਨਾਤਮਕ ਵਿਵਸਥਾ ਬਣਾਈ ਜਾ ਸਕਦੀ ਹੈ। ਇਕ ਵਿਅਕਤੀ ਦੂਸਰੇ ਵਿਅਕਤੀਆਂ ਤੋਂ ਕਿਵੇਂ ਭਿੰਨ ਹੈ ? ਉਹ ਕੀ ਜਾਣਦਾ ਹੈ ਅਤੇ ਕੀ ਵਿਸ਼ਵਾਸ ਕਰਦਾ ਹੈ ? ਉਸ ਦੀ ਹੋਂਦ ਦਾ ਕੀ ਅਰਥ ਹੈ ? ਇਸ ਗਿਆਨਾਤਮਕਵਿਵਸਥਾ ਦਾ ਇਕ ਪੱਖ, ਪਿਆਰ ਵਿਵਸਥਾ (Love Map) ਸਾਡੀ ਕਾਮਕ ਦ੍ਰਿਸ਼ਟੀਕੋਣ ਦੀਆਂ ਜੜ੍ਹਾਂ ਉੱਪਰ ਹੈ। ਸਾਡੀ ਗਿਆਨਾਤਮਕ ਵਿਵਸਥਾ ਪ੍ਰਭਾਵਸ਼ਾਲੀ ਤੇ ਸੰਗਠਿਤ ਵਿਵਹਾਰ ਲਈ ਕਾਫੀ ਮਹੱਤਵਪੂਰਨ ਹੁੰਦੀ ਹੈ। ਮਨੋਵਿਗਿਆਨਕ ਵਿਗਾੜ ਦਾ ਮੁੱਖ ਸੋਮਾ ਹੈ ਜੋ ਕਈ ਵਾਰ ਅਸਾਧਾਰਣ ਵਿਵਹਾਰ ਪੈਦਾ ਕਰ ਦਿੰਦੀ ਹੈ।

ਸਾਡੀ ਗਿਆਨਾਤਮਕ ਵਿਵਸਥਾ ਦੇ ਕੁੱਝ ਹਿੱਸੇ ਪ੍ਰਮਾਣ ਹੋ ਸਕਦੇ ਹਨ ਅਤੇ ਕੁੱਝ ਅਪ੍ਰਮਾਣ, ਕੁੱਝ ਹਿੱਸੇ ਸਾਡੇ ਲਈ ਸੱਚ ਹੋ ਸਕਦੇ ਹਨ ਦੂਸਰਿਆਂ ਲਈ ਨਹੀਂ, ਪਰੰਤੂ ਫਿਰ ਵੀ ਦੂਸਰੇ ਹਿੱਸੇ ਵਿਸ਼ਵਾਸ ਜਾਂ ਦ੍ਰਿੜ੍ਹ ਇਰਾਦੇ ਨਾਲ ਸਥਿਰ ਰੱਖੇ ਜਾ ਸਕਦੇ ਹਨ ਅਤੇ ਉਹ ਵੱਧ ਜਾਂ ਘੱਟ

ਸੁਨਿਸ਼ਚਿਤ ਅਤੇ ਸੁਚੇਤ ਹੋ ਸਕਦੇ ਹਨ। ਸਾਡੀ ਰੋਜ਼ਾਨਾ ਜ਼ਿੰਦਗੀ ਦੇ ਫੈਸਲੇ ਅਤੇ ਵਿਵਹਾਰ ਸਾਡੇ ਹਵਾਲਾ ਫ੍ਰੇਮ (Frame reference) ਦੁਆਰਾ ਪ੍ਰਭਾਵਿਤ ਹੁੰਦੇ ਹਨ, ਪਰੰਤੂ ਅਸੀਂ ਇਸ ਤੱਥ ਤੋਂ ਅਣਜਾਣ ਹੁੰਦੇ ਹਾਂ ਕਿ ਇਹ ਹਵਾਲਾ ਫ੍ਰੇਮ ਕਿਨ੍ਹਾਂ ਧਾਰਨਾਵਾਂ ਤੇ ਆਧਾਰਿਤ ਹੁੰਦੇ ਹਨ।
ਦੂਸਰੇ ਪਾਸੇ ਸਵੈ ਨੂੰ ਨਿਯਮਾਂ ਦਾ ਇਕ ਸਮੂਹ ਮੰਨਿਆ ਜਾਂਦਾ ਹੈ, ਜੋ ਜਾਣਕਾਰੀ ਪ੍ਰਾਪਤ ਕਰਦਾ ਹੈ ਅਤੇ ਵਿਕਲਪ ਵਿਵਹਾਰਾਂ ਦੀ ਚੋਣ ਕਰਦਾ ਹੈ ਜਾਂ ਸਵੈ-ਪ੍ਰਾਪਤੀ ਜਾਂ ਸਵੈ-ਪਹਿਚਾਣ ਦੀ ਭਾਵਨਾ ਦਾ ਨਤੀਜਾ ਮੰਨਿਆ ਜਾਂਦਾ ਹੈ। ਸਵੈ ਦੇ ਵਿਕਾਸ ਦੇ ਕਿਸੇ ਪੱਖ ਵਿੱਚ ਕਮੀ ਵਿਕਾਰ ਪੈਦਾ ਕਰ ਸਕਦੀ ਹੈ, ਪਰੰਤੂ ਅਸੀਂ ਹਮੇਸ਼ਾਂ ਸਵੈ-ਨਿਯਮਾਂ ਵੱਲ ਦੇਖਣ ਦੀ ਬਜਾਏ ਉਹਨਾਂ ਰਾਹੀਂ ਦੇਖਦੇ ਹਾਂ, ਜਿਸ ਕਰਕੇ ਇਕ ਵਾਰ ਸਥਾਪਿਤ ਹੋਏ ਨਿਯਮਾਂ ਨੂੰ ਪਹਿਚਾਨਣਾ ਮੁਸ਼ਕਿਲ ਹੋ ਜਾਂਦਾ ਹੈ ਅਤੇ ਜਾਣ ਬੁੱਝ ਕੇ ਉਹਨਾਂ ਨਿਯਮਾਂ ਵਿੱਚ ਤਬਦੀਲੀ ਕਰਨੀ ਕਾਫੀ ਕਠਿਨ ਕੰਮ ਹੋ ਜਾਂਦਾ ਹੈ। ਨਵੇਂ ਤਜਰਬਿਆਂ ਨੂੰ ਸਾਡੀ ਗਿਆਨਾਤਮਕ ਵਿਵਸਥਾ ਵਿੱਚ ਸ਼ਾਮਲ ਕਰਨ ਦੀ ਜ਼ਰੂਰਤ ਹੁੰਦੀ ਹੈ। ਗਿਆਨਾਤਮਕ ਸੰਗਠਨ ਵਿੱਚ ਢੁੱਕਵੇਂ ਸਿਧਾਂਤਾਂ ਜਾਂ ਨਿਯਮਾਂ ਨੂੰ ਪ੍ਰਾਪਤ ਕਰਨ ਵਿੱਚ ਵਿਅਕਤੀ ਦੀ ਅਸਫ਼ਲਤਾ ਭਵਿੱਖ ਨੂੰ ਪ੍ਰਭਾਵਿਤ ਕਰ ਸਕਦੀ ਹੈ। ਤਕਰੀਬਨ 75% ਪ੍ਰਤੀਸ਼ਤ ਮੰਦ ਬੁੱਧੀ ਬੱਚੇ ਜਿਨ੍ਹਾਂ ਵਿੱਚ ਮਾਨਸਿਕ ਵਿਕਾਰ ਦੀ ਬਹੁਤ ਜ਼ਿਆਦਾ ਸੰਭਾਵਨਾ ਹੁੰਦੀ ਹੈ, ਬੌਧਿਕ ਤੌਰ ਤੇ ਅਯੋਗ ਹੁੰਦੇ ਹਨ ਅਤੇ ਇਸ ਅਯੋਗਤਾ ਦਾ ਕਾਰਨ ਦੋਸ਼ਪੂਰਣ ਦਿਮਾਗੀ ਕ੍ਰਿਆ ਨਹੀਂ ਸਗੋਂ ਨਾੜੀ ਸੈਲ ਹੁੰਦੇ ਹਨ, ਜੋ ਆਧੁਨਿਕ ਜ਼ਿੰਦਗੀ ਦੀਆਂ ਮੁਸ਼ਕਲਾਂ ਨਾਲ ਨਜਿੱਠਣ ਲਈ ਅਯੋਗ ਹੁੰਦੇ ਹਨ। ਇਹ ਜਾਪਦਾ ਹੈ ਕਿ ਕੁੱਝ ਅਜਿਹੇ ਅਨੁਭਵ, ਜਿਨ੍ਹਾਂ ਤੋਂ ਬੱਚਿਆਂ ਦਾ ਕੰਟਰੋਲ ਨਹੀਂ ਹੁੰਦਾ ਅਤੇ ਜੋ ਇਕ ਸੰਗਠਿਤ ਗਿਆਨਾਤਮਕ ਵਿਵਸਥਾ ਬਨਾਉਣ ਵਿੱਚ ਅਸਫਲ ਹਨ, ਮਾਨਸਿਕ ਵਿਕਾਰਾਂ ਨੂੰ ਜਨਮ ਦਿੰਦੇ ਹਨ।

1.7.3.2 ਮੁੱਢਲਾ ਸਦਮਾ ਜਾਂ ਅਘਾਤ (Early Deprivation or Trauma)

ਮਾਪਿਆਂ ਜਾਂ ਪਿਤਰੀ ਸਹਾਇਕਾਂ ਦੁਆਰਾ ਦਿੱਤੇ ਜਾਣ ਵਾਲੇ ਜ਼ਰੂਰਤਮੰਦ ਸੋਮਿਆਂ ਦੀ ਘਾਟ ਅਸਾਧਾਰਣ ਵਿਵਹਾਰ ਦੇ ਕਾਰਣਾਂ ਵਿੱਚੋਂ ਇਕ ਕਾਰਣ ਹੈ। ਪਿਤਰੀ ਵੰਚਨ (Parental Deprivation) ਮੁੱਢਲੇ ਸਾਲਾਂ ਵਿੱਚ ਮਾਪਿਆਂ ਵੱਲੋਂ ਢੁੱਕਵੀਂ ਦੇਖਭਾਲ ਅਤੇ ਅੰਤਰ-ਕ੍ਰਿਆ ਦੀ ਘਾਟ ਨੂੰ ਕਹਿੰਦੇ ਹਨ। ਇਹ ਸਥਿਤੀ ਸੁਰੱਖਿਅਤ ਪਰਿਵਾਰਾਂ ਵਿੱਚ ਵੀ ਆ ਸਕਦੀ ਹੈ ਜਿੱਥੇ ਕਿਸੇ ਨਾ ਕਿਸੇ ਕਾਰਣ ਮਾਪੇ ਨਜ਼ਦੀਕੀ ਅਤੇ ਮਾਨਵੀ ਸੰਬੰਧਾਂ ਅਤੇ ਬੱਚਿਆਂ ਦੀਆਂ ਲੋੜਾਂ ਦੀ ਪੂਰਤੀ ਕਰਨ ਵਿੱਚ ਅਯੋਗ ਹੁੰਦੇ ਹਨ ਜਾਂ ਉਹਨਾਂ ਦੀ ਇੱਛਾ ਨਹੀਂ ਹੁੰਦੀ। ਤੀਬਰ ਪ੍ਰਤਿਬਲ ਅਨੁਭਵ ਕਰ ਰਹੇ ਮਾਪਿਆਂ ਦੇ ਬੱਚਿਆਂ ਵਿੱਚ ਵਿਕਾਰ ਹੋਣ ਦਾ ਡਰ ਜ਼ਿਆਦਾ ਰਹਿੰਦਾ ਹੈ ਕਿਉਂਕਿ ਪ੍ਰਤਿਬਲ ਮਾਪਿਆਂ ਦੀ ਪਾਲ-ਪੋਸ਼ਣ ਦੀ ਯੋਗਤਾ ਨੂੰ ਘਟਾ ਦਿੰਦਾ ਹੈ ਜਿਸ ਕਰਕੇ ਉਹ ਬੱਚਿਆਂ ਵੱਲ ਜ਼ਿ ਆਦਾ ਧਿਆਨ ਨਹੀਂ ਦੇ ਸਕਦੇ। ਵੰਚਨ ਦਾ ਸਭ ਤੋਂ ਗੰਭੀਰ ਸਪੱਸ਼ਟੀਕਰਣ ਯਤੀਮ ਜਾਂ ਬਦਚਲਣ ਬੱਚਿਆਂ ਵਿੱਚ ਦਿਖਾਈ ਦਿੰਦਾ ਹੈ। ਅਜਿਹਾ ਵੰਚਨ ਮਨੋਕਾਮੁਕ ਵਿਕਾਸ ਦੀ ਮਨੋ-ਲਿੰਗੀ ਵਿਕਾਸ ਅਵਸਥਾ ਵਿੱਚ ਸਥਿਰਣ ਕਾਰਨ ਵੀ ਹੋ ਸਕਦਾ ਹੈ। ਬੁਨਿਆਦੀ ਵਿਸ਼ਵਾਸ ਦੇ ਵਿਕਾਸ ਵਿੱਚ ਵੀ ਇਹ ਵਿਘਨ ਪਾ ਸਕਦਾ ਹੈ। ਉਪਲਬੱਧ ਪ੍ਰਬਲਨ ਦੀ ਘਾਟ ਜ਼ਰੂਰਤਮੰਦ ਨਿਪੁੰਨਤਾ ਨੂੰ ਵਿਗਾੜ ਸਕਦੀ ਹੈ। ਪਿਤਰੀ ਵੰਚਨ ਨੂੰ ਕਿਸੇ ਵੀ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਇਸ ਦੇ ਪ੍ਰਭਾਵ ਗੰਭੀਰ ਹੋ ਸਕਦੇ ਹਨ। ਵੰਚਨ ਅਨੁਭਵ ਕਰ ਰਹੇ ਬੱਚਿਆਂ ਵਿੱਚ ਦੋਸ਼ਪੂਰਨ ਵਿਕਾਸ ਅਕਸਰ ਦੇਖਿਆ ਜਾਂਦਾ ਹੈ। ਕਈ ਖੋਜਾਂ ਨੇ ਇਸ ਵਿਕਾਸ ਵਿੱਚ ਮਾਂ ਦੇ ਰੋਲ ਉੱਤੇ ਫੋਕਸ ਕੀਤਾ ਹੈ, ਪਰੰਤੂ ਇਹ ਸਾਰੀਆਂ ਖੋਜਾਂ ਨਿੱਘ ਤੇ ਪ੍ਰੇਮ-ਪਿਆਰ ਨਾਲ ਸੰਬੰਧਿਤ ਹਨ। ਜਿਨ੍ਹਾਂ ਬਚਿਆਂ ਨੂੰ ਮਾਂ ਅਤੇ ਪਿਉ ਦੋਵਾਂ ਦਾ ਪਿਆਰ ਨਹੀਂ ਮਿਲਦਾ ਅਤੇ ਉਹਨਾਂ ਨੂੰ ਸੰਸਥਾ ਵਿੱਚ ਰਖਿਆ ਜਾਂਦਾ ਹੈ ਉਹਨਾਂ ਵਿਚ ਵਿਕਾਰ ਪੈਦਾ ਹੋਣ ਦੇ ਜ਼ਿਆਦਾ ਪ੍ਰਤਿਬਲ ਹੈ।

1.7.3.2.1 ਸੰਸਥਾਗਤੀਕਰਣ (Institutionalization)

ਇਕ ਆਮ ਘਰ ਦੇ ਮੁਕਾਬਲੇ ਇਕ ਸੰਸਥਾ ਵਿੱਚ ਸਰੀਰਕ ਸੰਪਰਸ਼ ਅਤੇ ਨਿੱਘ ਦੀ ਘਾਟ, ਬੌਧਿਕ, ਭਾਵਾਤਮਕ ਤੇ ਸਮਾਜਿਕ ਉਤੇਜਨਾ ਦੀ ਘਾਟ ਅਤੇ ਸਕਾਰਾਤਮਕ ਸਿੱਖਣਾ ਵਿੱਚ ਹੌਸਲੇ ਅਤੇ ਸਹਾਇਤਾ ਦੀ ਘਾਟ ਦੀ ਸੰਭਾਵਨਾ ਹੁੰਦੀ ਹੈ। ਪ੍ਰੋਵੈਂਸ ਅਤੇ ਲਿਪਟ ਨੇ ਆਪਣੀ ਇਕ ਖੋਜ ਵਿੱਚ ਸੰਸਥਾ ਵਿੱਚ ਰਹਿਣ ਵਾਲੇ ਬੱਚਿਆਂ ਅਤੇ ਘਰ ਵਿੱਚ ਰਹਿਣ ਵਾਲੇ ਬੱਚਿਆਂ ਦੇ ਵਿਵਹਾਰ ਦੀ ਤੁਲਨਾ ਕੀਤੀ। ਇਕ ਸਾਲ ਦੀ ਉਮਰ ਤੇ ਸੰਸਥਾ ਵਿੱਚ ਰਹਿਣ ਵਾਲੇ ਬੱਚਿਆਂ ਨੇ ਦੂਸਰੇ ਵਿਅਕਤੀਆਂ ਨਾਲ ਆਪਣੇ ਸੰਬੰਧਾਂ ਵਿੱਚ ਸਾਧਾਰਣ ਵਿਗਾੜ ਦਰਸਾਇਆ। ਕਿਸੇ ਵੀ ਵਿਅਕਤੀ ਨਾਲ ਉਹਨਾਂ ਦੇ ਤਕੜੇ ਸੰਬੰਧ ਨਹੀਂ ਸਨ ਅਤੇ ਨਾ ਹੀ ਉਹਨਾਂ ਨੇ ਕਿਸੇ ਤੋਂ ਕਦੀ ਕੋਈ ਸਹਾਇਤਾ ਮੰਗੀ ਸੀ। ਇਹਨਾਂ ਖੋਜਾਂ ਤੋਂ ਪਤਾ ਲੱਗਦਾ ਹੈ ਕਿ ਇਹਨਾਂ ਬੱਚਿਆਂ ਦੇ ਵਾਕ ਅਤੇ ਭਾਸ਼ਾ ਵਿਕਾਸ ਵਿੱਚ ਵੀ ਰੁਕਾਵਟ ਹੁੰਦੀ ਹੈ।

ਭਾਵੇਂ ਪਹਿਲਾਂ ਪਿਤਰੀ ਵੰਚਨ ਦੇ ਰੋਗਜਨਕ ਪ੍ਰਭਾਵਾਂ ਨੂੰ ਵਧਾ-ਚੜ੍ਹਾ ਕੇ ਦੱਸਿਆ ਗਿਆ ਸੀ ਪਰ ਸਪੱਸ਼ਟ ਹੋ ਗਿਆ ਹੈ ਕਿ ਬਚਪਨ ਵਿੱਚ ਸਾਧਾਰਣ ਪਿਤਰਤਾ ਤੋਂ ਵੰਚਿਤ ਬੱਚਿਆਂ ਵਿੱਚ ਅਪਅਨੁਕੂਲਿਅਤ ਵਿਅਕਤਿੱਤਵ ਦਾ ਵਿਕਾਸ ਹੁੰਦਾ ਹੈ। ਇਹ ਵੀ ਜਾਪਦਾ ਹੈ ਕਿ ਵਿਸ਼ੇਸ਼ ਕਰਕੇ ਬਾਲਗ ਨਾਲ ਮਾਂ ਅਤੇ ਪਿਉ ਦੇ ਸੰਬੰਧ, ਖਾਸ ਤੌਰ ਤੇ ਮਾਂ ਨਾਲ, ਸੰਪੂਰਨ ਵਿਕਾਸ ਲਈ ਇਕ ਜ਼ ਰੂਰੀ ਤੱਤ ਹੈ। ਅਖੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਜੇ ਪਿਤਰੀ ਵੰਚਨ ਲਗਾਤਾਰ ਜਾਰੀ ਰਹੇ ਤਾਂ ਅਨੁਕੂਲਿਤ ਵਿਅਕਤਿਤੱਵ ਵਿਕਾਸ ਕਾਇਮ ਰੱਖਣਾ ਮੁਸ਼ਕਿਲ ਹੋ ਜਾਂਦਾ ਹੈ।

1.7.3.2.2 ਘਰ ਵਿੱਚ ਵੰਚਨ (Deprivation in the Home)

ਪਿਤਰੀ ਵੰਚਨ ਤੋਂ ਪੀੜਿਤ ਜ਼ਿਆਦਾਤਰ ਬੱਚੇ ਆਪਣੇ ਮਾਪਿਆਂ ਤੋਂ ਵੱਖਰੇ ਰਹਿਣ ਵਾਲੇ ਨਹੀਂ ਹੁੰਦੇ ਸਗੋਂ ਉਹ ਬੱਚੇ ਹੁੰਦੇ ਹਨ ਜੋ ਘਰ ਵਿੱਚ ਅਯੋਗ ਅਤੇ ਵਿਕ੍ਰਿਤ ਦੇਖ-ਰੇਖ ਤੋਂ ਪੀੜਿਤ ਹੁੰਦੇ ਹਨ। ਅਜਿਹੀਆਂ ਸਥਿਤੀਆਂ ਵਿੱਚ ਮਾਪੇ ਆਪਣੇ ਬੱਚਿਆਂ ਵੱਲ ਬਿਲਕੁਲ ਧਿਆਨ ਨਹੀਂ ਦਿੰਦੇ ਅਤੇ ਅਕਸਰ ਉਹਨਾਂ ਨੂੰ ਨਕਾਰ ਦਿੰਦੇ ਹਨ। ਅਜਿਹੇ ਵੰਚਨ ਦਾ ਪ੍ਰਭਾਵ ਤਬਾਹੀ ਪੂਰਨ ਹੁੰਦਾ ਹੈ। ਰਿੱਬਲ (1944-1945) ਦੀ ਖੋਜ ਨੇ ਦਰਸਾਇਆ ਕਿ ਅਪ੍ਰਵਾਨ ਕਰਨ ਵਾਲੀਆਂ ਜਾਂ ਸਜ਼ਾ ਦੇਣ ਵਾਲੀਆਂ ਮਾਵਾਂ ਆਪਣੇ ਬੱਚਿਆਂ ਵਿੱਚ ਮੁੱਢਲੇ ਸਾਲਾਂ ਵਿੱਚ ਹੀ ਚਿੰਤਤ, ਅਸੰਤੁਸ਼ਟ ਅਤੇ ਨਕਾਰਾਤਮਕ ਵਿਵਹਾਰ ਪੈਦਾ ਕਰ ਦਿੰਦੀਆਂ ਹਨ। ਵੰਚਨ ਦੇ ਪ੍ਰਭਾਵ ਇਕ ਬੱਚੇ ਤੋਂ ਦੂਜੇ ਬੱਚੇ ਤੱਕ ਬਦਲਦੇ ਰਹਿੰਦੇ ਹਨ। ਲੰਬੇ ਸਮੇਂ ਤੱਕ ਰਹਿਣ ਵਾਲੀ ਅਣਗਹਿਲੀ ਬੱਚੇ ਦੇ ਭਵਿੱਖ ਵਿੱਚ ਗੰਭੀਰ ਪਰਿਣਾਮ ਪੈਦਾ ਕਰ ਸਕਦੀ ਹੈ। ਬੱਚੇ ਦੀ ਪਿਤਰੀ ਅਸਵੀਕ੍ਰਿਤੀ ਵੰਚਨ ਨਾਲ ਨਜ਼ਦੀਕੀ ਤੌਰ ਤੇ ਸੰਬੰਧਿਤ ਹੈ ਅਤੇ ਇਹ ਕਈ ਪ੍ਰਕਾਰ ਦੀ ਹੋ ਸਕਦੀ ਹੈ। ਜਿਵੇਂ ਕਿ ਸਰੀਰਕ ਲਾਪਰਵਾਹੀ, ਪਿਆਰ ਅਤੇ ਸਨੇਹ ਤੋਂ ਵਾਂਝਿਆ ਰੱਖਣਾ, ਬੱਚੇ ਦੀਆਂ ਕ੍ਰਿਆਵਾਂ ਅਤੇ ਪ੍ਰਾਪਤੀਆਂ ਵਿੱਚ ਰੁਚੀ ਨਾ ਲੈਣੀ, ਸਖ਼ਤ ਸਜ਼ਾ, ਬੱਚੇ ਨਾਲ ਸਮਾਂ ਗੁਜ਼ਾਰਨ ਵਿੱਚ ਅਸਫ਼ਲ ਅਤੇ ਬੱਚੇ ਦੇ ਹੱਕਾਂ ਤੇ ਭਾਵਨਾਵਾਂ ਪ੍ਰਤੀ ਆਦਰ ਦੀ ਘਾਟ ਆਦਿ। ਅਜਿਹੀਆਂ ਸਥਿਤੀਆਂ ਵਿੱਚ ਬੱਚੇ ਲਾਪਰਵਾਹ ਅਤੇ ਅਣਗੌਲੇ ਹੁੰਦੇ ਹਨ ਅਤੇ ਉਹਨਾਂ ਵਿੱਚੋਂ ਜ਼ਿਆਦਾਤਰ ਖੁਦ ਵੀ ਬਚਪਨ ਵਿੱਚ ਅਜਿਹੀ ਭਾਵਨਾਵਾਂ ਦਾ ਸ਼ਿਕਾਰ ਹੋਏ ਹੁੰਦੇ ਹਨ। ਪਰੰਤੂ ਇਹ ਅਪ੍ਰਵਾਨਗੀ ਇਕ ਤਰਫਾ ਨਹੀਂ ਹੈ। ਕਈ ਵਾਰ ਬੱਚੇ ਵੀ ਆਪਣੇ ਮਾਪਿਆਂ ਨੂੰ ਅਸਵੀਕਾਰ ਕਰ ਦਿੰਦੇ ਹਨ ਅਤੇ ਉਹਨਾਂ ਲਈ ਅਣਚਾਹਿਆ ਪ੍ਰਤਿਬਲ ਪੈਦਾ ਕਰ ਦਿੰਦੇ ਹਨ। ਭਾਵੇਂ ਅਜਿਹੀ ਅਸਵੀਕ੍ਰਿਤੀ ਦੇ ਨਤੀਜਿਆਂ ਦਾ ਵਿਵਸਥਿਤ ਅਧਿਐਨ ਨਹੀਂ ਕੀਤਾ ਗਿਆ ਪਰੰਤੂ ਇਹ ਜਾਪਦਾ ਹੈ ਕਿ ਬੱਚੇ ਜੋ ਆਪਣੇ ਮਾਪਿਆਂ ਨੂੰ ਨਕਾਰਦੇ ਹਨ, ਉਹ ਆਪਣੇ-ਆਪ ਨੂੰ ਵੀ ਅਸਵੀਕਾਰ ਕਰਦੇ ਹਨ ਅਤੇ ਉਹਨਾਂ ਦੇ ਗਿਆਨਾਤਮਕ ਵਿਵਸਥਾ ਦੇ ਢੁੱਕਵੇਂ ਵਿਕਾਸ ਲਈ ਸਹੀ ਮਾਡਲ, ਪਿਆਰ-ਭਰੇ ਸੰਬੰਧਾਂ ਅਤੇ ਕਈ ਹੋਰ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ, ਜਿਨ੍ਹਾਂ ਨੂੰ ਅਸੀਂ ਕਈ ਵਾਰ ਮਹੱਤਵਪੂਰਨ ਨਾ ਸਮਝਦੇ ਹੋਏ ਬੇਧਿਆਨ ਕਰ ਦਿੰਦੇ ਹਾਂ।

1.7.3.2.3 ਬਾਲ ਅਵਸਥਾ ਵਿੱਚ ਆਘਾਤ (Childhood Trauma)

ਸਾਡੇ ਵਿੱਚੋਂ ਤਕਰੀਬਨ ਸਾਰਿਆਂ ਨੇ ਇਕ ਵਾਰ ਆਘਾਤ ਜ਼ਰੂਰ ਅਨੁਭਵ ਕੀਤਾ ਹੋਵੇਗਾ ਜਿਸ ਨੇ ਅਸਥਾਈ ਤੌਰ ਤੇ ਸੁਰੱਖਿਅਤਾ, ਯੋਗਤਾ ਅਤੇ ਉਤਮਤਾ ਦੀਆਂ ਸਾਡੀਆਂ ਭਾਵਨਾਵਾਂ ਨੂੰ ਚਕਨਾਚੂਰ ਕਰ ਦਿੱਤਾ ਸੀ ਅਤੇਆਪਣੇ ਬਾਰੇ ਤੇ ਸਾਡੇ ਵਾਤਾਵਰਣ ਬਾਰੇ ਸਾਡੇ ਪ੍ਰਤੱਖੀਕਰਣ ਨੂੰ ਪ੍ਰਭਾਵਿਤ ਕੀਤਾ ਸੀ। ਮਾਨਸਿਕ ਆਘਾਤ (Psychic trauma) ਕਿਸੇ ਵੀ ਅਣਸੁਖਾਵੇਂ ਅਨੁਭਵ ਨੂੰ ਕਿਹਾ ਜਾਂਦਾ ਹੈ, ਜੋ ਵਿਅਕਤੀ ਉੱਤੇ ਗੰਭੀਰ ਮਨੋਵਿਗਿਆਨਕ ਜ਼ਖ਼ਮ ਛੱਡ ਜਾਂਦੇ ਹਨ, ਜੋ ਕਦੇ ਵੀ ਪੂਰੀ ਤਰ੍ਹਾਂ ਠੀਕ ਨਹੀਂ ਹੁੰਦੇ। ਬਾਲ ਅਵਸਥਾ ਵਿੱਚ ਆਘਾਤ ਹੇਠ ਲਿਖੇ ਕਾਰਣਾਂ ਕਰਕੇ ਵਿਸ਼ੇਸ਼ ਤੌਰ ਤੇ ਹਾਨੀਕਾਰਕ ਹੁੰਦਾ ਹੈ :

(1) ਬੱਚਿਆਂ ਦੇ ਸਮਾਯੋਜਨ ਕਰਨ ਦੇ ਸੋਮੇ ਬਹੁਤ ਘੱਟ ਹਨ ਅਤੇ ਖ਼ਤਰੇ ਦੀ ਸਥਿਤੀ ਵਿੱਚ ਉਹ ਵਿਸ਼ੇਸ਼ ਤੌਰ ਤੇ ਅਸਹਾਇ ਹੁੰਦੇ ਹਨ। ਇਸ ਕਰਕੇ ਇਕ ਵੱਡੇ ਵਿਅਕਤੀ ਦੇ ਮੁਕਾਬਲੇ ਉਹ ਜਲਦੀ ਹੀ ਘਬਰਾ ਜਾਂਦੇ ਹਨ। ਬਚਪਨ ਵਿੱਚ ਇਕ ਡੂੰਘੀ ਝੀਲ ਵਿੱਚ ਡੁੱਬਣ ਦਾ ਅਨੁਭਵ ਜ਼ਿੰਦਗੀ ਭਰ ਲਈ ਪਾਣੀ ਦਾ ਡਰ ਸਥਾਪਤ ਕਰ ਦਿੰਦਾ ਹੈ।

(2) ਆਘਾਤਪੂਰਣ ਸਥਿਤੀਆਂ ਤੋਂ ਸਿੱਖੇ ਹੋਏ ਅਨੁਬੰਧਿਤ ਅਨੁਕ੍ਰਿਆਵਾਂ ਦਾ ਦੂਸਰੀਆਂ ਸਥਿਤੀਆਂ ਵਿੱਚ ਵੀ ਸਾਧਾਰਣੀਕਰਣ ਹੋ ਸਕਦਾ ਹੈ। ਇਕ ਬੱਚਾ, ਜਿਸ ਨੇ ਪਾਣੀ ਤੋਂ ਡਰਨਾ ਸਿੱਖ ਲਿਆ ਹੈ, ਹੋ ਸਕਦਾ ਹੈ ਕਿ ਉਹ ਕਿਸ਼ਤੀ ਵਿੱਚ ਚੜ੍ਹਨ ਤੋਂ ਵੀ ਡਰੇ ਭਾਵੇਂ ਉਸ ਨੂੰ ਪਤਾ ਹੈ ਕਿ ਡੁੱਬਣ ਦੀ ਸੰਭਾਵਨਾ ਬਹੁਤ ਘੱਟ ਹੋ ਸਕਦੀ ਹੈ।

ਮੁੱਢਲੇ ਆਘਾਤਪੂਰਨ ਤਜਰਬਿਆਂ ਤੋਂ ਬਾਅਦ ਦੇ ਪ੍ਰਭਾਵ ਇਸ ਗੱਲ ਤੇ ਨਿਰਭਰ ਕਰਦੇ ਹਨ ਕਿ ਬੱਚੇ ਨੂੰ ਆਪਣੇ ਮਾਪਿਆਂ ਅਤੇ ਹੋਰ ਮਹੱਤਵਪੂਰਣ ਵਿਅਕਤੀਆਂ ਦੁਆਰਾ ਕਿੰਨੀ ਕੁ ਸਹਾਇਤਾ ਅਤੇ ਹਮਾਇਤ ਮਿਲ ਰਹੀ ਹੈ। ਇਹ ਹਮਾਇਤ ਉਸ ਸਮੇਂ ਜ਼ਿਆਦਾ ਮਹੱਤਵਪੂਰਨ ਜਾਪਦੀ ਹੈ ਜਦੋਂ ਆਘਾਤ ਵਿੱਚ ਅਜਿਹਾ ਅਨੁਭਵ ਸ਼ਾਲ ਹੋਵੇ ਜੋ ਅਯੋਗਤਾ ਅਤੇ ਸਵੈ-ਵਿਮੁਲਯਣ ਦੀ ਤੀਬਰ ਭਾਵਨਾਵਾਂ ਨੂੰ ਉਤੇਜਿਤ ਕਰੇ। ਬਾਲ ਅਵਸਥਾ ਦੇ ਕੁੱਝ ਮਾਨਸਿਕ ਆਘਾਤ ਅਜਿਹੇ ਹੁੰਦੇ ਹਨ, ਜਿਨ੍ਹਾਂ ਦੇ ਲੰਬੇ ਸਮੇਂ ਦੇ ਪ੍ਰਭਾਵ ਕਾਫੀ ਘੱਟ ਹੁੰਦੇ ਹਨ ਫਿਰ ਵੀ ਜੇ ਬੱਚੇ ਨੂੰ ਕਈ ਵਾਰ ਮਾਨਸਿਕ ਆਘਾਤ ਦਾ ਸਾਹਮਣਾ ਕਰਨਾ ਪਏ ਤਾਂ ਉਸ ਦੇ ਸਾਧਾਰਣ ਵਿਅਕਤਿੱਤਵ ਵਿਕਾਸ ਵਿੱਚ ਰੁਕਾਵਟ ਆਉਂਦੀ ਹੈ।

1.7.3.3 ਅਯੋਗ ਦੇਖ-ਭਾਲ (Inadequate Parenting)

ਅਸਾਧਾਰਣ ਵਿਵਹਾਰ ਪ੍ਰਤਿ ਹਰ ਤਰ੍ਹਾਂਦਾ ਮਨੋ-ਸਮਾਜਿਕ ਦ੍ਰਿਸ਼ਟੀਕੋਣ ਉਹਨਾਂ ਵਿਵਹਾਰਿਕ ਪ੍ਰਵ੍ਰਿਤੀਆਂ ਤੇ ਫੋਕਸ ਕਰਦਾ ਹੈ ਜੋ ਬੱਚਾ ਦੂਸਰਿਆਂ ਨਾਲ ਖ਼ਾਸ ਤੌਰ ਤੇ ਮਾਪਿਆਂ ਨਾਲ ਆਪਣੀ ਮੁੱਢਲੀ ਸਮਾਜਿਕ ਅੰਤਰ-ਕ੍ਰਿਆ ਦੌਰਾਨ ਪ੍ਰਾਪਤ ਕਰਦਾ ਹੈ ਭਾਵੇਂ ਉਹਨਾਂ ਸਾਰਿਆਂ ਦੇ ਵਿਆਖਿਆ ਅਤਿ-ਅਧਿਕ ਭਿੰਨ ਹੈ ਪਰੰਤੂ ਸਾਰੇ ਦ੍ਰਿਸ਼ਟੀਕੋਣ ਇਹ ਸਾਧਾਰਣ ਸਿਧਾਂਤ ਮੰਨਦੇ ਹਨ ਕਿ ਦੇਖ-ਭਾਲ ਵਿੱਚ ਕੁੱਝ ਕਮੀਆਂ ਬੱਚੇ ਦੀ ਜ਼ਿੰਦਗੀ ਦੀਆਂ ਚੁਣੌਤੀਆਂ ਨਾਲ ਲੜਨ ਦੀ ਯੋਗਤਾ ਤੇ ਤੀਬਰ ਪ੍ਰਭਾਵ ਪਾਉਂਦੀਆਂ ਹਨ। ਸਾਨੂੰ ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਪ੍ਰਭਾਵ ਦੇ ਮਾਮਲੇ ਵਿੱਚ ਮਾਪਿਆਂ ਅਤੇ ਬੱਚਿਆਂ ਦਾ ਸੰਬੰਧ ਹਮੇਸ਼ਾਂ ਦੋ-ਦਿਸ਼ਾਵੀ ਹੈ। ਹਮੇਸ਼ਾਂ ਇਕੱਠੇ ਰਹਿਣ ਵਾਲਿਆਂ ਵਿੱਚ ਇਕ ਵਿਅਕਤੀ ਦਾ ਵਿਵਹਾਰ ਦੂਸਰੇ ਵਿਅਕਤੀ ਦੇ ਵਿਵਹਾਰ ਨੂੰ ਪ੍ਰਭਾਵਿਤ ਕਰਦਾ ਹੈ। ਕੁੱਝ ਬੱਚਿਆਂ ਨੂੰ ਦੂਸਰਿਆਂ ਦੇ ਮੁਕਾਬਲੇ ਪਿਆਰ ਕਰਨਾ ਸੌਖਾ ਹੁੰਦਾ ਹੈ ਅਤੇ ਕੁੱਝ ਮਾਪੇ ਆਪਣੇ ਬੱਚਿਆਂ ਦੀਆਂ ਲੋੜਾਂ ਪ੍ਰਤੀ ਜ਼ਿਆਦਾ ਸੰਵੇਦਨਾਸ਼ੀਲ ਹੁੰਦੇ ਹਨ। ਇਹ ਕਹਿਣਾ ਮੁਸ਼ਕਿਲ ਹੈ ਕਿ ਕਿਹੜਾ ਵਿਅਕਤੀ ਕੁੱਝ ਅੰਦਰ-ਕ੍ਰਿਆਵੀ ਨਮੂਨਿਆਂ ਲਈ ਜ਼ਿਆਦਾ ਜ਼ਿੰਮੇਵਾਰ ਹੈ। ਖਾਸ ਮੌਕਿਆਂ ਤੇ ਅਸੀਂ ਬੱਚਿਆਂ ਵਿੱਚ ਕੁੱਝ ਅਜਿਹੀਆਂ ਵਿਸ਼ੇਸ਼ਤਾਵਾਂ ਦੀ ਪਹਿਚਾਣ

ਕਰਨ ਦੇ ਯੋਗ ਹੁੰਦੇ ਹਾਂ ਜੋ ਮਾਪਿਆਂ ਅਤੇ ਬੱਚਿਆਂ ਵਿੱਚ ਅਸੰਤੁਸ਼ਟ ਸੰਬੰਧਾਂ ਲਈ ਜ਼ਿੰਮੇਵਾਰ ਹੁੰਦੀਆਂ ਹਨ। ਇਹ ਦੇਖਿਆ ਗਿਆ ਹੈ ਕਿ ਅਜਿਹੇ ਬੱਚਿਆਂ ਦੇ ਮਾਪੇ ਅਕਸਰ ਮਿੱਤਰਹੀਣ, ਭਾਵਾਤਮਕ ਤੌਰ ਤੇ ਠੰਢੇ ਅਤੇ ਬੌਧਿਕ ਹੁੰਦੇ ਹਨ। ਜ਼ਿਆਦਾਤਰ ਕੇਸਾਂ ਵਿੱਚ ਮਾਪਿਆਂ ਦਾ ਆਪਣੇ ਬੱਚੇ ਤੇ ਪ੍ਰਭਾਵ ਉਸ ਦੇ ਵਿਵਹਾਰ ਅਤੇ ਵਿਅਕਤਿੱਤਵ ਨੂੰ ਬਣਾਉਣ ਵਿੱਚ ਮਹੱਤਵਪੂਰਨ ਹੁੰਦਾ ਹੈ। ਮਾਪਿਆਂ ਦੇ ਪ੍ਰਭਾਵ ਦੇ ਕੁੱਝ ਵਿਸ਼ੇਸ਼ ਨਮੂਨੇ ਉਹਨਾਂ ਬੱਚਿਆਂ ਦੀ ਪ੍ਰਿਸ਼ਠ-ਭੂਮੀ ਵਿੱਚ ਮਹਾਨ ਨਿਯਮਤਾ ਨਾਲ ਪ੍ਰਗਟ ਹੁੰਦੇ ਹਨ ਜਿਹਨਾਂ ਵਿੱਚ ਦੋਸ਼ਪੂਰਣ ਵਿਕਾਸ ਦੇ ਚਿੰਨ੍ਹ ਨਜ਼ਰ ਆਉਂਦੇ ਹਨ। ਇਹਨਾਂ ਨਮੂਨਿਆਂ ਵਿੱਚੋਂ ਕੁੱਝ ਮਹੱਤਵਪੂਰਣ ਨਮੂਨੇ ਹੇਠ ਲਿਖੇ ਗਏ ਹਨ :

1.7.3.3.1 ਅਤਿ-ਸੁਰੱਖਿਆ ਅਤੇ ਅਤਿ-ਅਧਿਕ ਪਾਬੰਦੀ ਜਾਂ ਪ੍ਰਤਿਬੰਧਨ (Over-protection and Exclusive Restriction)

ਅਤਿ-ਸੁਰੱਖਿਆਤਮਕ ਮਾਪੇ ਆਪਣੇ ਬੱਚਿਆਂ ਤੇ ਲਗਾਤਾਰ ਨਿਗ੍ਹਾ ਰੱਖਦੇ ਹਨ, ਮਾਮੂਲੀ ਜਿਹੇ ਖੇਤਰ ਤੋਂਰੱਖਿਆ ਕਰਦੇ ਹਨ ਅਤੇ ਹਰ ਮੌਕੇ ਤੇ ਉਹਨਾਂ ਲਈ ਫੈਸਲੇ ਲੈਂਦੇ ਹਨ। ਸਾਰ ਦੇ ਰੂਪ ਵਿੱਚ ਉਹ ਆਪਣੇ ਬੱਚਿਆਂ ਦੇ ਵਿਕਾਸ ਨੂੰ ਸੌਖਾਲਾ ਬਣਾਉਂਦੇ ਹਨ। ਜਦੋਂ ਬੱਚਾ ਬੀਮਾਰ ਹੁੰਦਾ ਹੈ, ਮਾਪੇ ਉਸ ਦਾ ਹੱਦੋਂ ਵੱਧ ਖਿਆਲ ਰੱਖਦੇ ਹਨ ਅਤੇ ਹਰ ਤਰ੍ਹਾਂ ਉਸ ਨੂੰ ਆਰਾਮ ਪਹੁੰਚਾਉਣ ਦਾ ਯਤਨ ਕਰਦੇ ਹਨ । ਬੱਚੇ ਨੂੰ ਹਰ ਖਤਰੇ ਤੋਂ ਬਚਾਉਣ ਦੇ ਯਤਨ ਵਿੱਚ ਅਤਿ-ਸੁਰੱਖਿਆਤਮਕ ਮਾਪੇ ਬੱਚਿਆਂ ਨੂੰ ਉਹ ਮੌਕੇ ਪ੍ਰਦਾਨ ਕਰਨ ਤੋਂ ਅਸਫਲ ਰਹਿੰਦੇ ਹਨ, ਜੋ ਉਸ ਦੇ ਵਿਕਾਸ ਲਈ ਮਹੱਤਵਪੂਰਨ ਹੋ ਸਕਦੇ ਹਨ। ਅਤਿ-ਸੁਰੱਖਿਅਤ ਵਿਵਹਾਰ ਜਾਂ ਅਤਿ-ਅਧਿਕ ਪ੍ਰਤਿਬੰਧਨ ਕਾਰਣ ਮਾਪੇ ਬੱਚੇ ਦੀਆਂ ਭਾਵਨਾਵਾਂ ਅਤੇ ਇੱਛਾਵਾਂ ਦੀ ਕਦਰ ਨਹੀਂ ਕਰਦੇ ਅਤੇ ਬੜੀ ਸਖ਼ਤੀ ਨਾਲ ਅਨੁਸ਼ਾਸਨ ਬਣਾ ਕੇ ਰੱਖਦੇ ਹਨ। ਘਰ ਦਾ ਕੜਾ ਅਨੁਸ਼ਾਸਨ ਬੱਚੇ ਵਿੱਚ ਬਗਾਵਤ ਦਾ ਬੀਜ ਬੀਜਦਾ ਹੈ ਅਤੇ ਬੱਚਿਆਂ ਨੂੰ ਮਾਪਿਆਂ ਵਿਰੁੱਧ ਸਦਾ ਰੋਸ ਰਹਿੰਦਾ ਹੈ। ਅਜਿਹੇ ਅਨੁਸ਼ਾਸਨ ਨਾਲ ਬੱਚੇ ਵਿੱਚ ਮਾਪਿਆਂ ਵੱਲ ਵਿਰੋਧੀ ਭਾਵਨਾਵਾਂ ਉਤਪੰਨ ਹੁੰਦੀਆਂ ਹਨ। ਬੱਚੇ ਮਾਪਿਆਂ ਦਾ ਬੁਰਾ ਸੋਚਦੇ ਹਨ ਅਤੇ ਕਈ ਵਾਰ ਇਸ ਕਾਰਣ ਉਹਨਾਂ ਵਿੱਚ ਅਪਰਾਧ ਦੀਆਂ ਭਾਵਨਾਵਾਂ ਆ ਜਾਂਦੀਆਂ ਹਨ। ਇਸ ਨਾਲ ਬੱਚੇ ਦਾ ਮਨੋਵਿਗਿਆਨਕ, ਸੰਤੁਲਨ ਕਾਇਮ ਨਹੀਂ ਰਹਿੰਦਾ ਅਤੇ ਉਸ ਵਿੱਚ ਅਸੁਰੱਖਿਅਤ ਅਤੇ ਅਪੂਰਨਤਾ ਦੀਆਂ ਭਾਵਨਾਵਾਂ ਵਧਦੀਆਂ ਹਨ।

1.7.3.3.2 ਅਵਾਸਤਵਿਕ ਲੋੜਾਂ (Unrealistic Demands)

ਕੁੱਝ ਮਾਪੇ ਆਪਣੇ ਬੱਚਿਆਂ ਉੱਤੇ ਉਹਨਾਂ ਦੇ ਅਵਾਸਤਵਿਕ ਉਚ ਸਟੈਂਡਰਡ ਅਨੁਸਾਰ ਜ਼ਿੰਦਗੀ ਬਿਤਾਉਣ ਲਈ ਕਾਫ਼ੀ ਜ਼ੋਰ ਪਾਉਂਦੇ ਹਨ।ਉਦਾਹਰਣ ਵਿੱਚ ਬੱਚਿਆਂ ਨੂੰ ਸਕੂਲ ਵਿੱਚ ਪੜ੍ਹਾਈ ਅਤੇ ਦੂਸਰੀਆਂ ਸਭਿਆਚਾਰਕ ਕ੍ਰਿਆਵਾਂ ਵਿੱਚ ਫਸ਼ਟ ਆਉਣ ਲਈ ਕਿਹਾ ਜਾਂਦਾ ਹੈ। ਜੇਕਰ ਬੱਚੇ ਵਿੱਚ ਇਹ ਇੱਛਾਵਾਂ ਪੂਰੀ ਕਰਨ ਦੀ ਯੋਗਤਾ ਹੈ ਤਾਂ ਸਭ ਠੀਕ ਹੋ ਜਾਵੇਗਾ ਪਰੰਤੂ ਫਿਰ ਵੀ ਬੱਚੇ ਉੱਪਰ ਅਣਚਾਹਿਆ ਡਰ ਰਹਿੰਦਾ ਹੈ, ਜਿਸ ਨਾਲ ਉਸ ਦੇ ਵਿਕਾਸ ਵਿੱਚ ਸੁਤੰਤਰਤਾ ਦੀ ਭਾਵਨਾ ਨਹੀਂ ਆਉਂਦੀ। ਇਸ ਭਾਵਨਾ ਦਾ ਸ਼ਿਕਾਰ ਵਿਅਕਤੀ ਕਦੇ ਵੀ ਆਪਣੇ ਮਾਪਿਆਂ ਦੀ ਉਮੀਦਾਂ ਅਤੇ ਲੋੜਾਂ ਅਨੁਸਾਰ ਖਰ੍ਹਾ ਨਹੀਂ ਉਤਰਦਾ। ਜੇਕਰ ਬੱਚਾ ਕਲਾਸ ਵਿੱਚ ਥਰਡ ਆਉਣ ਦੀ ਬਜਾਏ ਸੈਕਿੰਡ ਆ ਜਾਏ ਤਾਂ ਮਾਪੇ ਉਸ ਨੂੰ ਸ਼ਾਬਾਸ਼ ਨਹੀਂ ਦਿੰਦੇ, ਸਗੋਂ ਇਹ ਕਹਿੰਦੇ ਹਨ ਕਿ ਉਹ ਫਸਟ ਕਿਉਂ ਨਹੀਂ ਆਇਆ। ਅਜਿਹੀ ਕੋਸ਼ਿਸ਼ ਬੱਚੇ ਵਿੱਚ ਨਿਰਾਸ਼ਤਾ ਅਤੇ ਸਵੈ-ਵਿਮੂਲਯਣ ਦੀ ਭਾਵਨਾ ਪੈਦਾ ਕਰਦੀ ਹੈ। ਕਈ ਮਾਪੇ ਬੱਚਿਆਂ ਦੇ ਅਸਫਲ ਹੋਣ ਤੇ ਉਹਨਾਂ ਨੂੰ ਅੱਗੇ ਕੋਸ਼ਿਸ਼ ਕਰਨ ਲਈ ਵੀ ਉਤਸ਼ਾਹਿਤ ਨਹੀਂ ਕਰਦੇ। ਇਸ ਨਾਲ ਬੱਚੇ ਵਿੱਚ ਇਹ ਭਾਵਨਾ ਆ ਜਾਂਦੀ ਹੈ ਕਿ ਮੈਂ ਤਾਂ ਇਹ ਕੰਮ ਕਰ ਹੀ ਨਹੀਂ ਸਕਦਾ, ਇਸ ਲਈ ਕੋਸ਼ਿਸ਼ ਕਰਨ ਦਾ ਕੀ ਫਾਇਦਾ।

ਚੰਗੇ ਵਿਕਾਸ ਲਈ ਬੱਚੇ ਦੀਆਂ ਨਵੀਆਂ ਪ੍ਰਾਪਤੀਆਂ ਦੀ ਪਹਿਚਾਣ ਅਤੇ ਉਹਨਾਂ ਪ੍ਰਾਪਤੀਆਂ ਲਈ ਉਸ ਦੀ ਹੌਸਲਾ-ਅਫ਼ਜਾਈ ਬਹੁਤ ਜ਼ਰੂਰੀ ਹੈ। ਮਾਪਿਆਂ ਦੀਆਂ ਅਵਾਸਤਵਿਕ ਮੰਗਾਂ ਨੈਤਿਕ ਮੁੱਲਾਂ

ਜਿਵੇਂ ਕਿ ਲਿੰਗ, ਸ਼ਰਾਬ ਆਦਿ ਤੇ ਜ਼ੋਰ ਪਾਉਂਦੀਆਂ ਹਨ। ਉਦਾਹਰਣ ਲਈ ਮਾਪੇ ਬੱਚਿਆਂ ਵਿੱਚ ਲਿੰਗਕ ਕ੍ਰਿਆਵਾਂ ਬਾਰੇ ਉਸ ਦੀ ਉਤਸੁਕਤਾ ਨੂੰ ਦਬਾ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਇਸ ਬਾਰੇ ਗੱਲ ਕਰਨਾ ਪਾਪ ਹੈ। ਬੱਚਾ, ਜੋ ਮਾਪਿਆਂ ਦੇ ਅਜਿਹੇ ਸਟੈਂਡਰਡ ਨੂੰ ਮੰਨਦਾ ਹੈ, ਆਪਣੇ ਸਾਥੀਆਂ ਵਿੱਚ ਜਾ ਕੇ ਇਸ ਉਤਸੁਕਤਾ ਦੀ ਪੂਰਤੀ ਕਰਦਾ ਹੈ, ਪਰੰਤੂ ਅਜਿਹਾ ਕਰਦੇ ਕਈ ਵਾਰ ਉਸ ਵਿੱਚ ਅਪਰਾਧ ਅਤੇ ਸਵੈ-ਵਿਮੂਲਯਣ ਦੀਆਂ ਭਾਵਨਾਵਾਂ ਆ ਜਾਂਦੀਆਂ ਹਨ ਜੋ ਅਸਾਧਾਰਣ ਵਿਵਹਾਰ ਪੈਦਾ ਕਰਦੀਆਂ ਹਨ।

1.7.3.3.3 ਅਤਿ-ਮਨਜ਼ੂਰੀ ਅਤੇ ਮਿਹਰਬਾਨੀ (Over-permissiveness and Indulgence)

ਕਈ ਵਾਰ ਮਾਪੇ ਬੱਚੇ ਦੀ ਛੋਟੀ ਤੋਂ ਛੋਟੀ ਮਨ-ਮੌਜ ਜਾਂ ਇੱਛਾ ਵੱਲ ਧਿਆਨ ਦੇਣ ਅਤੇ ਇਸ ਤਰ੍ਹਾਂ ਕਰਦੇ ਹੋਏ ਕਈ ਵਾਰ ਵਿਵਹਾਰ ਦੇ ਇੱਛਿਤ ਮਿਆਰ ਸਿਖਾਉਣ ਵਿੱਚ ਅਸਫਲ ਹੋ ਜਾਂਦੇ ਹਨ। ਕਈ ਮਾਪੇ ਘਰ ਦਾ ਸੰਚਾਲਨ ਆਪਣੇ ਲੜਕੇ ਜਾਂ ਲੜਕੀ ਦੇ ਹਵਾਲੇ ਕਰ ਦਿੰਦੇ ਹਨ। ਜ਼ਿਆਦਾ ਮਿਹਰਬਾਨੀ ਪਾਉਣ ਵਾਲੇ ਬੱਚੇ ਅਕਸਰ ਵਿਗੜੇ ਹੋਏ, ਸਵਾਰਥੀ, ਬੇਪਰਵਾਹ ਅਤੇ ਹਮੇਸ਼ਾਂ ਕੋਈ ਮੰਗ ਕਰਨ ਵਾਲੇ ਹੁੰਦੇ ਹਨ। ਸੀਅਰਜ਼ (1961) ਨੇ ਇਕ ਖੋਜ ਕਰਕੇ ਦੇਖਿਆ ਕਿ ਜ਼ਿ ਆਦਾ ਮਨਜ਼ੂਰੀ ਅਤੇ ਅਨੁਸ਼ਾਸਨ ਦਾ ਸਮਾਜ-ਵਿਰੋਧੀ ਅਤੇ ਆਕ੍ਰਮਣਕਾਰੀ ਵਿਵਹਾਰ ਨਾਲ ਧਨਾਤਮਕ ਸੰਬੰਧ ਹੈ। ਇਹ ਵਿਗੜੇ ਹੋਏ ਬੱਚੇ ਦੂਸਰਿਆਂ ਨਾਲ ਸੰਬੰਧ ਛੇਤੀ ਹੀ ਬਣਾ ਲੈਂਦੇ ਹਨ, ਪਰੰਤੂ ਉਹ ਆਪਣੇ ਫਾਇਦੇ ਲਈ ਦੂਸਰੇ ਵਿਅਕਤੀਆਂ ਦੀ ਵਰਤੋਂ ਕਰਦੇ ਹਨ ਅਤੇ ਉਸ ਤਰੀਕੇ ਨਾਲ ਆਪਣੇ ਮਾਪਿਆਂ ਨੂੰ ਵਰਤਣਾ ਸਿੱਖ ਜਾਂਦੇ ਹਨ। ਅਧਿਮਾਰੀਆਂ ਨਾਲ ਗੱਲਬਾਤ ਕਰਨ ਸਮੇਂ ਇਹਨਾਂ ਦਾ ਵਤੀਰਾ ਹਮੇਸ਼ਾਂ ਬਾਗੀ ਹੁੰਦਾ ਹੈ, ਮਾਪਿਆਂ ਦੀ ਜ਼ਿਆਦਾ ਮਿਹਰਬਾਨੀ ਪ੍ਰਾਪਤ ਕਰਨ ਵਾਲੇ ਬੱਚਿਆਂ ਵਿੱਚ ਸਹਿਣਸ਼ੀਲਤਾ ਦੀ ਕਮੀ ਹੁੰਦੀ ਹੈ, ਆਪਣੀਆਂ ਸਮੱਸਿਆਵਾਂ ਨੂੰ ਉਹ ਝਗੜਾਲੂ ਤਰੀਕੇ ਨਾਲ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਭਵਿੱਖ ਵਿੱਚ ਪ੍ਰਾਪਤ ਹੋਣ ਵਾਲੇ ਉਦੇਸ਼ਾਂ ਲਈ ਵਰਤਮਾਨ ਨਿਰਾਸ਼ਤਾ ਨੂੰ ਸਵੀਕਾਰ ਨਹੀਂ ਕਰਦੇ। ਇਸ ਦਾ ਕਾਰਣ ਇਹ ਹੁੰਦਾ ਹੈ ਕਿ ਘਰ ਵਿੱਚ ਅਤਿ-ਅਧਿਕ ਲਾਡ-ਪਿਆਰ ਮਿਲਣ ਕਰਕੇ ਉਹ ਬਾਹਰੀ ਸੰਸਾਰ ਤੋਂ ਵੀ ਉਮੀਦਾਂ ਰੱਖਦੇ ਹਨ ਪਰੰਤੂ ਜਦੋਂ ਉਹਨਾਂ ਵੱਲ ਧਿਆਨ ਨਹੀਂ ਦਿੱਤਾ ਜਾਂਦਾ ਤਾਂ ਉਹਨਾਂ ਨੂੰ ਬੜਾ ਧੱਕਾ ਲੱਗਦਾ ਹੈ। ਜਦੋਂ ਅਸਲੀਅਤ ਉਹਨਾਂ ਨੂੰ ਆਪਣੇ ਬਾਹਰੇ ਸੰਸਾਰ ਬਾਰੇ ਆਪਣੀ ਧਾਰਨਾ ਬਦਲਣ ਲਈ ਮਜ਼ਬੂਰ ਕਰਦੀ ਹੈ ਤਾਂ ਉਹਨਾਂ ਵਿੱਚ ਸਮਾਯੋਜਨ ਦੀ ਸਮੱਸਿਆ ਆਉਂਦੀ ਹੈ ਜੋ ਨਿਰਾਸ਼ਤਾ ਅਤੇ ਆਪਸੀ ਸੰਬੰਧਾਂ ਵਿੱਚ ਅਸਫ਼ਲਤਾ ਪੈਦਾ ਕਰਦੀ ਹੈ।

1.7.3.3.4 ਅਯੋਗ ਅਤੇ ਤਰਕਹੀਨ ਗਿਆਨ ਸੰਸਾਰ (Inadequate and Irrational Communication)

ਕਈ ਵਾਰ ਮਾਪੇ ਬੱਚਿਆਂ ਨੂੰ ਪ੍ਰਸ਼ਨ ਪੁੱਛਣ ਤੋਂ ਰੁਕਦੇ ਹਨ ਅਤੇ ਦੂਸਰੇ ਸ਼ਬਦਾਂ ਵਿੱਚ ਬੱਚੇ ਵਿੱਚ ਜ਼ਰੂਰੀ ਯੋਗਤਾਵਾਂ ਦੇ ਵਿਕਾਸ ਲਈ ਸਹਾਇਕ ਜ਼ਰੂਰੀ ਜਾਣਕਾਰੀ ਅਤੇ ਆਦਾਨ-ਪ੍ਰਦਾਨ ਨੂੰ ਉਨੱਤ ਕਰਨ ਵਿੱਚ ਅਸਫਲ ਰਹਿੰਦੇ ਹਨ। ਸੀਮਿਤ ਅਤੇ ਆਯੋਗ ਗਿਆਨ ਸੰਚਾਰ ਆਰਥਿਕ ਤੌਰ ਤੇ ਪਰਿਵਾਰਾਂ ਵਿੱਚ ਪ੍ਰਤਿਕੂਲ ਪ੍ਰਭਾਵ ਪੈਦਾ ਕਰਦਾ ਹੈ। ਅਯੋਗ ਗਿਆਨ ਸੰਚਾਰ ਕਈ ਕਿਸਮਾਂ ਦਾ ਹੋ ਸਕਦਾ ਹੈ। ਕਈ ਮਾਪੇ ਆਪਣੇ ਹੀ ਕੰਮਾਂ ਜਾਂ ਕਿੱਤਿਆਂ ਵਿੱਚ ਇੰਨੇ ਜ਼ਿਆਦਾ ਰੁਝੇ ਹੋਏ ਹੁੰਦੇ ਹਨ ਕਿ ਉਹਨਾਂ ਕੋਲ ਬੱਚਿਆਂ ਦੀਆਂ ਸਮੱਸਿਆਵਾਂ ਸੁਨਣ ਦਾ ਸਮਾਂ ਨਹੀਂ ਹੁੰਦਾ ਅਤੇ ਨਾ ਹੀ ਉਹ ਬੱਚੇ ਦੇ ਮਨ ਅੰਦਰ ਹੋ ਰਹੇ ਸੰਘਰਸ਼ ਅਤੇ ਦਬਾਓ ਨੂੰ ਸਮਝਣ ਵਿੱਚ ਸਫਲ ਹੁੰਦੇ ਹਨ। ਨਤੀਜੇ ਵੱਜੋਂ ਅਜਿਹੇ ਮਾਪੇ ਅਕਸਰ ਹੀ ਲੋੜਵੰਦ ਸਹਾਇਤਾ ਅਤੇ ਸਹਾਰਾ ਦੇਣ ਵਿੱਚ ਅਸਫਲ ਰਹਿੰਦੇ ਹਨ। ਕੁੱਝ ਮਾਪੇ ਅਕਸਰ ਭੁੱਲ ਜਾਂਦੇ ਹਨ ਕਿ ਇਕ ਬੱਚਾ ਜਾਂ ਬਾਲਗ ਬਾਹਰੀ ਸੰਸਾਰ ਨੂੰ ਵੱਖ-ਵੱਖ ਨਜ਼ਰੀਏ ਨਾਲ ਦੇਖਦਾ ਹੈ। ਤੇਜ਼ੀ ਨਾਲ ਹੋ ਰਹੀ ਸਮਾਜਿਕ ਤਬਦੀਲੀ ਪੀੜ੍ਹੀਆਂ ਵਿੱਚ

ਗਿਆਨ ਸੰਚਾਰ ਦਾ ਖਲਾਅ ਪੈਦਾ ਕਰ ਸਕਦੀ ਹੈ। ਕਈ ਕੇਸਾਂ ਵਿੱਚ ਦੋਸ਼ਪੂਰਨ ਗਿਆਨ-ਸੰਚਾਰ ਗੰਭੀਰ ਰੂਪ ਧਾਰਨ ਕਰ ਲੈਂਦਾ ਹੈ ਜਿਸ ਵਿੱਚ ਮਾਪਿਆਂ ਦੁਆਰਾ ਭੇਜੇ ਗਏ ਸੁਨੇਹੇ ਦਾ ਅਰਥ ਬੱਚੇ ਆਪਣੀ ਮਰਜ਼ੀ ਨਾਲ ਸਮਝਦੇ ਹਨ ਕਿਉਂਕਿ ਉਹ ਉਹਨਾਂ ਦੇ ਸਹੀ ਅਰਥ ਨੂੰ ਜਾਣਨਾ ਨਹੀਂ ਚਾਹੁੰਦੇ। ਗਿਆਨ-ਸੰਚਾਰ ਦਾ ਅਜਿਹਾ ਦੋਸ਼ਪੂਰਨ ਰੂਪ ਅਕਸਰ ਸਕਿਜ਼ੋਫਰੀਨਿਕ ਵਿਅਕਤੀਆਂ ਦੇ ਪਰਿਵਾਰਾਂ ਵਿੱਚ ਪਾਇਆ ਜਾਂਦਾ ਹੈ। ਕਈਂ ਖੋਜਾਂ ਤੋਂ ਸਿੱਧ ਹੋਇਆ ਹੈ ਕਿ ਸਕਿਜ਼ੋਫਰੀਨੀਆਂ ਲਈ ਦੋਸ਼ਪੂਰਨ ਗਿਆਨ-ਸੰਚਾਰ ਦਾ ਵਿਸ਼ੇਸ਼ ਮਹੱਤਵ ਹੈ, ਪਰੰਤੂ ਇਸ ਦਾ ਮਤਲਬ ਇਹ ਨਹੀਂ ਕਿ ਦੋਸ਼ਪੂਰਨ ਗਿਆਨ-ਸੰਚਾਰ ਸਿਰਫ ਸਕਿਜ਼ੋਫਰੀਨੀਆਂ ਦੇ ਰੋਗੀਆਂ ਵਿੱਚ ਹੀ ਹੁੰਦਾ ਹੈ।

1.7.3.4 ਰੋਗਜਨਕ ਪਰਿਵਾਰਿਕ ਢਾਂਚਾ (Pathogenic Family Structure)

ਰੋਗਜਨਕ ਮਾਪੇ-ਬੱਚਿਆਂ ਦੇ ਸੰਬੰਧ, ਜਿਵੇਂ ਕਿ ਪਿਤਰੀ ਅਸਵੀਕ੍ਰਿਤੀ, ਬਹੁਤ ਜ਼ਿਆਦਾ ਗੰਭੀਰ ਉਸ ਸਮੇਂ ਹੁੰਦੇ ਹਨ ਜਦੋਂ ਪੂਰੇ ਪਰਿਵਾਰ ਵਿੱਚ ਅਸਾਧਾਰਣ ਦੇ ਅੰਸ਼ ਹੋਣ। ਇਸ ਲਈ ਰੋਗਜਨਕ ਪਰਿਵਾਰਿਕ ਢਾਂਚਾ ਇਕ ਪ੍ਰਮੁੱਖ ਕਾਰਣ ਹੈ ਜੋ ਵਿਅਕਤੀ ਵਿੱਚ ਪ੍ਰਤਿਬਲ ਵਧਾਉਣ ਦੀ ਸੰਭਾਵਨਾ ਨੂੰ ਵਧਾ ਦਿੰਦਾ ਹੈ। ਰੌਫ ਅਤੇ ਨਾਈਟ (1981) ਨੇ ਉਹਨਾਂ ਵਿਅਕਤੀਆਂ ਦਾ ਅਧਿਐਨ ਕੀਤਾ ਜੋ ਬਾਲਗ ਅਵਸਥਾ ਦੇ ਸ਼ੁਰੂ ਵਿੱਚ ਸਕਿਜ਼ੋਫਰਨਿਕ ਬਣ ਗਏ। ਇਹਨਾਂ ਵਿਅਕਤੀਆਂ ਦੀ ਵੱਖ-ਵੱਖ ਪਰਿਵਾਰਾਂ ਵਿੱਚ ਦੇਖਭਾਲ ਕੀਤੀ ਗਈ ਸੀ। ਅਤਿ-ਸੁਰੱਖਿਆਤਮਕ ਪਰਿਵਾਰ ਅਤੇ ਪਰਿਵਾਰ ਦਾ ਅਣਗੌਲਿਆ ਵਿਵਹਾਰ। ਮਾਤਰੀ ਅਣਗਹਿਲੀ ਦਾ ਬੇਮੇਲ ਪਾਰਿਵਾਰਿਕ ਢਾਂਚੇ ਨਾਲ ਅਤੇ ਮਾਤਰੀ ਚਿੰਤਾ ਤੇ ਅਤਿ-ਸੁਰੱਖਿਆਤਮਕ ਰਵੱਈਏ ਦਾ ਵਿਘਟਿਤ ਪਰਿਵਾਰਿਕ ਢਾਂਚੇ ਨਾਲ ਸੰਬੰਧ ਪਾਇਆ ਗਿਆ। ਇਹਨਾਂ ਪਰਿਵਾਰਿਕ ਢਾਂਚਿਆਂ ਦੀ ਵਿਆਖਿਆ ਅੱਗੇ ਦਿੱਤੇ ਭਾਗ ਵਿੱਚ ਕੀਤੀ ਜਾ ਰਹੀ ਹੈ ਜਿਸ ਵਿੱਚ ਬਿਖਰੇ ਪਰਿਵਾਰਾਂ ਦੇ ਸੰਭਾਵਿਤ ਰੋਗਜਨਕ ਪ੍ਰਭਾਵਾਂ ਦਾ ਵਰਨਣ ਵੀ ਕੀਤਾ ਗਿਆ ਹੈ :

1.7.3.4.1 ਬੇਮੇਲ ਅਤੇ ਵਿਘਟਤ ਪਰਿਵਾਰ (Discordant and Disturbed Families)

ਬੇਮੇਲ ਪਰਿਵਾਰ ਵਿੱਚ ਮਾਪਿਆਂ ਵਿੱਚ ਇਕ ਜਾਂ ਦੋਵਾਂ ਨੂੰ ਆਪਣੇ ਸੰਬੰਧਾਂ ਤੋਂ ਸੰਤੁਸ਼ਟੀ ਪ੍ਰਾਪਤ ਨਹੀਂ ਹੁੰਦੀ। ਪਤੀ ਜਾਂ ਪਤਨੀ ਨਿਰਾਸ਼ਤਾ ਅਤੇ ਵਹਿਮ ਦੀਆਂ ਆਪਣੀਆਂ ਭਾਵਨਾਵਾਂ ਨੂੰ ਵਿਰੋਧੀ ਤਰੀਕਿਆਂ, ਜਿਵੇਂ ਕਿ ਦੂਸਰੇਦੀ ਹੱਤਕ ਕਰਕੇ, ਦੂਸਰੇ ਵਿਅਕਤੀ ਨੂੰ ਗੁੱਸਾ ਕਰਨ ਲਈ ਜਾਣ-ਬੁੱਝ ਕੇ ਗਲਤ ਕੰਮ ਕਰਕੇ ਆਦਿ ਰਾਹੀਂ ਪ੍ਰਗਟ ਕਰ ਸਕਦਾ ਹੈ। ਗੱਲਾਂ ਵਿੱਚ ਭਿੰਨਤਾ ਅਸੰਤੁਸ਼ਟਤਾ ਅਤੇ ਸੰਘਰਸ਼ ਦਾ ਮੁੱਖ ਸਾਧਨ ਹੈ ਜੋ ਕਈ ਵਿਸ਼ਿਆਂ, ਜਿਵੇਂ ਕਿ ਕਾਮੁਕ ਵਿਵਹਾਰ, ਧਨ ਦੀ ਵਰਤੋਂ ਆਦਿ ਬਾਰੇ ਗੰਭੀਰ ਅਸਹਿਮਤੀਆਂ ਪੈਦਾ ਕਰ ਸਕਦੀ ਹੈ। ਮਾਪਿਆਂ ਦੀਆਂ ਸਮੱਸਿਆਵਾਂ ਦਾ ਕਾਰਣ ਕੋਈ ਵੀ ਹੋਵੇ, ਪਰ ਬਾਲਗਾਂ ਅਤੇ ਬੱਚਿਆਂ ਉੱਪਰ ਉਹਨਾਂ ਦਾ ਪ੍ਰਭਾਵ ਨਿਰਾਸ਼ਾਜਨਕ, ਦੁਖਦਾਈ ਅਤੇ ਰੋਗਜਨਕ ਹੁੰਦਾ ਹੈ। ਜੋ ਬੱਚੇ ਅਜਿਹੇ ਬੇਮੇਲ ਪਰਿਵਾਰਾਂ ਵਿੱਚ ਪਲਦੇ ਹਨ, ਉਹਨਾਂ ਨੂੰ ਵਿਵਾਹਿਤ ਜੀਵਨ ਵੱਚ ਆਪਸੀ ਸੰਬੰਧ ਬਣਾਉਣ ਵਿੱਚ ਕਠਿਨਾਈ ਆਉਂਦੀ ਹੈ।

ਵਿਘਟਿਤ ਪਰਿਵਾਰ ਵਿੱਚ ਮਾਤਾ ਜਾਂ ਪਿਤਾ ਅਤਿ-ਵਹਿਮੀ ਅਤੇ ਅਸਾਧਾਰਣ ਤਰੀਕਿਆਂ ਨਾਲ ਵਿਵਹਾਰ ਕਰਦੇ ਹਨ ਜਿਸ ਕਾਰਨ ਘਰ ਵਿੱਚ ਹਮੇਸ਼ਾਂ ਭਾਵਾਤਮਕ ਹੁੱਲੜਬਾਜ਼ੀ ਰਹਿੰਦੀ ਹੈ। ਅਜਿਹੇ ਪਰਿਵਾਰਾਂ ਵਿੰਚ ਮਾਪੇ, ਜੋ ਆਪਣਾ ਸੰਤੁਲਨ ਕਾਇਮ ਕਰਨ ਲਈ ਲੜਦੇ ਰਹਿੰਦੇ ਹਨ, ਬੱਚਿਆਂ ਨੂੰ ਉਹਨਾਂ ਦੀ ਲੋੜ ਅਨੁਸਾਰ ਪਿਆਰ ਅਤੇ ਅਗਵਾਈ ਦੇਣ ਤੋਂ ਅਸਮਰੱਥ ਹੁੰਦੇ ਹਨ। ਬੱਚਿਆਂ ਵਿੱਚ ਤਰਕਹੀਨ ਗਿਆਨ-ਸੰਚਾਰ ਪੈਦਾ ਹੋ ਜਾਂਦਾ ਹੈ ਅਤੇ ਉਹ ਮਾਪਿਆਂ ਦੇ ਦੋਸ਼ਪੂਰਨ ਵਿਵਹਾਰ ਨੂੰ ਹੀ ਆਪਣਾ ਆਦਰਸ਼ ਮੰਨਣਾ ਸ਼ੁਰੂ ਕਰ ਦਿੰਦੇ ਹਨ।

1.7.3.4.2 ਖੰਡਿਤ ਪਰਿਵਾਰ (Disrupted Families)

ਪਰਿਵਾਰਿਕ ਨਮੂਨੇ ਦੀ ਤੀਸਰੀ ਕਿਸਮ, ਜੋ ਰੋਗਜਨਕ ਹੋ ਸਕਦੀ ਹੈ, ਬਿਖਰਿਆ ਪਰਿਵਾਰ ਹੈ। ਬਿਖਰਿਆ ਜਾਂ ਖੰਡਿਤ ਪਰਿਵਾਰ ਮਾਪਿਆਂ ਵਿੱਚੋਂ ਇਕ ਦੀ ਮੌਤ, ਤਲਾਕ ਜਾਂ ਕੋਈ ਹੋਰ ਹਾਲਤਾਂ ਕਾਰਨ ਅਪੂਰਨ ਪਰਿਵਾਰ ਹੁੰਦਾ ਹੈ। ਸਮਾਜ ਵਿੱਚ ਤਲਾਕ ਦੀ ਵਧਦੀ ਪ੍ਰਵਾਨਗੀ ਕਰਕੇ ਅਮਰੀਕਾ ਵਿੱਚ ਇਕ ਸਾਲ ਵਿੱਚ ਇਕ ਮਿਲੀਅਨ ਤੋਂ ਜ਼ਿਆਦਾ ਤਲਾਕ ਹੁੰਦੇ ਹਨ। ਅਸੁਖਾਵਾਂ ਵਿਆਹੁਤਾ ਜੀਵਨ ਮੁਸ਼ਕਿਲ ਹੈ, ਪਰੰਤੂ ਵਿਵਹਾਹਿਤ ਸੰਬੰਧਾਂ ਦਾ ਅੰਤ ਕਰਨਾ ਵੀ ਮਾਨਸਿਕ ਅਤੇ ਸਰੀਰਕ ਤੌਰ ਤੇ ਉਨ੍ਹਾਂ ਹੀ ਪ੍ਰਤਿਬਲ ਪੂਰਨ ਹੈ। ਤਲਾਕ ਦੀ ਬੱਚਿਆਂ ਉੱਪਰ ਆਘਾਤੀ ਅਸਰ ਪੈਂਦਾ ਹੈ। ਉਹਨਾਂ ਵਿੱਚ ਅਸੁਰੱਖਿਅਤਾ ਅਤੇ ਅਪ੍ਰਵਾਨਗੀ ਦੀਆਂ ਭਾਵਨਾਵਾਂ ਪੈਦਾ ਹੋ ਜਾਂਦੀਆਂ ਹਨ। ਕਈ ਵਾਰ ਕਾਨੂੰਨੀ ਤੌਰ ਤੇ ਬੱਚਾ, ਮਾਤਾ ਜਾਂ ਪਿਤਾ, ਕਿਸੇ ਇਕ ਦਾ ਰਹਿੰਦਾ ਹੈ, ਪਰੰਤੂ ਹੋ ਸਕਦਾ ਹੈ ਕਿ ਬੱਚੇ ਦਾ ਮਨ ਦੂਸਰੇ ਨਾਲ ਰਹਿਣ ਦਾ ਹੋਏ। ਕਈ ਬੱਚੇ ਆਪਣੇ ਮਾਪਿਆਂ ਦੇ ਤਲਾਕ ਉਪਰੰਤ ਸਮਾਯੋਜਨ ਕਰ ਲੈਂਦੇ ਹਨ, ਪਰ ਇਹ ਤਦ ਹੀ ਸੰਭਵ ਹੈ ਜੇਕਰ ਤਲਾਕ ਤੋਂ ਪਹਿਲਾਂ ਆਪਣੀ ਜ਼ਿੰਦਗੀ ਵਿੱਚ ਚੰਗੀ ਤਰ੍ਹਾਂ ਸਮਾਯੋਜਿਤ ਹੋਣ।

ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਪਿਤਾ ਦੀ ਮੌਤ ਪੁੱਤਰੀ ਦੇ ਮੁਕਾਬਲੇ ਬੇਟੇ ਲਈ ਜ਼ਿ ਆਦਾ ਆਘਾਤੀ ਹੁੰਦੀ ਹੈ ਪਰੰਤੂ ਇਸ ਧਾਰਣਾ ਸੰਬੰਧੀ ਕੁੱਝ ਗਲਤ ਫਹਿਮੀਆਂ ਹਨ। ਹੁਣ ਇਹ ਮੰਨਿਆ ਜਾਂਦਾ ਹੈ ਕਿ ਪਿਤਾ ਦੀ ਮੌਤ ਜਾਂ ਗੈਰ-ਮੌਜੂਦ ਲੜਕੀਆਂ ਅਤੇ ਲੜਕਿਆਂ ਲਈ ਸੁਰੱਖਿਅਤ ਲਿੰਗੀ ਪਹਿਚਾਣ ਦੀ ਬਣਤਰ ਉੱਪਰ ਬੁਰਾ ਪ੍ਰਭਾਵ ਪਾਉਂਦੀ ਹੈ ਪਰੰਤੂ ਇਸ ਪ੍ਰਭਾਵ ਨੂੰ ਘਟਾਇਆ ਜਾ ਸਕਦਾ ਹੈ। ਜੇਕਰ ਪਰਿਵਾਰ ਦੇ ਦੂਸਰੇ ਮੈਂਬਰ ਆਪਸ ਵਿੱਚ ਇਕੱਠੇ ਹੋ ਕੇ ਇਕ ਦੂਜੇ ਦਾ ਸਾਥ ਦੇਣ ਅਤੇ ਪਰਿਵਾਰ ਦਾ ਮੁੜ-ਸੰਗਠਨ ਕਰਨ। ਬਿਨ੍ਹਾਂ ਸ਼ੱਕ, ਮਾਪਿਆਂ ਦਾ ਤਲਾਕ ਜਾਂ ਮੌਤ ਬੱਚੇ ਵਿੱਚ ਪ੍ਰਤਿਬਲ ਪੈਦਾ ਕਰਦੀ ਹੈ, ਪਰਇਹ ਹੈਰਾਨੀ ਦੀ ਗੱਲ ਹੈ ਕਿ ਕੁੱਝ ਬੱਚੇ ਅਜਿਹੀਆਂ ਸਥਿਤੀਆਂ ਤੋਂ ਹਾਰ ਮੰਨ ਲੈਂਦੇ ਹਨ ਅਤੇ ਅਜਿਹੇ ਅਪਸਮਾਯੋਜਿਤ ਤਰੀਕੇ ਅਪਣਾਉਂਦੇ ਹਨ ਜੋ ਅਸਾਧਾਰਣ ਵਿਵਹਾਰ ਪੈਦਾ ਕਰਦੇ ਹਨ।

1.7.3.5 ਅਪਅਨੁਕੂਲਿਤ ਸਹੋਦਰ ਸੰਬੰਧ(Maladaptive Peer Relationships)

ਪਰਿਵਾਰਿਕ ਮੈਂਬਰਾਂ ਜਾਂ ਹੋਰ ਨਜ਼ਦੀਕੀਆਂ ਵਿੱਚ ਸੰਬਧ ਬੱਚੇ ਦੇ ਸਮਾਯੋਜਨ ਕਰਨ ਦੇ ਸੋਮਿਆਂ ਤੇ ਗੰਭੀਰ ਅਸਰ ਪਾਉਂਦੇ ਹਨ, ਜੋ ਅਕਸਰ ਕਿਸ਼ੋਰ ਅਵਸਥਾ ਤੱਕ ਹੀ ਜ਼ਾਰੀ ਰਹਿੰਦੇ ਹਨ। ਸੰਬੰਧਾਂ ਦਾ ਇਕ ਹੋਰ ਮਹੱਤਵਪੂਰਨ ਸਮੂਹ ਹੈ, ਜੋ ਸਕੂਲ ਦੇ ਮੁੱਢਲੇ ਸਾਲਾਂ ਵਿੱਚ ਸ਼ੁਰੂ ਹੁੰਦਾ ਹੈ ਅਤੇ ਜਿਸ ਵਿੱਚ ਆਪਣੀ ਉਮਰ ਦੇ ਬੱਚੇ ਅਤੇ ਪੀਅਰ ਸ਼ਾਮਲ ਹੁੰਦੇ ਹਨ। ਆਮ ਤੌਰ ਤੇ ਸਕੂਲ ਅਤੇ ਗੁਆਂਢ ਦੇ ਇਹਨਾਂ ਸੰਬੰਧਾਂ ਵਿੱਚ ਘਰ ਦੇ ਮੁਕਾਬਲੇ ਜ਼ਿਆਦਾ ਅਨੁਭਵ ਸ਼ਾਮਲ ਹੁੰਦੇ ਹਨ। ਜਦੋਂ ਬੱਚਾ ਵੱਡਿਆਂ ਦੀ ਅਗਵਾਈ ਅਤੇ ਨਿਗਰਾਨੀ ਤੋਂ ਬਿਨ੍ਹਾਂ ਬਾਹਰੀ ਸੰਸਾਰ ਵਿੱਚ ਕਦਮ ਰੱਖਦਾ ਹੈ ਤਾਂ ਉਸ ਨੂੰ ਕਈ ਚੁਣੌਤੀਪੂਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਦਾ ਹੱਲ ਬੱਚੇ ਦੇ ਆਪਣੇ ਹੱਥਾਂ ਵਿੱਚ ਹੀ ਹੁੰਦਾ ਹੈ। ਇਸ ਉਮਰ ਦੇ ਬੱਚੇ ਮਨੁੱਖੀ ਸੰਬੰਧਾਂਦੀਆਂ ਬਰੀਕੀਆਂ ਸਮਝਣ ਵਿੱਚ ਮਾਹਿਰ ਨਹੀਂ ਹੁੰਦੇ। ਬੱਚੇ ਵਿੱਚ ਸਵੈ-ਅਨੁਭਵ (Empathy) ਉਸ ਸਮੇਂ ਦੇਖੀ ਜਾ ਸਕਦੀ ਹੈ ਜਦੋਂ ਉਹ ਆਪਣੇ ਨਾਲ ਖੇਡ ਰਹੇ ਦੋਸਤਾਂ ਨੂੰ ਕਿਸੇ ਨਵੇਂ ਸਾਥੀ ਦੇ ਆਉਣ ਤੇ ਅਸਵੀਕਾਰ ਕਰ ਦਿੰਦਾ ਹੈ। ਬੱਚੇ ਦੀ ਆਪਣੀ ਸੰਤੁਸ਼ਟੀ ਹੀ ਕਿਸੇ ਵੀ ਅੰਤਰ-ਕ੍ਰਿਆ ਦਾ ਇਕ ਮਾਤਰ ਉਦੇਸ਼ ਹੁੰਦੀ ਹੈ ਕਿਉਂਕਿ ਉਸ ਨੂੰ ਇਸ ਗੱਲ ਦੀ ਅਨਿਸ਼ਚਿਤਤਾ ਹੁੰਦੀ ਹੈ ਕਿ ਸਹਿਚਾਰਤਾ ਭਵਿੱਖ ਵਿੱਚ ਇਸ ਤੋਂ ਵੀ ਵੱਧ ਫ਼ਾਇਦਾ ਕਰ ਸਕਦੀ ਹੈ। ਬੱਚਿਆਂ ਦੇ ਸਮਾਜ ਵਿੱਚ ਬੱਚੇ ਦੂਸਰੇ ਬੱਚਿਆਂ ਦਾ ਮੁਲਅੰਕਣ ਵੀ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਦੂਸਰੇ ਬੱਚਿਆਂ ਨੇ ਉਸ ਦੀ ਬਿਹਤਰੀ ਲਈ ਕੀ ਯੋਗਦਾਨ ਪਾਇਆ ਹੈ। ਪਿਛਲੇ 25 ਸਾਲਾਂ ਵਿੱਚ ਬੱਚਿਆਂ ਦੇ ਦੂਸਰਿਆਂ ਨਾਲ ਸੰਬੰਧਾਂ ਨਾਲ ਸੰਬੰਧਿਤ ਜੋਖ਼ਮ ਕਾਰਣਾਂ ਤੇ ਖੋਜ ਵਿੱਚ ਵਾਧਾ ਹੋਇਆ ਹੈ ਅਤੇ ਕੁੱਝ ਸਾਰਥਕ ਨਤੀਜੇ ਵੀ

ਪ੍ਰਾਪਤ ਹੋਏ ਹਨ। ਇਹਨਾਂ ਖੋਜਾਂ ਵਿੱਚ ਕੁੱਝ ਮਹੱਤਵਪੂਰਣ ਖੋਜਾਂ ਦਾ ਸਾਰ ਹੇਠ ਲਿਖਿਆ ਅਨੁਸਾਰ ਹੈ :

1.7.3.5.1 ਲੋਕਪ੍ਰਿਯਤਾ (Popularity)

ਅੱਲੜ੍ਹ ਬੱਚਿਆਂ ਵਿੱਚ ਲੋਕਪ੍ਰਿਯਤਾ ਦਾ ਸਥਿਰ ਸਹਿ-ਸੰਬੰਧ ਮਿੱਤਰਤਾਪੂਰਵਕ ਹੈ। ਲੋਕਪ੍ਰਿਯਤਾ ਅਤੇ ਮਿੱਤਰਤਾ ਵਿੱਚ ਕਾਰਜ ਸੰਬੰਧ ਅਨਿਸ਼ਚਿਤ ਹੈ ਅਤੇ ਸ਼ਾਇਦ ਇਸ ਵਿੱਚ ਕਈ ਹੋਰ ਪਰਿਵਰਤਨਸ਼ੀਲ ਕਾਰਕ, ਜਿਵੇਂ ਬੁੱਧੀ ਅਤੇ ਸਰੀਰਕ ਆਕਰਸ਼ਣ ਸ਼ਾਮਲ ਹਨ। ਪੀਅਰ ਅਸਵੀਕ੍ਰਿਤੀ ਨੂੰ ਸਿਰਫ ਹਿੱਸਿਆਂ ਵਿੱਚ ਹੀ ਸਮਝਿਆ ਜਾਂਦਾ ਹੈ। ਇਸ ਦਾ ਸਭ ਤੋਂ ਵੱਡਾ ਕਾਰਣ ਆਪਣੇ ਸਾਥੀਆਂ ਦੀਆਂ ਕ੍ਰਿਆਵਾਂ ਪ੍ਰਤੀ ਆਕ੍ਰਮਣਕਾਰੀ ਦ੍ਰਿਸ਼ਟੀਕੋਣ ਹੈ, ਪਰੰਤੂ ਸਿਰਫ ਇਹ ਕਾਰਣ ਹੀ ਸਾਥੀਆਂ ਵੱਲੋਂ ਅਪ੍ਰਵਾਨ ਸਾਰੇ ਬੱਚਿਆਂ ਦਾ ਵਿਵਹਾਰ ਨਿਰਧਾਰਿਤ ਨਹੀਂ ਕਰਦਾ। ਬੱਚਿਆਂ ਦਾ ਇਕ ਛੋਟਾ ਜਿਹਾ ਗਰੁੱਪ ਆਪਣੇ ਸਾਥੀਆਂ ਦੁਆਰਾ ਇਸ ਕਰਕੇ ਅਸਵੀਕਾਰ ਹੋ ਜਾਂਦਾ ਹੈ ਕਿਉਂਕਿ ਉਹ ਆਪ ਹੀ ਪਿੱਛੇ ਹਟਣ ਦੇ ਲੱਛਣ ਦਰਸਾਉਂਦੇ ਹਨ। ਬਾਕੀ ਰਹਿੰਦਾ ਹਿੱਸਾ ਅਣਜਾਣ ਕਾਰਣਾਂ ਕਰਕੇ ਅਸਵੀਕ੍ਰਿਤ ਹੋ ਜਾਂਦਾ ਹੈ।

1.7.3.5.2 ਰੁਤਬਾ ਜਾਂ ਪਦਵੀ ਸਥਿਰਤਾ (Status Invariance)

ਆਪਣੇ ਸਮੂਹ ਵਿੱਚ ਬੱਚੇ ਦਾ ਸਮਾਜਿਕ-ਆਰਥਿਕ ਰੁਤਬਾ ਵਿਸ਼ੇਸ਼ ਤੌਰ ਤੇ ਪੰਜਵੀਂ ਕਲਾਸ ਅਤੇ ਉਸ ਤੋਂ ਬਾਅਦ ਬਿਨਾਂ ਕਿਸੇ ਵਿਘਨ ਤੇ ਸਥਿਰ ਹੀ ਰਹਿੰਦਾ ਹੈ। ਭਾਵੇਂ ਇਸ ਨਿਯਮ ਵਿੱਚ ਕੁੱਝ ਛੋਟ ਹੈ, ਪਰੰਤੂ ਫਿਰ ਵੀ 'ਸਟਾਰ' ਗਰੁੱਪ 'ਸਟਾਰ' ਹੀ ਰਹਿੰਦਾ ਹੈ ਅਤੇ 'ਅਸਵੀਕ੍ਰਿਤ' ਹੀ ਰਹਿੰਦਾ ਹੈ। ਕਿਸੇ ਇਕ ਗਰੁੱਪ ਵਿੱਚ ਪ੍ਰਾਪਤ ਰੁਤਬੇ ਵਾਲਾ ਬੱਚਾ ਦੂਸਰੇ ਗਰੁੱਪ ਵਿੱਚ ਵੀ ਥੋੜ੍ਹੇ ਹੀ ਸਮੇਂ ਵਿੱਚ ਉਹੀ ਰੁਤਬਾ ਪ੍ਰਾਪਤ ਕਰ ਲੈਂਦਾ ਹੈ। ਇਸ ਕਰਕੇ ਇਹ ਜਾਪਦਾ ਹੈ ਕਿ ਬਚਪਨ ਵਿੱਚ ਪ੍ਰਾਪਤ ਰੁਤਬਾ ਜੋ ਢੁੱਕਵਾਂ ਹੈ ਜੋ ਇਕ ਥਾਂ ਤੋਂ ਦੂਸਰੀ ਥਾਂ ਲਿਆਇਆ ਜਾ ਸਕਦਾ ਹੈ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਅਸਾਧਾਰਣ ਵਿਵਹਾਰ ਦੇ ਮਨੋਵਿਗਿਆਨਕ ਕਾਰਣਾਂ ਵਿੱਚੋਂ ਕਿਸੇ ਇਕ ਕਾਰਣ ਨੂੰ ਅਸਾਧਾਰਣ ਵਿਵਹਾਰ ਦਾ ਆਧਾਰ ਨਹੀਂ ਮੰਨ ਸਕਦੇ, ਸਗੋਂ ਇਹ ਸਾਰੇ ਕਾਰਣ, ਜਿਵੇਂ ਕਿ ਸਵੈ-ਪ੍ਰਤੱਖੀਕਰਣ ਅਤੇ ਗਿਆਨਾਤਮਕ ਵਿਵਸਥਾ, ਮੁੱਢਲੇ ਆਘਾਤ, ਅਯੋਗ ਦੇਖ-ਭਾਲ, ਅਯੋਗ ਪਰਿਵਾਰਿਕ ਢਾਂਚਾ ਅਤੇ ਅਪਅਨੁਕੂਲਿਤ ਸਹੋਦਰ ਸੰਬੰਧ ਇਕ ਸਮੂਹ ਦੇ ਰੂਪ ਵਿੱਚ ਅਸਾਧਾਰਣ ਵਿਵਹਾਰ ਪੈਦਾ ਕਰਦੇ ਹਨ।

1.7.4 ਸੰਖੇਪ ਸਾਰ

ਅਸਾਧਾਰਣ ਵਿਵਹਾਰ ਦੇ ਕਾਰਣਾਂ ਦਾ ਪਤਾ ਲਗਾਉਣਾ ਇਕ ਗੁੰਝਲਦਾਰ ਪ੍ਰਕ੍ਰਿਆ ਹੈ ਕਿਉਕਿ ਹਰ ਮਾਨਸਿਕ ਰੋਗ ਦੇ ਵੱਖ-ਵੱਖ ਕਾਰਣ ਹੁੰਦੇ ਹਨ ਅਤੇ ਦੋ ਜਾ ਦੋ ਤੋ ਵੱਧ ਕਾਰਨਾਂ ਦੇ ਸੁਮੇਲ ਨਾਲ ਵੀ ਮਾਨਸਿਕ ਰੋਗ ਪੈਦਾ ਹੋ ਸਕਦੇ ਹਨ। ਮੁਖ ਮਨੋਸਮਾਜਿਕ ਕਾਰਣਾਂ ਵਿਚ Self-perception ਅਤੇ ਗਿਆਨਾਤਮਕ ਅਵਸਥਾ, ਮੁੱਢਲਾ ਸਦਮਾ, ਘਰ ਵਿਚ ਵੰਚਨ ਜਾਂ ਬਾਲ ਅਵਸਥਾ ਵਿਚ ਅਘਾਤ, ਅਯੋਗ ਦੇਖਸ਼ਭਾਲ, ਪਰਿਵਾਰ ਦੀ ਅਢੁੱਕਵੀ ਸੰਰਚਨਾ ਜਾਂ ਖੰਡਿਤ ਪਰਿਵਾਰ ਆਦਿ ਕਾਰਣ ਵਿਸ਼ੇਸ਼ ਮੰਨੇ ਜਾਂਦੇ ਹਨ।

1.7.5 ਅਭਿਆਸ

ਪ੍ਰਸ਼ਨ : ਆਸਾਧਾਰਣ ਵਿਵਹਾਰ ਦੇ ਮਨੋਸਮਾਜਿਕ ਕਾਰਕਾਂ ਦਾ ਵਰਣਨ ਕਰੋ।

ਪ੍ਰਸ਼ਨ : ਰੋਗਜਨ ਪਰਿਵਾਰਿਕ ਢਾਂਚੇ (pathogenic family pattern) ਤੇ ਇੱਕ ਨੋਟ ਲਿਖੋ।

1.7.6 ਸ਼ਬਦਾਵਲੀ

ਮੁੱਢਲਾ ਕਾਰਣ (Primary cause)

ਮੁੱਢਲਾ ਕਾਰਣ (Primary cause) ਇਕ ਉਹ ਸ਼ਰਤ ਹੈ ਜੋ ਵਿਕਾਰ ਦੇ ਵਾਪਰਨ ਲਈ ਜ਼ਰੂਰੀ ਹੈ, ਜਿਵੇਂ ਕਿ ਆਮ ਪੈਰੇਸਿਸ ਦੇ ਕੇਸ ਵਿੱਚ ਦਿਮਾਗ਼ ਦਾ ਆਤਸਕ ਰੋਗ ਉਦਾਹਰਣ ਹੈ। ਅਸਾਧਾਰਣ ਵਿਵਹਾਰ ਵਿੱਚ ਮੁੱਢਲਾ ਕਾਰਣ ਜ਼ਰੂਰੀ ਹੈ, ਪਰੰਤੂ ਹਮੇਸ਼ਾਂ ਸਿਰਫ ਇਹ ਕਾਰਣ ਹੀ ਕਾਫੀ ਨਹੀਂ ਹੁੰਦਾ। ਕਈ ਜਾਣੇ-ਪਹਿਚਾਣੇ ਵਿਕਾਰਾਂ ਵਿੱਚ ਮੁੱਢਲਾ ਕਾਰਣ ਜ਼ਰੂਰੀ ਨਹੀਂ ਹੁੰਦਾ।

ਪੂਰਵ ਨਿਰਧਾਰਿਤ ਕਾਰਣ (Predisposing Cause)

ਪੂਰਵ ਨਿਰਧਾਰਿਤ ਕਾਰਣ (Predisposing Cause) ਇਕ ਅਜਿਹੀ ਸਥਿਤੀ ਹੈ ਜੋ ਪਹਿਲਾਂ ਵਾਪਰਦੀ ਹੈ ਅਤੇ ਕੁੱਝ ਖ਼ਾਸ ਸਥਿਤੀਆਂ ਵਿੱਚ ਵਿਕਾਸ ਦੇ ਵਾਪਰਨ ਲਈ ਰਸਤਾ ਤਿਆਰ ਕਰਦੀ ਹੈ। ਉਦਾਹਰਣ ਦੇ ਤੌਰ ਤੇ ਮਾਪਿਆਂ ਵੱਲੋਂ ਅਸਵੀਕ੍ਰਿਤੀ ਬੱਚੇ ਨੂੰ ਬਾਅਦ ਵਿੱਚ ਨਿੱਜੀ ਸੰਬੰਧ ਕਾਇਮ ਰੱਖਣ ਵਿੱਚ ਸਮੱਸਿਆ ਪ੍ਰਤੀ ਪੂਰਵ-ਨਿਰਧਾਰਿਤ ਕਰਦੀ ਹੈ।

ਡਾਇਥੀਸਿਸ-ਪ੍ਰਤਿਬਲ ਮਾਡਲ (Diathesis Stress Model)

ਕਿਸੇ ਵਿਚਾਰ ਦੇ ਵਿਕਾਸ ਪ੍ਰਤੀ ਪੂਰਬ-ਨਿਰਧਾਰਨ ਨੂੰ ਡਾਇਥੀਸਿਸ ਕਿਹਾ ਜਾਂਦਾ ਹੈ। ਜ਼ਿਆਦਾਤਰ ਮਾਨਸਿਕ ਵਿਕਾਰਾਂ ਨੂੰ ਵਿਅਕਤੀ ਉੱਪਰ ਕ੍ਰਿਆ ਕਰਨ ਵਾਲੇ ਪ੍ਰਤੀਬਲ ਦੀ ਉਪਜ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਵਿਕਾਰਾਂ ਦੀ ਕਿਸਮ ਅਨੁਸਾਰ ਵਿਅਕਤੀ ਡਾਇਥੀਸਿਸ ਦਾ ਆਸਰਾ ਲੈਂਦਾ ਹੈ। ਇਸ ਕਰਕੇ ਅਸੀਂ ਸਾਧਾਰਣ ਵਿਵਹਾਰ ਦਾ ਡਾਇਥੀਸਿਸ ਪ੍ਰਤਿਬਲ ਮਾਡਲ ਅਪਣਾਉਂਦੇ ਹਾਂ।

ਰੋਗਜਨਕ ਪਰਿਵਾਰਿਕ ਢਾਂਚਾ (Pathogenic Family Structure)

ਰੋਗਜਨਕ ਮਾਪੇ-ਬੱਚਿਆਂ ਦੇ ਸੰਬੰਧ, ਜਿਵੇਂ ਕਿ ਪਿਤਰੀ ਅਸਵੀਕ੍ਰਿਤੀ, ਬਹੁਤ ਜ਼ਿਆਦਾ ਗੰਭੀਰ ਉਸ ਸਮੇਂ ਹੁੰਦੇ ਹਨ ਜਦੋਂ ਪੂਰੇ ਪਰਿਵਾਰ ਵਿੱਚ ਅਸਾਧਾਰਣ ਦੇ ਅੰਸ਼ ਹੋਣ। ਇਸ ਲਈ ਰੋਗਜਨਕ ਪਰਿਵਾਰਿਕ ਢਾਂਚਾ ਇਕ ਪ੍ਰਮੁੱਖ ਕਾਰਣ ਹੈ ਜੋ ਵਿਅਕਤੀ ਵਿੱਚ ਪ੍ਰਤਿਬਲ ਵਧਾਉਣ ਦੀ ਸੰਭਾਵਨਾ ਨੂੰ ਵਧਾ ਦਿੰਦਾ ਹੈ।

ਰੁਤਬਾ ਜਾਂ ਪਦਵੀ ਸਥਿਰਤਾ (Status Invariance)

ਆਪਣੇ ਸਮੂਹ ਵਿੱਚ ਬੱਚੇ ਦਾ ਸਮਾਜਿਕ-ਆਰਥਿਕ ਰੁਤਬਾ ਵਿਸ਼ੇਸ਼ ਤੌਰ ਤੇ ਪੰਜਵੀਂ ਕਲਾਸ ਅਤੇ ਉਸ ਤੋਂ ਬਾਅਦ ਬਿਨਾਂ ਕਿਸੇ ਵਿਘਨ ਤੇ ਸਥਿਰ ਹੀ ਰਹਿੰਦਾ ਹੈ। ਭਾਵੇਂ ਇਸ ਨਿਯਮ ਵਿੱਚ ਕੁੱਝ ਛੋਟ ਹੈ, ਪਰੰਤੂ ਫਿਰ ਵੀ 'ਸਟਾਰ' ਗਰੁੱਪ 'ਸਟਾਰ' ਹੀ ਰਹਿੰਦਾ ਹੈ ਅਤੇ 'ਅਸਵੀਕ੍ਰਿਤ' ਹੀ ਰਹਿੰਦਾ ਹੈ। ਕਿਸੇ ਇਕ ਗਰੁੱਪ ਵਿੱਚ ਪ੍ਰਾਪਤ ਰੁਤਬੇ ਵਾਲਾ ਬੱਚਾ ਦੂਸਰੇ ਗਰੁੱਪ ਵਿੱਚ ਵੀ ਥੋੜ੍ਹੇ ਹੀ ਸਮੇਂ ਵਿੱਚ ਉਹੀ ਰੁਤਬਾ ਪ੍ਰਾਪਤ ਕਰ ਲੈਂਦਾ ਹੈ। ਇਸ ਕਰਕੇ ਇਹ ਜਾਪਦਾ ਹੈ ਕਿ ਬਚਪਨ ਵਿੱਚ ਪ੍ਰਾਪਤ ਰੁਤਬਾ ਜੋ ਢੁੱਕਵਾਂ ਹੈ ਜੋ ਇਕ ਥਾਂ ਤੋਂ ਦੂਸਰੀ ਥਾਂ ਲਿਆਇਆ ਜਾ ਸਕਦਾ ਹੈ।

1.7.7 ਹਵਾਲਾ ਪੁਸਤਕਾਂ

1. Carson & Butcher : Abnormal Psychology & Modern Life
2. Davison & Neale : Abnormal Psychology

ਪਾਠ ਨੰ : 1.8

ਡਾ. ਮਮਤਾ ਸ਼ਰਮਾ

ਅਸਾਧਾਰਣ ਵਿਵਹਾਰ ਦੇ ਜੀਵ-ਵਿਗਿਆਨਕ ਕਾਰਣ
(Biological Causes of Abnormal Behaviour)

ਪਾਠ ਸੰਰਚਨਾ

1.8.0 ਉਦੇਸ਼
1.8.1 ਭੂਮਿਕਾ
1.8.2 ਅਨੁਵੰਸ਼ਿਕ ਵਿਕਾਰ (Genetic Defects)
1.8.2.1 ਗੁਣ ਸੂਤਰਿਕ ਅਣਮੇਲਤਾ (Chromosomal Anomalies)
1.8.2.2 ਦੋਸ਼ਪੂਰਣ ਜੀਨਜ਼ (Faulty Genes)
1.8.3 ਸਰੀਰਕ ਬਣਤਰ ਸੰਬੰਧੀ ਵਿਸ਼ੇਸ਼ਤਾਵਾਂ ਜਾਂ ਅਸੰਗਤ ਜ਼ਿੰਮੇਵਾਰੀਆਂ
1.8.3.1 ਸਰੀਰਕ ਬਣਤਰ (Physique)
1.8.3.2 ਸਰੀਰਕ ਊਣਤਾਈਆਂ (Physical Handicaps)
1.8.3.3 ਬੁਨਿਆਦੀ ਪ੍ਰਤਿਕ੍ਰਿਆ ਰੁਝਾਨ (Primary Reaction Tendencies)
1.8.4 ਦਿਮਾਗੀ ਦੋਸ਼ਪੂਰਣ ਕ੍ਰਿਆ (Brain Dysfunction)
1.8.5 ਸਰੀਰਕ ਹੀਣਤਾ (Physical Deprivation)
1.8.5.1 ਬੁਨਿਆਦੀ ਸਰੀਰਕ ਲੋੜਾਂ (Basic Physiological Needs)
1.8.5.2 ਜੋਸ਼ ਅਤੇ ਕ੍ਰਿਆ (Stimulation and Activity)
1.8.6 ਸੰਖੇਪ ਸਾਰ
1.8.7 ਅਭਿਆਸ
1.8.8 ਸ਼ਬਦਾਵਲੀ
1.8.9 ਹਵਾਲਾ ਪੁਸਤਕਾਂ

1.8.0 ਉਦੇਸ਼

ਇਸ ਪਾਠ ਦਾ ਉਦੇਸ਼ ਅਸਾਧਾਰਣ ਵਿਵਹਾਰ ਦੇ ਬਹੁਤ ਸਾਰੇ ਕਾਰਣਾਂ ਵਿਚੋ ਜੀਵ ਵਿਗਿਆਨਿਕ ਕਾਰਣਾਂ ਬਾਰੇ ਜਾਣਕਾਰੀ ਦੇਣਾ ਹੈ। ਇਸ ਵਿਚ ਮੁਖ ਰੂਪ ਅਨੁਵੰਸ਼ਿਕ ਵਿਕਾਰ ਜਿਵੇ ਕਿ ਗੁਣਸ਼ਸੂਤਰਿਕ ਅਣਮੇਲਤਾ, ਦੋਸ਼ਪੂਰਣ ਜੀਨਜ ਆਦਿ ਸਰੀਰਕ ਵਿਸ਼ਸ਼ੇਤਾਵਾਂ, ਬੁਨਿਆਦੀ ਪ੍ਰਤਿਕ੍ਰਿਆ ਰੁਝਾਨ, ਦਿਮਾਗੀ ਦੋਸ਼ਪੂਰਨ ਕ੍ਰਿਆ, ਸਰੀਰਕ ਹੀਣਤਾ ਆਦਿ ਕਾਰਣਾਂ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ।

1.8.1 ਭੂਮਿਕਾ

ਜੀਵ ਵਿਗਿਆਨਕ ਕਾਰਣ ਸਾਡੇ ਵਿਵਹਾਰ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰਦੇ ਹਨ, ਜਿਨ੍ਹਾਂ ਵਿੱਚ ਸਾਡੀ ਬੌਧਿਕ ਯੋਗਤਾ, ਬੁਨਿਆਦੀ ਪ੍ਰਕ੍ਰਿਤੀ, ਤਣਾਉ ਸਹਿਣ ਕਰਨ ਦੀ ਸ਼ਕਤੀ, ਮੁੱਢਲੇ ਪ੍ਰਤੀਕ੍ਰਿਆ ਝੁਕਾਅ ਅਤੇ ਸਥਿਤੀ ਅਨੁਸਾਰ ਢੱਲਣ ਵਾਲੇ ਸੋਮੇਂ ਆਦਿ ਸ਼ਾਮਲ ਹੁੰਦੇ ਹਨ। ਜੀਵ-ਵਿਗਿਆਨੀ ਸੰਬੰਧੀ ਪਰਸਥਿਤੀਆਂ ਵਿੱਚ ਕਾਫੀ ਭਿੰਨਤਾ ਹੈ ਜਿਵੇਂ ਕਿ ਦੋਸ਼ਪੂਰਣ ਜੀਨਜ਼ ਬੀਮਾਰੀਆਂ ਅਸੰਤੁਲਿਤ

ਖੁਰਾਕ, ਚੋਟਾਂ ਅਤੇ ਹੋਰ ਪਰਸਥਿਤੀਆਂ ਹਨ, ਜੋ ਸਾਧਾਰਣ ਵਿਕਾਸ ਵਿੱਚ ਰੁੱਕਾਵਟ ਪੈਦਾ ਕਰਦੀਆਂ ਹਨ ਅਤੇ ਅਸਾਧਾਰਣ ਵਿਵਹਾਰ ਦੇ ਕਾਰਣਾਂ ਵਿੱਚੋਂ ਪ੍ਰਮੁੱਖ ਕਾਰਣ ਹਨ। ਜੀਵ-ਵਿਗਿਆਨਕ ਕਾਰਣਾਂ ਦੀਆਂ ਚਾਰ ਮੁੱਖ ਸ਼੍ਰੇਣੀਆਂ ਹਨ, ਜੋ ਅਸਾਧਾਰਣ ਵਿਵਹਾਰ ਦੇ ਵਿਕਾਸ ਵਿੱਚ ਮਹੱਤਵਪੂਰਣ ਹਿੱਸਾ ਪਾਉਂਦੀਆਂ ਹਨ :

(1) ਅਨੁਵੰਸ਼ਿਕ ਵਿਕਾਰ;
(2) ਅਸੰਗਤ ਜ਼ਿੰਮੇਵਾਰੀਆਂ;
(3) ਦਿਮਾਗੀ ਦੋਸ਼ਪੂਰਨ ਕ੍ਰਿਆ; ਅਤੇ
(4) ਸਰੀਰਕ ਹੀਣਤਾ।

ਇਹ ਸਾਰੀਆਂ ਸ਼੍ਰੇਣੀਆਂ ਵਿੱਚ ਅਜਿਹੀਆਂ ਸਥਿਤੀਆਂ ਸ਼ਾਮਿਲ ਹੁੰਦੀਆਂ ਹਨ ਜੋ ਸਾਡੇ ਸ਼ਰੀਰ ਦੀ ਕ੍ਰਿਆ ਅਤੇ ਲੱਛਣਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਹਰ ਵਿਅਕਤੀ ਵਿੱਚ ਇਹ ਸ਼੍ਰੇਣੀਆਂ ਇਕ ਦੂਸਰੇ ਦੀ ਅੰਤਰ-ਕ੍ਰਿਆ ਰਾਹੀਂ ਪੈਦਾ ਹੁੰਦੀਆਂ ਹਨ।

1.8.2 ਅਨੁਵੰਸ਼ਿਕ ਵਿਕਾਰ (Genetic Defects)

ਹਰ ਜਾਤ ਜਾਂ ਵਰਗ ਦੇ ਸਾਰੇ ਵਿਅਕਤੀਆਂ ਦੀ ਮਨੁੱਖੀ ਵਿਰਾਸਤ ਦੀਆਂ ਜ਼ਰੂਰੀ ਵਿਸ਼ੇਸ਼ਤਾਵਾਂ ਬੁਨਿਆਦੀ ਤੌਰ ਤੇ ਇਕੋ ਜਿਹੀਆਂ ਹੁੰਦੀਆਂ ਹਨ। ਅਨੁਵੰਸ਼ਿਕ ਵਿਰਾਸਤ ਦੀਆਂ ਖ਼ਾਸ ਵਿਸ਼ੇਸ਼ਤਾਵਾਂ ਭਿੰਨ-ਭਿੰਨ ਹੁੰਦੀਆਂ ਹਨ। ਸਮਰੂਪ ਜੋੜਿਆਂ ਤੋਂ ਬਿਨ੍ਹਾਂ ਕੋਈ ਵੀ ਦੋ ਵਿਅਕਤੀ ਆਪਣੀ ਜ਼ਿੰਦਗੀ ਇਕੋ ਵਿਰਾਸਤ ਨਾਲ ਸ਼ੁਰੂ ਨਹੀਂ ਕਰਦੇ। ਇਸ ਕਰਕੇ ਵਿਰਾਸਤ ਸਿਰਫ ਵਿਵਹਾਰ ਅਤੇ ਵਿਕਾਸ ਲਈ ਮੌਕੇ ਹੀ ਨਹੀਂ ਪੈਦਾ ਕਰਦੀ ਸਗੋਂ ਵਿਅਕਤੀਗਤ ਭਿੰਨਤਾ ਦਾ ਵੀ ਇਕ ਮਹੱਤਵਪੂਰਣ ਸੋਮਾ ਹੈ। ਵਿਰਾਸਤ ਗਰਭ ਧਾਰਨ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਜਦੋਂ ਔਰਤ ਦੇ ਅੰਡਾ ਸੈਲ ਨੂੰ ਪੁਰਸ਼ ਦੇ ਸ਼ੁਕਰਾਣੂ ਸੈਲ ਦੁਆਰਾ ਫਲਿਤ ਕੀਤਾ ਜਾਂਦਾ ਹੈ ਅਤੇ ਨਤੀਜੇ ਵੱਜੋਂ ਪੈਦਾ ਹੋਏ ਕੱਚੇ ਬੱਚੇ (Embryo) ਨੂੰ ਇਕ ਅਨੁਵੰਸ਼ੀ ਕੋਡ ਮਿਲਦਾ ਹੈ ਜੋ ਜ਼ਿੰਦਗੀ ਭਰ ਦੇ ਵਿਕਾਸ ਅਤੇ ਵਿਵਹਾਰ ਲਈ ਸੰਭਾਵਨਾਵਾਂ ਪ੍ਰਦਾਨ ਕਰਦਾ ਹੈ। ਕੁੱਝ ਵਿਰਾਸਤੀ ਵਿਕਾਰ ਰਚਨਾ ਵਿੱਚ ਅਸਾਧਾਰਣਤਾ ਪੈਦਾ ਕਰਦੇ ਹਨ ਜੋ ਸਿੱਧੇ ਰੂਪ ਵਿੱਚ ਦਿਮਾਗ ਦੇ ਸਾਧਾਰਣ ਵਿਕਾਸ ਵਿੱਚ ਦਖਲ ਦਿੰਦੇ ਹਨ। ਕਈ ਹੋਰ ਸੂਖਮ ਵਿਕਾਰ ਵਿਅਕਤੀ ਵਿੱਚ ਗੰਭੀਰ ਮਾਨਸਿਕ ਰੋਗ ਪੈਦਾ ਕਰ ਦਿੰਦੇ ਹਨ। ਮੰਦਬੁੱਧੀ ਦੀ ਇਕ ਕਿਸਮ, ਜਿਸ ਨੂੰ ਫੈਨਿਲ ਕੀਟੋਨੂਰੀਆ [(Phenylketonuria (P.K.U.)] ਕਿਹਾ ਜਾਂਦਾ ਹੈ। ਉਦਾਹਰਣ ਦੇ ਤੌਰ ਤੇ, ਇਕ ਅਨੁਵੰਸ਼ੀ ਗਲਤੀ ਦੁਆਰਾ ਪੈਦਾ ਹੁੰਦੀ ਹੈ ਜੋ ਭੋਜਨ ਵਿੱਚ ਪ੍ਰਾਪਤ ਰਸਾਇਣਕ ਮਿਲਾਵਟ ਦੀ ਯੋਗ ਢਾਹੂ ਉਸਾਰੂ ਕ੍ਰਿਆ ਨੂੰ ਰੋਕਦੀ ਹੈ। ਦੂਸਰੇ ਅਨੁਵੰਸ਼ੀ ਵਿਕਾਰ ਦਿਮਾਗੀ ਰਸਾਇਣਿਕ ਪ੍ਰਕ੍ਰਿਆ ਦੀ ਨਾਜ਼ੁਕ ਬਣਤਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ।

1.8.2.1 ਗੁਣ ਸੂਤਰਿਕ ਅਣਮੇਲਤਾ (Chromosomal Anomalies)

ਇਕ ਸੈਲ ਕੇਂਦਰਤ ਦੇ ਲੜੀ ਰੂਪ ਢਾਂਚੇ ਨੂੰ, ਜਿਸ ਵਿੱਚ ਜੀਨਜ਼ ਹੁੰਦੇ ਹਨ, ਗੁਣ-ਸੂਤਰ ਕਹਿੰਦੇ ਹਨ। ਜੀਵ ਵਿਗਿਆਨਕ ਖੋਜ ਵਿੱਚ ਤਰੱਕੀ ਕਾਰਣ ਅਸੀਂ ਜਨਮ ਤੋਂ ਪਹਿਲਾਂ ਹੀ ਗੁਣ-ਸੂਤਰਿਕ ਅਣਮੇਲਤਾ ਪਤਾ ਕਰਨ ਦੇ ਯੋਗ ਹੋ ਗਏ ਹਾਂ ਅਤੇ ਇਹ ਪਤਾ ਲਗਾਉਣ ਵਿੱਚ ਵੀ ਸੰਭਵ ਹੋਏ ਹਾਂ ਕਿ ਇਸ ਅਣਮੇਲਤਾ ਦਾ ਭਵਿੱਖ ਵਿੱਚ ਵਿਵਹਾਰ ਅਤੇ ਵਿਕਾਸ ਤੇ ਕੀ ਅਸਰ ਪੈਂਦਾ ਹੈ। ਇਸ ਖੇਤਰ ਵਿੱਚ ਪਹਿਲੀ ਸਫ਼ਲਤਾ ਇਹ ਸੀ ਜ਼ਿਆਦਾਤਰਸਾਧਾਰਨ ਮਨੁੱਖੀ ਸੈਲ ਵਿੱਚ 4 ਗੁਣ ਸੂਤਰ ਹੁੰਦੇ ਹਨ। ਜਦੋਂ ਉਪਜਾਊਪਨ ਜਾਂ ਫਲਿਤ ਪ੍ਰਕ੍ਰਿਆ ਸ਼ੁਰੂ ਹੁੰਦੀ ਹੈ ਤਾਂ ਸਾਧਾਰਣ ਵਿਰਾਸਤ ਵਿੱਚ ਗੁਣ-ਸੂਤਰਾਂ ਦੇ 23 ਜੋੜ ਹੁੰਦੇ ਹਨ ਜਿਨ੍ਹਾਂ ਵਿੱਚ ਹਰ ਜੋੜਿਆਂ ਵਿੱਚ ਇਕ ਗੁਣ-ਸੂਤਰ ਮਾਤਾ ਵੱਲੋਂ ਅਤੇ ਇਕ ਪਿਤਾ ਵੱਲੋਂ ਪ੍ਰਾਪਤ ਹੁੰਦਾ ਹੈ। ਇਹਨਾਂ ਜੋੜਿਆਂ ਵਿੱਚ 22 ਜੋੜਿਆਂ ਨੂੰ ਅਲਿੰਗ ਸੂਤਰ (Autosomes) ਕਿਹਾ ਜਾਂਦਾ ਹੈ। ਬਾਕੀ ਰਹਿੰਦੇ ਇਕ ਜੋੜੇ ਨੂੰ ਲਿੰਗ ਗੁਣ-ਸੂਤਰ ਕਿਹਾ ਜਾਂਦਾ ਹੈ ਜੋ ਬੱਚੇ ਦਾ ਲਿੰਗ ਨਿਰਧਾਰਿਤ ਕਰਦਾ ਹੈ। ਔਰਤ ਵਿੱਚ ਇਹ ਦੋਵੇਂ ਲਿੰਗ ਗੁਣ-ਸੂਤਰ,

ਜੋ ਮਾਂ-ਬਾਪ ਵੱਲੋਂ ਇਕ-ਇਕ ਪ੍ਰਾਪਤ ਹੁੰਦੇ ਹਨ, ਨੂੰ X ਗੁਣ-ਸੂਤਰ ਕਿਹਾ ਜਾਂਦਾ ਹੈ। ਪੁਰਸ਼ ਵਿੱਚ ਮਾਂ ਵੱਲੋਂ ਪ੍ਰਾਪਤ ਗੁਣ-ਸੂਤਰ ਨੂੰ X ਗੁਣ-ਸੂਤਰ ਕਿਹਾ ਜਾਂਦਾ ਹੈ, ਪਰੰਤੂ ਜੋ ਪਿਤਾ ਵੱਲੋਂ ਪ੍ਰਾਪਤ ਹੁੰਦਾ ਹੈ, ਉਸ ਨੂੰ Y ਲਿੰਗ ਸੂਤਰ ਕਿਹਾ ਜਾਂਦਾ ਹੈ।

ਵਿਕਾਸਾਤਮਕ ਅਨੁਵੰਸ਼ੀ ਵਿੱਚ ਖੋਜਾਂ ਤੋਂ ਪਤਾ ਲੱਗਿਆ ਹੈ ਕਿ ਗੁਣ-ਸੂਤਰਾਂ ਦੀ ਬਣਤਰ ਜਾਂ ਗਿਣਤੀ ਵਿੱਚ ਅਸਾਧਾਰਣਤਾ ਕਈ ਪ੍ਰਕਾਰ ਦੇ ਵਿਕਾਰ ਪੈਦਾ ਕਰਦੀ ਹੈ। ਉਦਾਹਰਣ ਦੇ ਤੌਰ ਤੇ ਡਾਊਨ ਸਿੰਡਰੋਮ, ਜੋ ਮੰਦ-ਬੁੱਧੀ ਦੀ ਇਕ ਕਿਸਮ ਹੈ, ਵਿੱਚ 21ਵੇਂ ਗੁਣ-ਸੂਤਰ ਵਿੱਚ ਦੋ ਦੀ ਬਜਾਏ ਤਿੰਨ ਗੁਣ-ਸੂਤਰ ਹੁੰਦੇ ਹਨ। ਇਸ ਤਰ੍ਹਾਂ ਇਕ ਵਾਧੂ ਗੁਣ-ਸੂਤਰ ਮੰਦ-ਬੁੱਧੀ ਵਿਕਾਰ ਦਾ ਕਾਰਣ ਬਣ ਜਾਂਦਾ ਹੈ। ਬੇਜੋੜਤਾ ਜਾਂ ਅਣਮੇਲਤਾ ਲਿੰਗ ਗੁਣ-ਸੂਤਰ ਵੀ ਹੋ ਸਕਦੀ ਹੈ ਜੋ ਕਈ ਪ੍ਰਕਾਰ ਦੀਆਂ ਮੁਸੀਬਤਾਂ ਪੈਦਾ ਕਰ ਸਕਦੀ ਹੈ ਜਿਸ ਨਾਲ ਵਿਅਕਤੀ ਦਾ ਵਿਵਹਾਰ ਵੀ ਅਸਾਧਾਰਣ ਹੋ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਕਲਿਨਫੈਲਟਰਜ਼ ਸਿੰਡਰੋਮ ਵਿੱਚ ਵੀ 47 ਗੁਣ-ਸੂਤਰ ਹੁੰਦੇ ਹਨ। XXY ਗੁਣ-ਸੂਤਰ ਵਾਲੇ ਵਿਅਕਤੀਆਂ ਵਿੱਚ ਮਨੋ-ਰੋਗ ਵਿਗਿਆਨ ਦੀਆਂ ਕਈ ਕਿਸਮਾਂ ਵਿਕਸਿਤ ਹੋ ਜਾਂਦੀਆਂ ਹਨ ਜਿਵੇਂ ਕਿ ਬਚਗਾਨਾ ਦੋਸ਼ ਆਦਿ।

ਇਕ ਗੱਲ ਸਾਫ ਦਿਖਾਈ ਦਿੰਦੀ ਹੈ ਕਿ ਲਿੰਗ ਨਾਲ ਸੰਬੰਧਿਤ ਵਿਕਾਰ ਔਰਤਾਂ ਵਿੱਚ ਘੱਟ ਹੁੰਦੇ ਹਨ ਕਿਉਂਕਿ ਉਹਨਾਂ ਵਿੱਚ X ਦੋ ਲਿੰਗ-ਸੂਤਰ ਹੁੰਦੇ ਹਨ। ਜੇ ਇਕ X ਲਿੰਗ-ਸੂਤਰ ਵਿੱਚ ਦੋਸ਼ ਆ ਜਾਂਦਾ ਹੈ ਤਾਂ ਜੋੜੇ ਦਾ ਦੂਜਾ ਲਿੰਗ-ਸੂਰਤ ਸਾਧਾਰਣ ਵਿਕਾਸ ਦਾ ਕੰਮ ਸੰਭਾਲ ਲੈਂਦਾ ਹੈ। ਕਈ ਵਾਰ ਔਰਤਾਂ ਸਿਰਫ਼ ਇਕ X ਲਿੰਗ-ਸੂਤਰ ਨਾਲ ਹੀ ਪੈਦਾ ਹੁੰਦੀਆਂ ਹਨ (OX ਜਿਸ ਨੂੰ ਟਰਨਰ ਸਿੰਡਰੋਮ ਕਿਹਾ ਜਾਂਦਾ ਹੈ) ਜਾਂ ਫਿਰ ਇਕ ਜ਼ਿਆਦਾ ਲਿੰਗ-ਸੂਤਰ (XXX) ਨਾਲ ਵੀ ਪੈਦਾ ਹੁੰਦੀਆਂ ਹਨ, ਇਹ ਦੋਵੇਂ ਸਥਿਤੀਆਂ ਹੀ ਅਸਾਧਾਰਣਤਾ ਪੈਦਾ ਕਰਦੀਆਂ ਹਨ। ਪੁਰਸ਼ਾਂ ਵਿੱਚ ਕਿਉਂਕਿ ਸਿਰਫ਼ ਇਕ X ਲਿੰਗ ਸੂਤਰ ਹੀ ਹੁੰਦਾ ਹੈ ਜੋ ਕਿ ਦੂਜੇ Y ਲਿੰਗ-ਸੂਤਰ ਨਾਲ ਜੋੜਿਆ ਹੁੰਦਾ ਹੈ, ਇਸ ਲਈ ਦੋਵਾਂ ਵਿੱਚ ਇਕ ਵੀ ਦੋਸ਼ਪੂਰਣ ਹੋਣ ਨਾਲ ਅਸਾਧਾਰਣਤਾ ਪੈਦਾ ਕਰ ਸਕਦਾ ਹੈ।

1.8.2.2 ਦੋਸ਼ਪੂਰਣ ਜੀਨਜ਼ (Faulty Genes)

ਕੁੱਝ ਜੀਨਜ਼ ਪ੍ਰਭਾਵੀ ਜੀਨਜ਼ ਹੁੰਦੇ ਹਨ, ਜਿਨ੍ਹਾਂ ਦੀਆਂ ਹਦਾਇਤਾਂ ਤਦ ਵੀ ਕ੍ਰਿਆਸ਼ੀਲ ਹੋ ਜਾਂਦੀਆਂ ਹਨ ਜਦੋਂ ਜੋੜੇ ਦੇ ਦੂਜੇ ਮੈਂਬਰਾਂ ਦੀਆਂ ਹਦਾਇਤਾਂ ਉਸ ਦੇ ਉਲਟ ਹੁੰਦੀਆਂ ਹਨ। ਅਪ੍ਰਭਾਵੀ ਜੀਨਜ਼ ਦੀਆਂ ਹਦਾਇਤਾਂ ਉਦੋਂ ਤੱਕ ਕ੍ਰਿਆਸ਼ੀਲ ਨਹੀਂ ਹੁੰਦੀਆਂ ਜਦੋਂ ਤੱਕ ਹਰ ਵਿਅਕਤੀ ਵਿੱਚ ਦੋਵਾਂ ਮਾਪਿਆਂ ਤੋਂ ਇਕ-ਇਕ ਜੀਨਜ਼ ਪ੍ਰਾਪਤ ਨਾ ਹੋਵੇ। ਜੀਨਜ਼ ਵਿਵਹਾਰ ਨੂੰ ਸਿੱਧੇ ਤੌਰ ਤੇ ਪ੍ਰਭਾਵਿਤ ਕਰਦੇ ਹਨ, ਭਾਵੇਂ ਉਨ੍ਹਾਂ ਦਾ ਪ੍ਰਭਾਵ ਸ਼ਰੀਰ ਦੇ ਸਰੀਰਕ ਤੇ ਰਸਾਇਣਿਕ ਸੁਭਾਅ ਤੇ ਪੈਂਦਾ ਹੈ। ਗੁਣ-ਸੂਤਰਾਂ ਦੀ ਤਰ੍ਹਾਂ ਜੀਨਜ਼ ਵੀ ਸਦਾ ਜੋੜਿਆਂ ਵਿੱਚ ਮਿਲਦੇ ਹਨ। ਜੇ ਮਾਤਾ-ਪਿਤਾ ਦੋਵਾਂ ਦੇ ਜੀਨਜ਼ ਵੱਖ-ਵੱਖ ਹੋਣ ਤਾਂ ਇਹਨਾਂ ਵਿੱਚ ਪ੍ਰਬਲ ਜੀਨਜ਼ ਦੇ ਗੁਣ ਬੱਚੇ ਨੂੰ ਪ੍ਰਾਪਤ ਹੋਣਗੇ। ਉਦਾਹਰਣ ਦੇ ਤੌਰ ਤੇ ਮਾਤਾ-ਪਿਤਾ ਦੋਹਾਂ ਦਾ ਰੰਗ ਕਾਲਾ ਹੈ ਤਾਂ ਦੋਹਾਂ ਦੇ ਰੰਗ ਦੇ ਅਸਰ ਕਾਰਣ ਬੱਚੇ ਦਾ ਰੰਗ ਕਾਲਾ ਹੀ ਹੋਵੇਗਾ। ਪਰ ਜੇ ਮਾਤਾ-ਪਿਤਾ ਵਿੱਚੋਂ ਇਕ ਗੋਰਾ ਹੈ ਅਤੇ ਇਕ ਕਾਲਾ ਹੈ ਤਾਂ ਦੋਹਾਂ ਵਿੱਚੋਂ ਜਿਸ ਦਾ ਜੀਨਜ਼ ਜ਼ਿਆਦਾ ਪ੍ਰਬਲ ਹੋਵੇਗਾ ਬੱਚੇ ਨੂੰ ਉਸੇ ਦਾ ਰੰਗ ਮਿਲੇਗਾ। ਬੱਚੇ ਦੀ ਵਿਰਾਸਤ ਵਿੱਚ ਕਈ ਵੱਡੇ ਵਡੇਰਿਆਂ ਦਾ ਪ੍ਰਭਾਵ ਵੀ ਪੈਂਦਾ ਹੈ। ਹੋ ਸਕਦਾ ਹੈ ਕਿ ਜਿਹੜੇ ਜੀਨਜ਼ ਬੱਚੇ ਨੂੰ ਮਿਲੇ ਹੋਣ, ਉਹ ਉਸ ਦੇ ਦਾਦਾ-ਦਾਦੀ, ਨਾਨਾ-ਨਾਨੀ, ਵੱਲੋਂ ਆਏ ਹੋਣ। ਇਹ ਦੇਖਿਆ ਜਾਂਦਾ ਹੈ ਕਿ ਅਸਾਧਾਰਣ ਵਿਵਹਾਰ ਦੇ ਸਾਰੇ ਅਨੁਵੰਸ਼ਿਕ ਪ੍ਰਭਾਵਾਂ ਵਿੱਚੋਂ ਕਈਆਂ ਵਿੱਚ ਕੁੱਝ ਜੀਨਜ਼ ਜੋੜਿਆਂ ਵਿੱਚ ਪ੍ਰਭਾਵੀ ਅਤੇ ਅਪ੍ਰਭਾਵੀ ਸੰਬੰਧ ਸ਼ਾਮਲ ਨਹੀਂ ਹੁੰਦੇ। ਇਕ ਅਨੁਵੰਸ਼ਿਕ ਦੁਰਬਲ ਵਿਅਕਤੀ ਵਿੱਚ ਅਜਿਹੇ ਜੀਨਜ਼ ਦੀ ਗਿਣਤੀ ਕਾਫ਼ੀ ਹੁੰਦੀ ਹੈ, ਜੋ ਮਿਲ ਕੇ ਦੋਸ਼ਪੂਰਨ ਵਿਰਾਸਤ ਪੈਦਾ ਕਰਦੇ ਹਨ। ਇਹ ਦੋਸ਼ਪੂਰਨ ਜੀਨਜ਼ ਬਦਲੇ ਵਿੱਚ ਦਿਮਾਗੀ

ਰਸਾਇਣ ਦੀ ਵਿਵਸਥਾਵਿੱਚ ਤਰੁੰਟੀਆਂ ਪੈਦਾ ਕਰਦੇ ਹਨ ਜੋ ਬਾਅਦ ਵਿੱਚ ਵਿਅਕਤੀ ਨੂੰ ਮੁਸ਼ਕਿਲਾਂ ਵੱਲ ਪ੍ਰਵਿਤਤ ਕਰ ਦਿੰਦੇ ਹਨ।

1.8.3 ਸਰੀਰਕ ਬਣਤਰ ਸੰਬੰਧੀ ਵਿਸ਼ੇਸ਼ਤਾਵਾਂ ਜਾਂ ਅਸੰਗਤ ਜ਼ਿੰਮੇਵਾਰੀਆਂ

''ਅਸੰਗਤ ਜ਼ਿੰਮੇਵਾਰੀਆਂ'' ਸ਼ਬਦ ਕਿਸੇ ਵੀ ਬਾਧਕ ਵਿਸ਼ੇਸ਼ਤਾ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਸੀ, ਜੋ ਅਕਸਰ ਪ੍ਰਸੂਤ ਪੂਰਵ ਵਾਤਾਵਰਣ ਵਿੱਚ ਜਾਂ ਤਾਂ ਜਮਾਂਦਰੂ ਹੁੰਦਾ ਸੀ ਜਾਂ ਪ੍ਰਾਪਤ ਕੀਤਾ ਜਾਂਦਾ ਸੀ ਅਤੇ ਅਜਿਹੀ ਸੰਖਿਆ ਇੰਨੀ ਜ਼ਿਆਦਾ ਸੀ ਕਿ ਉਹ ਕ੍ਰਿਆਤਮਕ ਤੌਰ ਤੇ ਅਨੁਵੰਸ਼ਿਕ ਵਿਸ਼ੇਸ਼ਤਾ ਦੇ ਬਰਾਬਰ ਸੀ। ਸਰੀਰਕ ਬਣਤਰ, ਸਰੀਰਕ ਊਣਤਾਈਆਂ ਅਤੇ ਬੁਨਿਆਦੀ ਪ੍ਰਤਿਕ੍ਰਿਆਤਮਕ ਰੁਝਾਨ ਇਸ ਕੈਟਾਗਰੀ ਵਿੱਚ ਆਉਣ ਵਾਲੀਆਂ ਵਿਸ਼ੇਸ਼ਤਾਵਾਂ ਵਿੱਚੋਂ ਹਨ।

1.8.3.1 ਸਰੀਰਕ ਬਣਤਰ (Physique)

ਕੁੱਝ ਖੋਜਾਂ ਨੇ ਸਰੀਰਕ ਬਣਤਰ ਅਤੇ ਮਨੋ-ਰੋਗ ਵਿਗਿਆਨ ਵਿੱਚ ਸੰਬੰਧ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ, ਉਦਾਹਰਣ ਦੇ ਤੌਰ ਤੇ ਪੇਸ਼ੀਗਤ ਸਰੀਰਕ ਬਣਤਰ ਅਤੇ ਅਪਰਾਧ ਵਿਵਹਾਰ ਵਿੱਚ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਜੇ ਕੋਈ ਸੰਬੰਧ ਹੈ ਤਾਂ ਉਹ ਸਿਰਫ਼ ਜੀਵ-ਵਿਗਿਆਨਕ ਨਹੀਂ ਹੈ ਸਗੋਂ ਸਮਾਜਿਕ ਸਿੱਖਣਾ ਦਾ ਨਤੀਜਾ ਹੈ। ਹਰ ਰੋਜ਼ ਦੀ ਜ਼ਿੰਦਗੀ ਤੋਂ ਪਤਾ ਲੱਗਦਾ ਹੈ ਕਿ ਸਰੀਰਕ ਬਣਤਰ ਦੇ ਕਈ ਪਹਿਲੂ ਸ਼ਖਸੀਅਤ ਦੇ ਵਿਕਾਸ ਵਿੱਚ ਇਕ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਹਰ ਸਾਲ ਹਾਰ-ਸ਼ਿੰਗਾਰ ਲਈ ਲੱਖਾ ਰੁਪਏ ਖਰਚੇ ਜਾਂਦੇ ਹਨ ਤਾਂ ਜੋ ਵਿਅਕਤੀਆਂ ਦੇ ਵਿਵਹਾਰ, ਉਨ੍ਹਾਂ ਦੀਆਂ ਆਪਣੇ ਅਤੇ ਦੂਜਿਆਂ ਬਾਰੇ ਭਾਵਨਾਵਾਂ ਉੱਤੇ ਸੁੰਦਰਤਾ ਦਾ ਪ੍ਰਭਾਵ ਦੇਖਿਆ ਜਾ ਸਕੇ। ਇਹ ਮੰਨਣਾ ਤਰਕਪੂਰਣ ਹੈ ਕਿ ਸਰੀਰਕ ਤੌਰ ਤੇ ਆਕ੍ਰਸ਼ਿਤ ਵਿਅਕਤੀਆਂ ਨੂੰ ਜ਼ਿੰਦਗੀ ਵਿੱਚ ਬਹੁਤ ਫ਼ਾਇਦੇ ਹੁੰਦੇ ਹਨ ਜੋ ਕਿ ਘੱਟ ਆਕ੍ਰਿਸ਼ਿਤ ਵਿਅਕਤੀਆਂ ਨੂੰ ਨਹੀਂ ਮਿਲਦੇ। ਅਸਲ ਵਿੱਚ ਮਾਨਸਿਕ ਵਿਕਾਰਾਂ ਦਾ ਅਨੁਮਾਨਿਤ ਅਨੁਆਕ੍ਰਸ਼ਿਤ ਨਾਲ ਸੰਬੰਧ ਪਾਇਆ ਗਿਆ ਹੈ। (Napoleon et al., 1980) ਅਣਆਕ੍ਰਸ਼ਿਤ ਬਾਰੇ ਗਲਤ ਅਨੁਮਾਨ ਵੀ ਵਿਕਾਰ ਪੈਦਾ ਕਰ ਸਕਦਾ ਹੈ।

1.8.3.2 ਸਰੀਰਕ ਊਣਤਾਈਆਂ (Physical Handicaps)

ਜਨਮ ਤੋਂ ਪਹਿਲਾਂ ਜਾਂ ਬਾਅਦ ਵਿੱਚ ਭਰੂਣ ਸੰਬੰਧੀ ਅਸਾਧਾਰਣ ਜਾਂ ਵਾਤਾਵਰਣਿਕ ਸਥਿਤੀਆਂ ਸਰੀਰਕ ਵਿਕਾਰ ਪੈਦਾ ਕਰ ਸਕਦੀਆਂ ਹਨ। ਜੋ ਵਿਕਾਰ ਬੱਚਾ ਜਨਮ ਤੋਂ ਹੀ ਲੈ ਕੇ ਆਉਂਦਾ ਹੈ, ਜਮਾਂਦਰੂ ਵਿਕਾਰ ਕਹਿਲਾਉਂਦਾ ਹੈ। ਕੁੱਝ ਸਮਾਂ ਪਹਿਲਾਂ ਇਹ ਅੰਦਾਜ਼ਾ ਲਗਾਇਆ ਜਾਂਦਾ ਸੀ ਕਿ 100 ਬੱਚਿਆਂ ਵਿੱਚੋਂ 5 ਬੱਚੇ ਅਜਿਹੇ ਵਿਕਾਰ ਨਾਲ ਪੈਦਾ ਹੁੰਦੇ ਹਨ। ਇਹਨਾਂ ਵਿਕਾਰਾਂ ਦਾ ਤੀਸਰਾ ਹਿੱਸਾ ਵਿਰਾਸਤੀ ਮੰਨਿਆ ਜਾਂਦਾ ਸੀ ਅਤੇ ਛੇਵਾਂ ਹਿੱਸਾ ਬੀਮਾਰੀਆਂ ਅਤੇ ਦਵਾਈਆਂ ਦੇ ਕਾਰਨ ਮੰਨਿਆ ਜਾਂਦਾ ਸੀ ਅਤੇ ਬਾਕੀ ਰਹਿੰਦੇ ਹਿੱਸੇ ਦੇ ਕਾਰਨਾਂ ਦਾ ਪਤਾ ਨਹੀਂ ਸੀ ਲੱਗ ਸਕਿਆ। ਕੁੱਝ ਵਿਕਾਰ ਤਾਂ ਜਨਮ ਸਮੇਂ ਹੀ ਸਪੱਸ਼ਟ ਹੋ ਜਾਂਦੇ ਹਨ, ਜਦ ਕਿ ਵਿਕਾਰ ਜਿਵੇਂ ਦਿਮਾਗੀ ਅਵਿਵਸਕਾ, ਅੰਤਰ-ਰਸਾਵੀਂ ਰੁਕਾਵਟਾਂ ਅਤੇ ਦਿਲ ਵਿਕਾਰ ਆਦਿ ਦਾ ਕਈ ਮਹੀਨਿਆਂ ਜਾਂ ਸਾਲਾਂ ਤੱਕ ਪਤਾ ਨਹੀਂ ਚਲਦਾ।

ਜਨਮ ਸਮੇਂ ਹੋਣ ਵਾਲੀ ਆਮ ਮੁਸ਼ਕਿਲ, ਜੋ ਬਾਅਦ ਵਿੱਚ ਮਾਨਸਿਕ ਵਿਕਾਰ ਪੈਦਾ ਕਰਦੀ ਹੈ, ਘੱਟ ਭਾਰ ਦਾ ਹੋਣਾ ਹੈ। ਇਹ ਸਮੱਸਿਆ ਜ਼ਿਆਦਾਤਰ ਸਮੇਂ ਤੋਂ ਪਹਿਲਾਂ ਜਨਮ ਵਿੱਚ ਹੁੰਦੀ ਹੈ। ਪ੍ਰਸੂਤ ਪੂਰਵ ਹਾਲਾਤ, ਜਿਵੇਂ ਕਿ ਆਹਾਰ-ਪੁਸ਼ਟੀ ਵਿੱਚ ਕਮੀ, ਬੀਮਾਰੀ, ਦਵਾਈਆਂ, ਭਾਵਾਤਮਕ ਤਣਾਓ ਜਾਂ ਮਾਂ ਦੁਆਰਾ ਸ਼ਰਾਬ ਤੇ ਤੰਬਾਕੂ ਦਾ ਅਤਿ-ਅਧਿਕ ਸੇਵਣ ਆਦਿ ਸਮੇਂ ਤੋਂ ਪਹਿਲਾਂ ਬੱਚੇ ਦਾ ਜਨਮ ਘੱਟ ਭਾਰ ਦਾ ਕਾਰਣ ਹੁੰਦੇ ਹਨ। ਮਾਂ ਵੱਲੋਂ ਅਨੁਭਵ ਕੀਤਾ ਗਿਆ ਗੰਭੀਰ ਤਣਾਓ ਗਰਭ ਅਵਸਥਾ ਦੇ ਆਖਰੀ ਸਟੇਜ ਤੇ ਬੱਚੇ ਵਿੱਚ ਅਤਿ-ਕ੍ਰਿਆਸ਼ੀਲਤਾ ਨੀਂਦ ਵਿਕਾਰ ਚਿੜਚਿੜਾਪਨ,

ਭੋਜਨ ਸੰਬੰਧੀ ਸਮੱਸਿਆਵਾਂ ਅਤੇ ਕਈ ਹੋਰ ਮੁਸ਼ਕਿਲਾਂ ਪੈਦਾ ਕਰ ਦਿੰਦਾ ਹੈ। ਗਰਭ ਅਵਸਥਾ ਦੌਰਾਨ ਮਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਕਈ ਜੀਵ-ਵਿਗਿਆਨਕ ਸਥਿਤੀਆਂ ਬੱਚੇ ਦੇ ਵਿਕਾਸ ਅਤੇ ਸਮਾਯੋਜਨ ਤੇ ਅਸਰ ਪਾਉਂਦੀਆਂ ਹਨ।

1.8.3.3 ਬੁਨਿਆਦੀ ਪ੍ਰਤਿਕ੍ਰਿਆ ਰੁਝਾਨ (Primary Reaction Tendencies)

ਹਰ ਨਵੇਂ ਜੰਮੇ ਬੱਚੇ ਦੀ ਕੁੱਝ ਉਤੇਜਕਾਂ ਪ੍ਰਤੀ ਪ੍ਰਤੀਕ੍ਰਿਆ ਵਿੱਚ ਭਿੰਨਤਾ ਹੁੰਦੀ ਹੈ। ਕੁੱਝ ਬੱਚੇ ਹਲਕੀ ਜਿਹੀ ਆਵਾਜ਼ ਦੁਆਰਾ ਹੀ ਚੌਕ ਜਾਂਦੇ ਹਨ ਜਾਂ ਚਿਹਰੇ ਤੇ ਥੋੜੀ ਜਿਹੀ ਧੁੱਪ ਪੈਣ ਨਾਲ ਰੋਣ ਲੱਗ ਜਾਂਦੇ ਹਨਅਤੇ ਕਈ ਬੱਚਿਆਂ ਉੱਪਰ ਇਹਨਾਂ ਉਤੇਜਕਾਂ ਦਾ ਕੋਈ ਅਸਰ ਨਹੀਂ ਪੈਂਦਾ। ਇਹ ਭਿੰਨਤਾਵਾਂ ਬੁਨਿਆਦੀ ਪ੍ਰਤੀਕ੍ਰਿਆ ਰੁਝਾਨ ਦੀਆਂ ਉਦਾਹਰਣਾਂ ਹਨ। ਖੋਜਾਂ ਤੋਂ ਪਤਾ ਲੱਗਿਆ ਹੈ ਕਿ ਔਰਤ ਅਤੇ ਪੁਰਸ਼ ਦੇ ਵਿਵਹਾਰ ਵਿੱਚ ਭਿੰਨਤਾਵਾਂ ਬੁਨਿਆਦੀ ਪ੍ਰਤੀਕ੍ਰਿਆ ਰੁਝਾਨ ਕਾਰਨ ਹੁੰਦੀ ਹੈ ਜੋ ਹਾਰਮੋਨ ਦੇ ਪ੍ਰਭਾਵ ਕਾਰਨ ਅਤੇ ਵਿਕਸਿਤ ਤੰਤੂ-ਪ੍ਰਬੰਧ ਸਿਸਟਮ ਦੁਆਰਾ ਪੈਦਾ ਹੁੰਦੀ ਹੈ। ਬੁਨਿਆਦੀ ਪ੍ਰਤੀਕ੍ਰਿਆ ਰੁਝਾਨ ਵਿੱਚ ਤਣਾਓ ਪ੍ਰਤੀ ਵਿਸ਼ੇਸ਼ ਪ੍ਰਤੀਕ੍ਰਿਆਵਾਂ ਵੀ ਸ਼ਾਮਲ ਹੁੰਦੀਆਂ ਹਨ। ਕੁੱਝ ਬੱਚੇ ਤਣਾਓ ਨੂੰ ਸਹਿਨ ਨਹੀਂ ਕਰ ਸਕਦੇ ਅਤੇ ਬੁਖਾਰ, ਪਾਚਕ ਵਿਕਾਰ, ਨੀਂਦ ਵਿਕਾਰ ਆਦਿ ਦੇ ਰੂਪ ਵਿੱਚ ਪ੍ਰਤਿਕ੍ਰਿਆ ਕਰਦੇ ਹਨ ਜੋ ਬਾਅਦ ਵਿੱਚ ਉਸ ਦੇ ਵਿਵਹਾਰ ਦਾ ਸਥਾਈ ਅੰਗ ਬਣ ਜਾਂਦੇ ਹਨ।

1.8.4 ਦਿਮਾਗੀ ਦੋਸ਼ਪੂਰਣ ਕ੍ਰਿਆ (Brain Dysfunction)

ਮਨੁੱਖੀ ਵਿਰਾਸਤ ਦਾ ਵਿਸ਼ੇਸ਼ ਪਹਿਲੂ ਇਕ ਬੇਹੱਦ ਸ੍ਰੇਸ਼ਠ ਦਿਮਾਗ ਹੈ। ਬ੍ਰਹਿਮੰਡ ਵਿੱਚ ਉਸ ਨੂੰ ਇਕ ਬਹੁਤ ਹੀ ਸੰਗਠਿਤ ਕਰਮ ਇੰਦਰੀ ਮੰਨਿਆ ਜਾਂਦਾ ਹੈ ਜਿਸ ਵਿੱਚ 10 ਅਰਬ ਨਾੜੀ ਸੈਲ ਹੁੰਦੇ ਹਨ ਅਤੇ ਅਣਗਿਣਤ ਸੰਬੰਧਿਤ ਰਸਤੇ ਹਨ ਜੋ ਸਰੀਰ ਦੇ ਦੂਸਰੇ ਹਿੱਸਿਆਂ ਤੱਕ ਜੁੜੇ ਹੁੰਦੇ ਹਨ। ਮਨੁੱਖੀ ਦਿਮਾਗ ਅਜਿਹੀਆਂ ਯੋਗਤਾਵਾਂ ਦਾ ਇਕ ਵਿਲੱਖਣ ਸੰਬੰਧ ਪੇਸ਼ ਕਰਦਾ ਹੈ ਜੋ ਸਿੱਖਣਾ, ਅਨੁਭਵਾਂ ਨੂੰ ਇਕੱਠੇ ਰੱਖਣ, ਤਰਕ-ਸ਼ਕਤੀ ਕਰਨ, ਕਲਪਨਾ ਕਰਨ ਅਤੇ ਸਮੱਸਿਆ ਸਮਾਧਾਨ ਵਿੱਚ ਸਹਾਈ ਹੁੰਦੀਆਂ ਹਨ। ਮਨੁੱਖ ਦਿਮਾਗ ਸਾਨੂੰ ਸਮੇਂ ਅਨੁਸਾਰ ਬਦਲਦੀਆਂ ਸਥਿਤੀਆਂ ਅਨੁਸਾਰ ਢਾਲਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ, ਪਰੰਤੂ ਇਸ ਲਈ ਕੋਈ ਨਾ ਕੋਈ ਕੀਮਤ ਜ਼ਰੂਰ ਚੁੱਕਾਉਣੀ ਪੈਂਦੀ ਹੈ। ਇਹ ਕੀਮਤ ਖਾਸ ਕਰਕੇ ਉਹਨਾਂ ਵਿਅਕਤੀਆਂ ਨੂੰ ਚੁਕਾਉਣੀ ਪੈਂਦੀ ਹੈ ਜੋ ਮਾਨਸਿਕ ਵਿਕਾਰਾਂ ਦਾ ਸ਼ਿਕਾਰ ਹੁੰਦੇ ਹਨ। ਕੁੱਝ ਖੋਜਾਂ ਨੇ ਸਿੱਧ ਕੀਤਾ ਕਿ ਸਾਧਾਰਣ ਅਧਰੰਗ ਦਿਮਾਗੀ ਟਿਸ਼ੂ ਦੀ ਤਬਾਹੀ ਕਰਕੇ ਹੁੰਦਾ ਹੈ। ਹੁਣ ਪਤਾ ਲੱਗਦਾ ਹੈ ਕਿ ਦਿਮਾਗੀ ਟਿਸ਼ੂ ਦੇ ਖਤਮ ਹੋਣ ਨਾਲ ਉਸ ਦੀ ਤਬਾਹੀ ਕਾਰਣ ਵਿਅਕਤੀ ਨੂੰ ਮਨੋ-ਰੋਗ ਹੋ ਸਕਦਾ ਹੈ।

ਗੰਭੀਰ ਦਿਮਾਗੀ ਵਿਕਾਰ ਨੂੰ ਸਿਰਫ 25% ਮੰਦ-ਬੁੱਧੀ ਲੋਕਾਂ ਵਿੱਚ ਹੀ ਕਾਰਨਵਾਦੀ ਵਿਕਾਰ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਬਚਪਨ ਵਿੱਚ ਹੋਏ ਐਕਸੀਡੈਂਟਾਂ ਕਾਰਨ ਗੰਭੀਰ ਦਿਮਾਗੀ ਸੱਟਾਂ ਦੀ ਤੁਲਨਾਤਮਕ ਤੌਰ ਤੇ ਆਮ ਪ੍ਰਚਲਿਤ ਨਹੀਂ ਹਨ। ਅਸਲ ਵਿੱਚ ਬੱਚਿਆਂ ਤੇ ਜਵਾਨਾਂ ਵਿੱਚ ਗੰਭੀਰ ਦਿਮਾਗੀ ਵਿਕਾਰ ਮਾਨਸਿਕ ਵਿਕਾਰਾਂ ਦਾ ਪ੍ਰਮੁੱਖ ਕਾਰਣ ਨਹੀਂ ਹਨ। ਅਜਿਹੇ ਨੁਕਸਾਨ ਜ਼ਿਆਦਾਤਰ ਵੱਡੇ ਲੋਕਾਂ ਵਿੱਚ ਹੁੰਦੇ ਹਨ ਕਿਉਂਕਿ ਇਹ ਬੁਢਾਪਾ ਪ੍ਰਕ੍ਰਿਆ ਜਾਂ ਹਿਰਦੇ-ਨਸ ਦੀ ਕਮੀ ਨਾਲ ਸੰਬੰਧਿਤ ਹੁੰਦੇ ਹਨ। ਦਿਮਾਗੀ ਵਿਕਾਰ ਕਈ ਵਾਰ ਅਜਿਹੀਆਂ ਸਥਿਤੀਆਂ ਉਤਪੰਨ ਕਰ ਦਿੰਦੇ ਹਨ ਕਿ ਵਿਅਕਤੀ ਉਹਨਾਂ ਨਾਲ ਸਮਾਯੋਜਨ ਨਹੀਂ ਕਰ ਸਕਦਾ ਤੇ ਉਹ ਤਣਾਓ ਅਨੁਭਵ ਕਰਨ ਲੱਗ ਜਾਂਦਾ ਹੈ। ਇਸ ਕਰਕੇ ਹੀ 60 ਸਾਲਾਂ ਤੋਂ ਵੱਧ ਉਮਰ ਦੇ ਲੋਕਾਂ ਵਿੱਚ ਮਨੋ-ਰੋਗ ਵਿਗਿਆਨਿਕ ਲੱਛਣ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ ਜਿਵੇਂ ਕਿ ਵਹਿਮ। ਮਾਨਸਿਕ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਸਭ ਤੋਂ ਵੱਧ ਸੰਖਿਆ ਇਸ ਉਮਰ ਦੇ ਲੋਕਾਂ ਦੀ ਹੁੰਦੀ ਹੈ।

1.8.5 ਸਰੀਰਕ ਹੀਣਤਾ (Physical Deprivation)

ਅਸੀਂ ਜਾਣਦੇ ਹਾਂ ਕਿ ਸ਼ਰੀਰ ਦੀ ਸਰੀਰਕ ਇਕਸਾਰਤਾ ਤੇ ਸੰਗਠਨ ਬਣਾਈ ਰੱਖਣ ਲਈ ਪਾਚਣ ਕ੍ਰਿਆ, ਲਹੂ ਸੰਚਾਰ ਅਤੇ ਕਈ ਹੋਰ ਸਰੀਰਕ ਕ੍ਰਿਆਵਾਂ ਕੰਮ ਕਰਦੀਆਂ ਰਹਿੰਦੀਆਂ ਹਨ। ਪ੍ਰਭਾਵਸ਼ਾਲੀ ਅਤ ਤਸੱਲੀਬਖਸ਼ ਕ੍ਰਿਆ ਲਈ, ਸਰੀਰਕ ਕ੍ਰਿਆਵਾਂ ਨੂੰ ਇਕ ਹੱਦ ਤੱਕ ਸੀਮਤ ਰੱਖਣ ਲਈ, ਸਾਧਾਰਣ ਲਹੂ ਰਸਾਇਣ ਕ੍ਰਿਆ ਲਈ, ਸਰੀਰਕ ਤਾਪਮਾਨ ਸਥਿਰ ਰੱਖਣ ਲਈ ਆਦਿ ਜੁਗਤਾਂ ਦੀ ਜ਼ਰੂਰਤ ਹੁੰਦੀ ਹੈ। ਇਸ ਪ੍ਰਕ੍ਰਿਆ ਨੂੰ ਵਿਅਕਤਿਤਵ ਪੂਰਤੀ ਪ੍ਰਕ੍ਰਿਆ ਕਿਹਾ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਜੇ ਸਾਨੂੰ ਠੰਡ ਲੱਗਦੀ ਹੈ ਤਾਂ ਅਸੀਂ ਕੰਬਦੇ ਹਾਂ, ਜੇ ਅਸੀਂ ਗਰਮੀ ਮਹਿਸੂਸ ਕਰਦੇ ਹਾਂ ਤਾਂ ਸਾਨੂੰ ਪਸੀਨਾ ਆਉਂਦਾ ਹੈ। ਸਮੇਂ-ਸਮੇਂ ਤੇ ਬੀਮਾਰੀਆਂ ਅਤੇ ਸੱਟਾਂ, ਜਿਨ੍ਹਾਂ ਨਾਲ ਦਰਦ ਹੁੰਦਾ ਹੈ, ਹਰ ਵਿਅਕਤੀ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਸਾਡੇ ਸਾਧਾਰਨ ਸੰਤੁਲਨ ਨੂੰ ਵਿਗਾੜ ਦਿੰਦੀਆਂ ਹਨ। ਅਜਿਹੀਆਂ ਘਟਨਾਵਾਂ ਦੇ ਮਨੋਵਿਗਿਆਨਕ ਪ੍ਰਭਾਵ ਨੂੰ ਅਕਸਰ ਨਜ਼ਰ-ਅੰਦਾਜ਼ ਕੀਤਾ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਨਿਰਉਤਸ਼ਾਹ ਜਾਂ ਉਦਾਸੀ ਸਰੀਰਕ ਬੀਮਾਰੀਆਂ ਨਾਲ ਜੁੜੀ ਹੋਈ ਹੈ ਕਿਉਂਕਿ ਇਹ ਸਾਨੂੰ ਯਾਦ ਕਰਾਉਂਦੀ ਰਹਿੰਦੀ ਹੈ ਕਿ ਬੀਮਾਰੀਆਂ ਕਾਰਨ ਸਾਡਾ ਕੰਮ ਕਰਨ ਦਾ ਖੇਤਰ ਸੀਮਤ ਹੋ ਗਿਆ ਹੈ।ਚਾਹੇ ਕੋਈ ਬੀਮਾਰੀ ਸਥਿਰ ਹੋਵੇ ਜਾਂ ਉਸ ਦਾ ਇਲਾਜ ਬਹੁਤ ਲੰਬਾ ਹੋਵੇ, ਵਿਅਕਤੀ ਦੇ ਸਰੀਰ ਲਈ ਦੁਬਾਰਾ ਸੰਗਠਨ ਸੰਤੁਲਨ ਕਾਇਮ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਸਰੀਰਕ ਅਪੰਗਤਾਵਾਂ ਸਮਾਜਿਕ ਕਲੰਕ ਵੀ ਬਣ ਜਾਂਦੀਆਂ ਹਨ ਜੋ ਆਪਣੇ ਆਪ ਵਿੱਚ ਹੀ ਅਨੈਤਿਕਤਾ ਅਤੇ ਅਸਹਿਣਯੋਗ ਹੁੰਦੀਆਂ ਹਨ ਅਤੇ ਵਿਅਕਤੀ ਲਈ ਕਈ ਪ੍ਰਕਾਰ ਦਾ ਤਣਾਓ ਹੋ ਜਾਂਦਾ ਹੈ। ਕਈ ਵਾਰ ਅਜਿਹੀਆਂ ਬਦਕਿਸਮਤ ਘਟਨਾਵਾਂ ਦੇ ਨਾ ਹੋਣ ਦੇ ਬਾਵਜੂਦ ਵੀ ਕਈ ਵਿਅਕਤੀ ਆਪਣੇ ਸਰੀਰਕ ਸੰਤੁਲਨ ਨੂੰ ਖਤਰਾ ਅਨੁਭਵ ਕਰਦੇ ਹਨ। ਅਜਿਹੀਆਂ ਦੋ ਸਥਿਤੀਆਂ ਹਨ ਜਿਨ੍ਹਾਂ ਵਿੱਚੋਂ ਤਕਰੀਬਨ ਹਰ ਵਿਅਕਤੀ ਨੂੰ ਗੁਜ਼ਰਨਾ ਪੈਂਦਾ ਹੈ :

(i) ਬੁਨਿਆਦੀ ਸਰੀਰਕ ਲੋੜਾਂ; ਅਤੇ
(ii) ਜੋਸ਼ ਜਾਂ ਉਤੇਜਨਾ ਦੇ ਪੱਧਰ।

1.8.5.1 ਬੁਨਿਆਦੀ ਸਰੀਰਕ ਲੋੜਾਂ (Basic Physiological Needs)

ਵਿਅਕਤੀ ਦੀਆਂ ਬੁਨਿਆਦੀ ਜ਼ਰੂਰਤਾਂ ਭੋਜਨ, ਪਾਣੀ, ਹਵਾ, ਨੀਂਦ ਅਤੇ ਗੰਦ ਦਾ ਨਿਕਾਸ ਹੋਣਾ ਹਨ। ਜ਼ਿੰਦਾ ਰਹਿਣ ਲਈ ਅਤੇ ਸਮਾਯੋਜਤ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਆਰਾਮ ਕਰਕੇ ਆਪਣੇ ਆਪ ਨੂੰ ਤਰੋ-ਤਾਜ਼ਾ ਕਰਕੇ ਰੱਖੇ ਅਤੇ ਜੀਉਣ ਦੀ ਪ੍ਰਕ੍ਰਿਆ ਵਿੱਚ ਵਰਤੇ ਗਏ ਪਦਾਰਥਾਂ ਦੀ ਪੂਰਤੀ ਲਈ ਚੰਗੀ ਖੁਰਾਕ ਲਏ। ਅਜਿਹੀ ਨਵੀਂ ਪ੍ਰਕ੍ਰਿਆ ਵਿੱਚ ਲੰਬੇ ਸਮੇਂ ਤੱਕ ਵਿਘਨ ਪੈਣ ਨਾਲ ਸਾਹਮਣਾ ਕਰਨ ਦੇ ਸੋਮੇ ਕਮਜ਼ੋਰ ਹੋ ਜਾਂਦੇ ਹਨ ਅਤੇ ਉਸ ਨੂੰ ਤਣਾਓ ਹੋਣਾ ਸ਼ੁਰੂ ਹੋ ਜਾਂਦਾ ਹੈ। ਕੈਦੀ ਕਈ ਵਾਰ ਇਸ ਕਰਕੇ ਹੀ ਮਾਨਸਿਕ ਤੇ ਸਰੀਰਕ ਤੌਰ ਤੇ ਬਿਲਕੁਲ ਟੁੱਟ ਜਾਂਦੇ ਹਨ ਕਿ ਉਹ ਠੀਕ ਸਮੇਂ ਤੇ ਸੌਂ ਨਹੀਂ ਸਕਦੇ, ਜਿਸ ਕਰਕੇ ਉਹਨਾਂ ਦੀ ਨੀਂਦ ਪੂਰੀ ਨਹੀਂ ਹੁੰਦੀ ਅਤੇ ਕਈ ਦਿਨਾਂ ਤੱਕ ਉਹਨਾਂ ਨੂੰ ਭੋਜਨ ਨਹੀਂ ਮਿਲਦਾ।

ਵਲੰਟੀਅਰ, ਜੋ ਕਿ 73 ਤੋਂ 98 ਘੰਟਿਆਂ ਤੱਕ ਬਿਲਕੁਲ ਹੀ ਨਹੀਂ ਸੁੱਤੇ, ਦੇ ਪ੍ਰਯੋਗਾਤਮਕ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਇੰਨੀ ਦੇਰ ਜਾਗਣ ਨਾਲ ਮਨੋਵਿਗਿਆਨਕ ਸਮੱਸਿਆਵਾਂ ਵੱਧਣੀਆਂ ਸ਼ੁਰੂ ਹੋ ਜਾਂਦੀਆਂ ਹਨ, ਜਿਵੇਂ ਕਿ ਨੀਂਦ ਦਾ ਘਟਣਾ, ਸਮੇਂ ਅਤੇ ਸਥਾਨ ਬਾਰੇ ਦਿਸ਼ਾ-ਸਥਿਤੀ ਗਿਆਨ ਹਾਨੀ (Disorientation)। ਬਰਗਰ ਨੇ ਕਿਹਾ ਕਿ ਆਪਣੇ ਆਪ ਨੂੰ ਠੀਕ ਤੇ ਤੰਦਰੁਸਤ ਰੱਖਣ ਲਈ ਸਾਨੂੰ ਜ਼ਰੂਰ ਸੋਣਾ ਚਾਹੀਦਾ ਹੈ।

ਸੰਤੁਲਿਤ ਖੁਰਾਕ ਦੀ ਘਾਟ ਨਾਲ ਵੀ ਮਨੋਵਿਗਿਆਨਕ ਪ੍ਰਕ੍ਰਿਆ ਵਿੱਚ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਦੂਜੀ ਵਿਸ਼ਵ ਜੰਗ ਅਤੇ ਕੋਰੀਆ ਦੀ ਜੰਗ ਸਮੇਂ ਫੌਜੀਆਂ ਦੇ ਇਕ ਗਰੁੱਪ

ਦਾ ਅਧਿਐਨ ਕੀਤਾ ਜਿਨ੍ਹਾਂ ਦਾ ਬੰਦੀ ਹੋਣ ਸਮੇਂ ਜਾਂ ਦੂਜੇ ਦੇਸ਼ ਵਿੱਚ ਕੈਦੀ ਹੋਣ ਸਮੇਂ 35% ਭਾਰ ਘੱਟ ਗਿਆ। ਆਮ ਜ਼ਿੰਦਗੀ ਵਿੱਚ ਗੰਭੀਰ ਨੁਕਸਾਨ ਤਣਾਓ ਪ੍ਰਤੀ ਸਹਿਣ ਸ਼ਕਤੀ ਘਟਾ ਦਿੰਦਾ ਹੈ। ਅਯੋਗ ਖੁਰਾਕ, ਜ਼ਰੂਰਤ ਤੋਂ ਘੱਟ ਆਰਾਮ, ਗੰਭੀਰ ਨਜ਼ਲੇ ਵਿੱਚ ਭਾਰੀ ਤੇ ਪੂਰਾ ਦਿਨ ਕੰਮ ਕਰਨ ਦੀ ਕੋਸ਼ਿਸ਼, ਥਕਾਵਟ ਜਾਂ ਭਾਵਾਤਮਕ ਦਬਾਓ ਵਿਅਕਤਿਤਵ ਸੰਗਠਨ ਬਣਾਏ ਰੱਖਣ ਦੀ ਸਾਡੀ ਯੋਗਤਾ ਵਿੱਚ ਵੀ ਰੁਕਾਵਟ ਪੈਦਾ ਕਰਦਾ ਹੈ, ਜਿਸ ਦੇ ਨਤੀਜੇ ਵੱਜੋਂ ਬੁੱਧੀ ਅੰਕ ਬਹੁਤ ਘੱਟ ਰਹਿ ਜਾਂਦਾ ਹੈ। ਸੰਤੁਲਿਤ ਖੁਰਾਕ ਨਾ ਹੋਣ ਕਰਕੇ ਵੀ ਕਈ ਸਰੀਰਕ ਵਿਕਾਰ ਹੋ ਜਾਂਦੇ ਹਨ ਅਤੇ ਆਮ ਤੌਰ ਤੇ ਤਣਾਓ ਪ੍ਰਤੀ ਸਹਿਣ ਸ਼ਕਤੀ ਘੱਟ ਜਾਂਦੀ ਹੈ। ਅਸੰਤੁਲਿਤ ਖੁਰਾਕ ਵੱਜੋਂ ਪੈਦਾ ਹੋਏ ਸਰੀਰਕ ਤੇ ਮਨੋਵਿਗਿਆਨਕ ਅਸੰਤੁਲਨ ਕਰਕੇ ਵਿਅਕਤੀ ਸਮਾਜਿਕ ਤੇ ਵਿਅਕਤੀਗਤ ਜ਼ਿੰਮੇਵਾਰੀਆਂ ਪੂਰੀਆਂ ਕਰਨ ਵਿੱਚ ਅਸਫ਼ਲ ਰਹਿੰਦਾ ਹੈ।

1.8.5.2 ਜੋਸ਼ ਅਤੇ ਕ੍ਰਿਆ (Stimulation and Activity)

ਕੁੱਝ ਸਮਾਂ ਪਹਿਲਾਂ ਸਾਨੂੰ ਇਹ ਪਤਾ ਲੱਗਿਆ ਹੈ ਕਿ ਸਿਹਤਮੰਦ ਮਾਨਸਿਕ ਵਿਕਾਸ ਬੱਚੇ ਤੇ ਵਾਤਾਵਰਣ ਤੋਂ ਜੋਸ਼ ਦਾਹ ਯੋਗ ਹਿੱਸਾ ਪ੍ਰਾਪਤ ਕਰਨ ਤੇ ਨਿਰਭਰ ਕਰਦਾ ਹੈ। 1940 ਤੋਂ ਬਾਅਦ ਖੋਜਰਾਥੀਆਂ ਨੇ ਅਯੋਗਕ ਜੋਸ਼ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ Hospitalism Syndrome ਦਾ ਨਾਮ ਦਿੱਤਾ। ਅਪੂਰਨ ਵਾਤਾਵਰਣ ਦਾ ਵੀ ਦਿਮਾਗ ਦੇ ਵਿਕਾਸ ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਇਹ ਵੀ ਦੇਖਣਾ ਜ਼ਰੂਰੀ ਹੈ ਕਿ ਇਕ ਵਿਕਸਿਤ ਹੋ ਰਹੀ ਪ੍ਰਣਾਲੀ ਲਈ ਕਿੰਨੇ ਕੁ ਜੋਸ਼ ਜਾਂ ਉਤੇਜਨਾ ਦੀ ਜ਼ਰੂਰਤ ਹੈ। ਅਸੀਂ ਜਾਣਦੇ ਹਾਂ ਕਿ ਲੋੜ ਤੋਂ ਵੱਧ ਤਬਦੀਲੀਆਂ ਵੀ ਸਰੀਰਕ ਬੀਮਾਰੀਆਂ ਦਾ ਕਾਰਨ ਬਣਦੀਆਂ ਹਨ ਅਤੇ ਦਿਮਾਗ ਤੇ ਜ਼ਿਆਦਾ ਬੋਝ ਨਾਲ ਵਿਅਕਤੀ ਦੇ ਕੰਮ ਕਰਨ ਦੀ ਕ੍ਰਿਆ ਤੇ ਅਸਰ ਪੈਂਦਾ ਹੈ। ਨਵੇਂ ਜੰਮੇ ਬੱਚੇ ਤੇ ਬਾਲਗ ਵੀ ਅਜਿਹੀ ਸਥਿਤੀਦੁਆਰਾ ਪ੍ਰਭਾਵਿਤ ਹੁੰਦੇ ਹਨ। ਆਮ ਤੌਰ ਤੇ ਹਰ ਵਿਅਕਤੀ ਲਈ ਉਤੇਜਨਾ ਜ਼ਰੂਰੀ ਹੈ, ਪਰੰਤੂ ਇਹ ਕਿਸੇ ਹੱਦ ਤੱਕ ਹੋਣੀ ਚਾਹੀਦੀ ਹੈ ਤੇ ਸਮੇਂ ਅਨੁਸਾਰ ਬਦਲਦੀ ਰਹਿੰਦੀ ਹੈ। ਕਈ ਸਥਿਤੀਆਂ ਵਿੱਚ ਅਸੀਂ ਉਤੇਜਨਾ ਦੀ ਪੱਧਰ ਘੱਟ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤੇ ਕਈਆਂ ਵਿੱਚ ਵੱਧ, ਜਿਵੇਂ ਉਦਾਸੀਨਤਾ ਦੀ ਅਵਸਥਾ ਵਿੱਚ ਅਸੀਂ ਉਤੇਜਨਾ ਜਾਂ ਜੋਸ਼ ਨੂੰ ਵਧਾਉਣ ਦੀ ਕੋਸ਼ਿਸ਼ ਕਰਦੇ ਹਾਂ।

1.8.6 ਸੰਖੇਪ ਸਾਰ

ਅਸਾਧਾਰਣ ਵਿਵਹਾਰ ਦੇ ਜੀਵ ਵਿਗਿਆਨਿਕ ਕਾਰਣਾਂ ਦੀ ਗੱਲ ਕਰੀਏ ਤਾਂ ਇਸ ਵਿਚ ਅਨੁਵੰਸ਼ਿਕ ਵਿਕਾਰਾਂ, ਸਰੀਰਕ ਵਿਸ਼ੇਸ਼ਤਾਵਾਂ ਜਿਵੇ ਕਿ ਬਣਤਰ, ਬੁਨਿਆਦੀ ਪ੍ਰਕ੍ਰਿਆ ਰੁਝਾਨ, ਸਰੀਰਕ ਊਣਤਾਈਆਂ, ਦਿਮਾਗੀ ਦੋਸ਼ਪੂਰਨ ਕਿਰਿਆ ਅਤੇ ਸਰੀਰਕ ਲੋੜਾਂ ਦੀ ਪੂਰਤੀ ਨਾ ਹੋਣਾ ਆਦਿ ਸ਼ਾਮਿਲ ਹੁੰਦੇ ਹਨ ਜੋ ਸਾਡੇ ਵਿਵਹਾਰ ਨੂੰ ਅਣਉਚਿੱਤ ਬਣਾ ਸਕਦੇ ਹਨ।

1.8.7 ਅਭਿਆਸ

ਪ੍ਰਸ਼ਨ 1:- ਅਸਾਧਾਰਣ ਵਿਹਾਰ ਤੇ ਅਨੁਵੰਸ਼ਿਕ ਵਿਕਾਰ(genetic defects) ਦਾ ਕੀ ਰੋਲ ਹੈ ?

ਪ੍ਰਸ਼ਨ 2:- ਸੰਖੇਪ ਵਿਚ ਲਿਖੋ

- ੳ : ਗੁਣ ਸੂਤਰਿਕ ਅਣਮੇਲਤਾ (Chromosomal anomalies)
- ਅ : ਅਲਿੰਗ ਸੂਤਰ (Autosomes)
- ੲ : ਦਿਮਾਗੀ ਦੋਸ਼ਪੂਰਣ ਕ੍ਰਿਆ (Brain Dysfunction)

1.8.8 ਸ਼ਬਦਾਵਲੀ

ਗੁਣ ਸੂਤਰਿਕ ਅਣਮੇਲਤਾ (Chromosomal Anomalies)

ਇਕ ਸੈਲ ਕੇਂਦਰਤ ਦੇ ਲੜੀ ਰੂਪ ਢਾਂਚੇ ਨੂੰ, ਜਿਸ ਵਿੱਚ ਜੀਨਜ਼ ਹੁੰਦੇ ਹਨ, ਗੁਣ-ਸੂਤਰ ਕਹਿੰਦੇ ਹਨ। ਜੀਵ ਵਿਗਿਆਨਕ ਖੋਜ ਵਿੱਚ ਤਰੱਕੀ ਕਾਰਣ ਅਸੀਂ ਜਨਮ ਤੋਂ ਪਹਿਲਾਂ ਹੀ ਗੁਣ-ਸੂਤਰਿਕ ਅਣਮੇਲਤਾ ਪਤਾ ਕਰਨ ਦੇ ਯੋਗ ਹੋ ਗਏ ਹਾਂ ਅਤੇ ਇਹ ਪਤਾ ਲਗਾਉਣ ਵਿੱਚ ਵੀ ਸੰਭਵ ਹੋਏ ਹਾਂ ਕਿ ਇਸ ਅਣਮੇਲਤਾ ਦਾ ਭਵਿੱਖ ਵਿੱਚ ਵਿਵਹਾਰ ਅਤੇ ਵਿਕਾਸ ਤੇ ਕੀ ਅਸਰ ਪੈਂਦਾ ਹੈ।

ਅਲਿੰਗ ਸੂਤਰ (Autosomes)

ਜਦੋਂ ਉਪਜਾਊਪਨ ਜਾਂ ਫਲਿਤ ਪ੍ਰਕ੍ਰਿਆ ਸ਼ੁਰੂ ਹੁੰਦੀ ਹੈ ਤਾਂ ਸਾਧਾਰਣ ਵਿਰਾਸਤ ਵਿੱਚ ਗੁਣ-ਸੂਤਰਾਂ ਦੇ 23 ਜੋੜ ਹੁੰਦੇ ਹਨ ਜਿਨ੍ਹਾਂ ਵਿੱਚ ਹਰ ਜੋੜਿਆਂ ਵਿੱਚ ਇਕ ਗੁਣ-ਸੂਤਰ ਮਾਤਾ ਵੱਲੋਂ ਅਤੇ ਇਕ ਪਿਤਾ ਵੱਲੋਂ ਪ੍ਰਾਪਤ ਹੁੰਦਾ ਹੈ। ਇਹਨਾਂ ਜੋੜਿਆਂ ਵਿੱਚ 22 ਜੋੜਿਆਂ ਨੂੰ ਅਲਿੰਗ ਸੂਤਰ (Autosomes) ਕਿਹਾ ਜਾਂਦਾ ਹੈ।

ਬੁਨਿਆਦੀ ਪ੍ਰਤਿਕ੍ਰਿਆ ਰੁਝਾਨ (Primary Reaction Tendencies)

ਹਰ ਨਵੇਂ ਜੰਮੇ ਬੱਚੇ ਦੀ ਕੁੱਝ ਉਤੇਜਕਾਂ ਪ੍ਰਤੀ ਪ੍ਰਤੀਕ੍ਰਿਆ ਵਿੱਚ ਭਿੰਨਤਾ ਹੁੰਦੀ ਹੈ। ਕੁੱਝ ਬੱਚੇ ਹਲਕੀ ਜਿਹੀ ਆਵਾਜ਼ ਦੁਆਰਾ ਹੀ ਚੌਕ ਜਾਂਦੇ ਹਨ ਜਾਂ ਚਿਹਰੇ ਤੇ ਥੋੜੀ ਜਿਹੀ ਧੁੱਪ ਪੈਣ ਨਾਲ ਰੋਣ ਲੱਗ ਜਾਂਦੇ ਹਨਅਤੇ ਕਈ ਬੱਚਿਆਂ ਉੱਪਰ ਇਹਨਾਂ ਉਤੇਜਕਾਂ ਦਾ ਕੋਈ ਅਸਰ ਨਹੀਂ ਪੈਂਦਾ। ਇਹ ਭਿੰਨਤਾਵਾਂ ਬੁਨਿਆਦੀ ਪ੍ਰਤੀਕ੍ਰਿਆ ਰੁਝਾਨ ਦੀਆਂ ਉਦਾਹਰਣਾਂ ਹਨ। ਖੋਜਾਂ ਤੋਂ ਪਤਾ ਲੱਗਿਆ ਹੈ ਕਿ ਔਰਤ ਅਤੇ ਪੁਰਸ਼ ਦੇ ਵਿਵਹਾਰ ਵਿੱਚ ਭਿੰਨਤਾਵਾਂ ਬੁਨਿਆਦੀ ਪ੍ਰਤੀਕ੍ਰਿਆ ਰੁਝਾਨ ਕਾਰਨ ਹੁੰਦੀ ਹੈ ਜੋ ਹਾਰਮੋਨ ਦੇ ਪ੍ਰਭਾਵ ਕਾਰਨ ਅਤੇ ਵਿਕਸਿਤ ਤੰਤੂ-ਪ੍ਰਬੰਧ ਸਿਸਟਮ ਦੁਆਰਾ ਪੈਦਾ ਹੁੰਦੀ ਹੈ। ਬੁਨਿਆਦੀ ਪ੍ਰਤੀਕ੍ਰਿਆ ਰੁਝਾਨ ਵਿੱਚ ਤਣਾਓ ਪ੍ਰਤੀ ਵਿਸ਼ੇਸ਼ ਪ੍ਰਤੀਕ੍ਰਿਆਵਾਂ ਵੀ ਸ਼ਾਮਲ ਹੁੰਦੀਆਂ ਹਨ। ਕੁੱਝ ਬੱਚੇ ਤਣਾਓ ਨੂੰ ਸਹਿਨ ਨਹੀਂ ਕਰ ਸਕਦੇ ਅਤੇ ਬੁਖਾਰ, ਪਾਚਕ ਵਿਕਾਰ, ਨੀਂਦ ਵਿਕਾਰ ਆਦਿ ਦੇ ਰੂਪ ਵਿੱਚ ਪ੍ਰਤਿਕ੍ਰਿਆ ਕਰਦੇ ਹਨ ਜੋ ਬਾਅਦ ਵਿੱਚ ਉਸ ਦੇ ਵਿਵਹਾਰ ਦਾ ਸਥਾਈ ਅੰਗ ਬਣ ਜਾਂਦੇ ਹਨ।

1.8.9 ਹਵਾਲਾ ਪੁਸਤਕਾਂ

1. Abnormal Psychology and Modern Life : Carson & Butcher
2. Davison & Neale : AbnormalPsychology
3. ਡਾ. ਆਗਿਆਜੀਤ ਸਿੰਘ : ਅਸਾਧਾਰਣ ਮਨੋਵਿਗਿਆਨ
4. ਬਲਵੰਤ ਬੀ. ਕੁਮਾਰ : ਅਸਾਧਾਰਣ ਮਨੋਵਿਗਿਆਨ

ਪਾਠ ਨੰ : 1.9

ਡਾ. ਮਮਤਾ ਸ਼ਰਮਾ

ਸਮਾਜਿਕ-ਸੰਸਕ੍ਰਿਤੀ ਕਾਰਣ
(Socio-Cultural Causal Factors)

ਪਾਠ ਸੰਰਚਨਾ

1.9.0 ਉਦੇਸ਼
1.9.1 ਭੂਮਿਕਾ
1.9.2 ਸਮਾਜਿਕ-ਸੰਸਕ੍ਰਿਤਕ ਵਾਤਾਵਰਣ (Socio-Cultural Environment)
1.9.3 ਰੋਗ-ਜਨਮ ਸਮਾਜਿਕ ਪ੍ਰਭਾਵ (Pathogenic Social Influences)
1.9.3.1 ਨੀਵਾਂ ਸਮਾਜਿਕ ਆਰਥਿਕ ਪੱਧਰ (Low Socio-Economic Status)
1.9.3.2 ਵਿਕਾਰ ਪੈਦਾ ਕਰਨ ਵਾਲੇ ਸਮਾਜਿਕ ਰੋਲ (Disorder of Engendering Social Roles)
1.9.3.3 ਪੱਖ-ਪਾਤ ਅਤੇ ਭੇਦ-ਭਾਵ (Prejudice and Discrimination)
1.9.3.4 ਆਰਥਿਕ ਅਤੇ ਰੋਜ਼ਗਾਰ ਸਮੱਸਿਆਵਾਂ (Economic and Employment Problems)
1.9.4 ਸਮਾਜਿਕ ਤਬਦੀਲੀ ਅਤੇ ਅਨਿਸ਼ਚਿਤਤਾ (Social Change and Uncertainty)
1.9.5 ਸੰਖੇਪ ਸਾਰ
1.9.6 ਅਭਿਆਸ
1.9.7 ਹਵਾਲਾ ਪੁਸਤਕਾਂ

1.9.0 ਉਦੇਸ਼

ਇਸ ਪਾਠ ਵਿਚ ਅਸਾਧਾਰਣ ਵਿਵਹਾਰ ਦੇ ਸਮਾਜਿਕ ਸੰਸਕ੍ਰਿਤਿਕ ਕਾਰਣਾਂ ਦੀ ਵਿਸਤਾਰਪੂਰਵਕ ਵਿਆਖਿਆ ਕੀਤੀ ਗਈ ਹੈ। ਮੁਖ ਤੌਰ ਤੇ ਸਾਡੇ ਵਿਵਹਾਰ ਨੂੰ ਪ੍ਰਭਾਵਿਤ ਕਰਨ ਵਾਲੇ ਸਮਾਜਿਕ-ਸੰਸਕ੍ਰਿਤਿਕ ਵਾਤਾਵਰਣ ਅਤੇ ਰੋਗਗ੍ਰਸਤ ਸਮਾਜਿਕ ਪ੍ਰਭਾਵ ਜਿਵੇ ਕਿ ਨੀਵਾਂ ਸਮਾਜਿਕ, ਆਰਥਿਕ ਪੱਧਰ, ਵਿਕਾਰ ਪੈਦਾ ਕਰਨ ਵਾਲੇ ਸਮਾਜਿਕ ਰੋਲ ਆਦਿ ਬਾਰੇ ਚਰਚਾ ਕੀਤੀ ਜਾਵੇਗੀ। ਇਸ ਤੋ ਇਲਾਵਾ ਸਮਾਜਿਕ ਤਬਦੀਲੀ ਅਤੇ ਅਨਿਸ਼ਚਤਾ ਦਾ ਸਾਡੇ ਵਿਵਹਾਰ ਤੇ ਪ੍ਰਭਾਵ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ।

1.9.1 ਭੂਮਿਕਾ

ਵੱਖ-ਵੱਖ ਸੰਸਕ੍ਰਿਤਕ ਗਰੁੱਪਾਂ ਵਿੱਚ ਬਦਲ ਰਹੇ ਵਿਵਹਾਰਿਕ ਨਮੂਨੇ ਅਤੇ ਕੀਮਤਾਂ ਉੱਤੇ ਕੀਤੇ ਗਏ ਪ੍ਰੇਖਣਾਂ ਵਿੱਚੋਂ ਸਮਾਜਿਕ-ਸੰਸਕ੍ਰਿਤ ਦ੍ਰਿਸ਼ਟੀਕੋਣ ਦਾ ਵਿਕਾਸ ਹੋਇਆ। ਇਹਨਾਂ ਪ੍ਰੇਖਣਾਂ ਨੇ

ਵਿਅਕਤਿੱਤਵ ਅਤੇ ਵਿਵਹਾਰ ਨੂੰ ਬਣਾਉਣ ਵਿੱਚ ਸਮਾਜਿਕ ਅਤੇ ਸੰਸਕ੍ਰਿਤਕ ਸ਼ਕਤੀਆਂ ਦੇ ਰੋਲ ਪ੍ਰਤੀ ਅੰਤਰ-ਦ੍ਰਿਸ਼ਟੀ ਵਿੱਚ ਵਾਧਾ ਕੀਤਾ। ਇਹ ਦੇਖਿਆ ਗਿਆ ਕਿ ਕਈ ਸੰਸਕ੍ਰਿਤੀਆਂ ਅਤੇ ਪੈਰਾ-ਸੰਸਕ੍ਰਿਤੀਆਂ ਆਪਣੇ ਮੈਂਬਰਾਂ ਨੂੰ ਨਿੱਜੀ ਦੁੱਖਾਂ ਅਤੇ ਅਸੰਗਠਨ ਤੋਂ ਬਚਾਉਂਦੀਆਂ ਹਨ। ਸੁਭਾਓ, ਅਨੁਬੰਧਨ ਅਤੇ ਹੋਰ ਵਿਅਕਤੀਗਤ ਕਾਰਣਾਂ ਕਰਕੇ ਸਾਰੇ ਵਿਅਕਤੀ ਪ੍ਰਚਲਿਤ ਸੰਸਕ੍ਰਿਤਕ ਪ੍ਰਤਿਰੂਪਾਂ ਨੂੰ ਨਹੀਂ ਅਪਣਾਉਂਦੇ। ਇਹ ਵਿਅਕਤੀ ਸੰਸਕ੍ਰਿਤੀ ਦੇ ਕੁੱਝ ਨਿਰਧਾਰਿਤ ਪ੍ਰਭਾਵਾਂ ਤੋਂ ਬਚ ਸਕਦੇ ਹਨ। ਪਰੰਤੂ ਉਹ ਜ਼ਿਆਦਾ ਅਨੁਕੂਲਿਤ ਪ੍ਰਭਾਵਾਂ ਦੀ ਰੱਖਿਆ ਤੋਂ ਵੀ ਵਾਂਝੇ ਰਹਿ ਸਕਦੇ ਹਨ। ਅਜਿਹੀ ਸਥਿਤੀ ਪੱਛਮੀ ਸੱਭਿਅਤਾ ਵਿੱਚ ਜ਼ਿਆਦਾ ਹੈ ਜਿੱਥੇ ਸਾਨੂੰ ਚੁਣੌਤੀ ਪੂਰਨ ਕੀਮਤਾਂ ਅਤੇ ਪ੍ਰਤਿਰੂਪਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

1.9.2 ਸਮਾਜਿਕ-ਸੰਸਕ੍ਰਿਤਕ ਵਾਤਾਵਰਣ (Socio-Cultural Environment) :

ਜਿਸ ਤਰ੍ਹਾਂ ਅਸੀਂ ਜਣਨਿਕ ਵਿਰਾਸਤ ਪ੍ਰਾਪਤ ਕਰਦੇ ਹਾਂ, ਜੋ ਜੀਵ ਵਿਕਾਸ ਦੇ ਕਈ ਸਾਲਾਂ ਦਾ ਨਤੀਜਾ ਹੈ। ਉਸੇ ਤਰ੍ਹਾਂ ਅਸੀਂ ਸਮਾਜਿਕ ਸੰਸਕ੍ਰਿਤਕ ਵਿਰਾਸਤ ਵੀ ਪ੍ਰਾਪਤ ਕਰਦੇ ਹਾਂ ਜੋ ਸਮਾਜਿਕ ਵਿਕਾਸ ਦੇ ਕਈ ਸਾਲਾਂ ਦਾ ਨਤੀਜਾ ਹੈ। ਹਰ ਗਰੁੱਪ ਆਪਣੇ ਬੱਚਿਆਂ ਨੂੰ ਵਿਵਸਥਿਤ ਸਿੱਵਿਆਂ ਦੇ ਕੇ ਆਪਣੇ ਸੰਸਕ੍ਰਿਤ ਪ੍ਰਤਿਰੂਪਾਂ ਦੀ ਪਾਲਣਾ ਕਰਦਾ ਹੈ। ਕੁੱਝ ਮੂਲ ਵਿਅਕਤਿੱਤਵ ਕਿਸਮਾਂ ਦੇ ਅਨੁਕੂਲ ਹੋਣ ਲਈ ਪਰਿਵਾਰ ਦੇ ਸਾਰੇ ਮੈਂਬਰ ਇਕੋ ਜਿਹਾ ਬਨਣ ਦੀ ਕੋਸ਼ਿਸ਼ ਕਰਦੇ ਹਨ। ਪੜ੍ਹੇ-ਲਿਖੇ ਪਰਿਵਾਰਾਂ ਵਿੱਚ ਪਲੇ ਹੋਏ ਬੱਚੇ ਪੜ੍ਹੇ-ਲਿਖੇ ਹੀ ਬਨਣਗੇ। ਇਸ ਤੋਂ ਉਲਟ ਕਿਸੇ ਕਾਤਲ ਪਰਿਵਾਰ ਵਿੱਚ ਪਲੇ ਹੋਏ ਬੱਚੇ ਵਿੱਚ ਵੀ ਕਾਤਲ ਬਨਣ ਦਾ ਰੁਝਾਨ ਹੁੰਦਾ ਹੈ। ਉਸ ਸਮਾਜ ਵਿੱਚ ਪਲੇ ਬੱਚੇ, ਜਿੱਥੇ ਮਾਰ-ਕੁਟਾਈ ਜਾਂ ਹਿੰਸਾ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ, ਆਪਣੀਆਂ ਸਮੱਸਿਆਵਾਂ ਅਤੇ ਭੇਦ-ਭਾਵ ਨੂੰ ਅਹਿੰਸਾ ਦੇ ਤਰੀਕਿਆਂ ਨਾਲ ਹੀ ਹੱਲ ਕਰਦੇ ਹਨ। ਮਾਰਗਰੇਟ ਮੀਡ (1949) ਨੇ ਦੋ ਅਜਿਹੇ ਕਬੀਲਿਆਂ ਨੂੰ ਲੱਭਿਆ, ਜਿਨ੍ਹਾਂ ਦੀ ਜਾਤ ਦੀ ਹੋਂਦ ਇਕ ਸੀ ਅਤੇ ਜੋ ਸਮਰੂਪ ਭੂਗੋਲਿਕ ਖੇਤਰ ਵਿੱਚ ਰਹਿ ਰਹੇ ਸਨ, ਪਰੰਤੂ ਫਿਰ ਵੀ ਉਹਨਾਂ ਦੇ ਮੈਂਬਰਾਂ ਵਿੱਚ ਵਿਰੋਧੀ ਲੱਛਣ ਵਿਕਸਤ ਹੋ ਗਏ। ਇਕ ਕਬੀਲੇ ਦੇ ਮੈਂਬਰ ਦਇਆਵਾਨ, ਸ਼ਾਂਤੀਪਸੰਦ ਅਤੇ ਸਹਿਕਾਰੀ ਵਿਵਹਾਰ ਦੇ ਸਨ ਜਦ ਕਿ ਦੂਸਰੇ ਕਬੀਲੇ ਦੇ ਲੋਕ ਸ਼ੱਕੀ, ਲੜਾਈ ਪਸੰਦ, ਮੁਕਾਬਲਾ ਕਰਨ ਵਾਲੇ ਅਤੇ ਬਦਲੇ ਦੀ ਭਾਵਨਾ ਵਾਲੇ ਸਨ। ਅਜਿਹੀ ਭਿੰਨਤਾ ਦੀ ਬੁਨਿਆਦ ਸਮਾਜਿਕ ਸਮਝੀ ਜਾਂਦੀ ਹੈ। ਗਰੁੱਪ ਦੇ ਮੈਂਬਰਾਂ ਦੀ ਸਿੱਖਿਆ ਜਿੰਨੀ ਜ਼ਿਆਦਾ ਸੰਪੂਰਨ ਅਤੇ ਇਕਸਾਰ ਹੋਵੇਗੀ, ਉਨੀ ਜ਼ਿਆਦਾ ਉਹਨਾਂ ਦੇ ਸਮਾਨ ਬਨਣ ਦੀ ਸੰਭਾਵਨਾ ਹੈ। ਇਸ ਲਈ ਸੀਮਿਤ ਅਤੇ ਇਕਸਾਰ ਵਿਚਾਰਧਾਰਾ ਦੀਆਂ ਵਿਸ਼ੇਸ਼ਤਾਵਾਂ ਵਾਲੇ ਸਮਾਜ ਵਿੱਚ ਜ਼ਿਆਦਾ ਵਿਅਕਤੀਗਤ ਭਿੰਨਤਾਵਾਂ ਨਹੀਂ ਹੁੰਦੀਆਂ। ਇੱਥੋਂ ਤੱਕ ਕਿ ਸਾਡੇ ਸਮਾਜ ਵਿੱਚ ਵੀ ਕੁੱਝ ਵਿਸ਼ੇਸ਼ ਕਦਰਾਂ-ਕੀਮਤਾਂ ਹਨ ਜਿਨ੍ਹਾਂ ਨੂੰ ਅਸੀਂ ਮਹੱਤਵਪੂਰਨ ਸਮਝਦੇ ਹਾਂ।

ਇਕ ਆਮ ਸਮਾਜਿਕ-ਸੰਸਕ੍ਰਿਤਕ ਵਾਤਾਵਰਣ ਵਿੱਚ ਬਣੇ ਹੋਏ ਉਪ-ਸਮੂਹ, ਜਿਵੇਂ ਕਿ ਪਰਿਵਾਰ, ਉਮਰ, ਕਲਾਸ, ਵਿਵਸਾਇਕ, ਨਸਲੀ ਅਤੇ ਧਾਰਮਿਕ ਗਰੁੱਪ, ਆਪਣੇ ਵਿਸ਼ਵਾਸਾਂ ਅਤੇ ਨਿਯਮਾ ਦੀ ਪਾਲਣਾ ਕਰਦੇ ਹਨ। ਸੰਭਾਵਿਤ ਰੋਲ ਹਰ ਵਿਅਕਤੀ, ਜਿਵੇਂ ਕਿ ਵਿਦਿਆਰਥੀ, ਟੀਚਰ, ਆਰਮੀ ਅਫ਼ਸਰ, ਨਰਸ, ਪੁਜਾਰੀ ਆਦਿ ਲਈ ਮੌਜੂਦ ਹੁੰਦੇ ਹਨ। ਰੋਲ ਸੰਭਾਵਨਾ ਕਿਸੇ ਹੱਦ ਤੱਕ ਵਿਕਾਸ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਸ ਦੀ ਉਦਾਹਰਣ ਸਾਡੇ ਸਮਾਜ ਵਿੱਚ ਮਰਦਾਂ ਅਤੇ ਇਸਤਰੀ ਜਾਤ ਦੇ ਰੋਲ ਅਤੇ ਵਿਅਕਤਿਤੱਵ ਵਿਕਾਸ ਤੇ ਵਿਵਹਾਰ ਉੱਪਰ ਉਹਨਾਂ ਦੇ ਪ੍ਰਭਾਵਾਂ ਤੋਂ ਲਾਈ ਜਾ ਸਕਦੀ ਹੈ। ਪਿਛਲੇ ਕੁੱਝ ਸਾਲਾਂ ਵਿੱਚ ਮਰਦਾਨਾ ਅਤੇ ਇਸਤਰੀ ਲਿੰਗ ਦੇ ਲੱਛਣਾਂਦੇ ਸੰਯੋਜਕ ਨੂੰ

ਔਰਤਾਂ ਅਤੇ ਪੁਰਸ਼ਾਂ ਦੋਵਾਂ ਲਈ ਮਨੋਵਿਗਿਆਨਕ ਤੌਰ ਤੇ ਆਦਰਸ਼ ਮੰਨਿਆ ਜਾਂਦਾ ਹੈ। ਫਿਰ ਵੀ ਕਈ ਲੋਕ ਮਰਦਾਨੇ ਅਤੇ ਜਨਾਨੇ ਰੋਲ ਦੁਆਰਾ ਜ਼ਬਰਦਸਤ ਪ੍ਰਭਾਵਤ ਹੋਣ ਦਾ ਪ੍ਰਤੱਖ ਪ੍ਰਮਾਣ ਪੇਸ਼ ਕਰਨਾ ਜਾਰੀ ਰੱਖਦੇ ਹਨ। ਇਸ ਤੋਂ ਇਲਾਵਾ ਪ੍ਰਮਾਣ ਵੀ ਹੈ ਕਿ ਲਿੰਗ-ਰੋਲ ਵੱਜੋਂ ਸੌਂਪਿਆ ਗਿਆ ਕੰਮ ਮਾਨਸਿਕ ਸਿਹਤ ਲਈ ਠੋਸ ਸੰਕੇਤ ਹੁੰਦਾ ਹੈ। ਖੋਜਾਂ ਤੋਂ ਪਤਾ ਲੱਗਦਾ ਹੈ ਕਿ ਘੱਟ ਮਰਦਾਊਪਨ ਅਪ-ਸਮਾਯੋਜਿਤ ਵਿਵਹਾਰ ਨਾਲ ਸੰਬੰਧਿਤ ਹੈ ਅਤੇ ਦੋਵੇਂ ਲਿੰਗਾਂ ਵਿੱਚ ਵਿਕਾਰ ਦੀ ਸੰਭਾਵਨਾ ਪੈਦਾ ਕਰ ਦਿੰਦਾ ਹੈ। ਇਹ ਸ਼ਾਇਦ ਇਸ ਕਰਕੇ ਹੁੰਦਾ ਹੈ ਕਿ ਇਹ ਅਵਸਥਾਵਾਂ ਘੱਟ ਸਵੈ ਆਦਰ ਦੀ ਭਾਵਨਾ ਨਾਲ ਮਜ਼ਬੂਤੀ ਨਾਲ ਜੁੜੀਆਂ ਹੁੰਦੀਆਂ ਹਨ। ਉਦਾਹਰਣ ਦੇ ਤੌਰ ਤੇ, ਬਾਕੋਮ (Baucom, 1983) ਨੇ ਦਰਸਾਇਆ ਕਿ ਉੱਚ-ਇਸਤਰੀ ਲਿੰਗ ਕਿਸਮ ਦੀਆਂ ਔਰਤਾਂ ਗਰੁੱਪ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਸਬੰਧੀ ਸਥਿਤੀਆਂ ਦੀ ਅਗਵਾਈ ਕਰਨ ਦਾ ਮੌਕਾ ਅਸਵੀਕਾਰ ਕਰ ਦਿੰਦੀਆਂ ਹਨ। ਬਾਕੋਮ ਨੇ ਇਸ ਤੱਥ ਦੀ ਤੁਲਨਾ ਸਿੱਖਿਤ (Learned helplessness) ਨਾਲ ਕੀਤੀ।

ਵਿਅਕਤੀ ਨੂੰ ਵੱਖ-ਵੱਖ ਉਪ-ਸਮੂਹਾਂ (subgroups) ਦੇ ਮੈਂਬਰ ਹੋਣ ਕਰਕੇ ਕਈ ਤਰ੍ਹਾਂ ਦੇ ਰੋਲ ਨਿਭਾਉਣੇ ਪੈਂਦੇ ਹਨ। ਇਹ ਸਮਾਜਿਕ ਰੋਲ ਗਰੁੱਪ ਵਿੱਚ ਵੱਖ-ਵੱਖ ਪੋਜ਼ੀਸ਼ਨਾਂ ਦੇ ਅਨੁਸਾਰ ਬਦਲਦੇ ਰਹਿੰਦੇ ਹਨ। ਅਸਲ ਵਿੱਚ ਵਿਅਕਤੀ ਦੀ ਜ਼ਿੰਦਗੀ ਨੂੰ ਰੋਲਾਂ ਦੀ ਇਕ ਲੜੀ ਦੇ ਰੂਪ ਵਿੱਚ ਵੇਖਿਆ ਜਾ ਸਕਦਾ ਹੈ। ਜਿਵੇਂ ਕਿ ਬੱਚਾ, ਵਿਦਿਆਰਥੀ, ਕਾਮਾ, ਪਤੀ ਜਾਂ ਪਤਨੀ, ਮਾਪੇ ਅਤੇ ਸੀਨੀਅਰ ਨਾਗਰਿਕ ਆਦਿ। ਵੱਖ-ਵੱਖ ਗਰੁੱਪ ਵਿਅਕਤੀ ਨੂੰ ਉਸ ਦੇ ਰੋਲ ਵਿਵਹਾਰ ਵਿੱਚ ਥੋੜ੍ਹੀ ਜਿਹੀ ਤਬਦੀਲੀ ਕਰਨ ਦੀ ਆਗਿਆ ਦਿੰਦੇ ਹਨ, ਪਰੰਤੂ ਇਸ ਵਿੱਚ ਵੀ ਕੁੱਝ ਸੀਮਾਵਾਂ ਹਨ। ਰੋਲ-ਲੋੜਾਂ ਵਿੱਚ ਅਨੁਕੂਲਤਾ ਸਾਕਾਰਾਤਮਕ ਅਤੇ ਨਕਾਰਾਤਮਕ ਪ੍ਰਬਲਨ, ਜਿਵੇਂ ਕਿ ਪੈਸਾ, ਇੱਜ਼ਤ, ਅਹੁਦਾ, ਸਜ਼ਾ ਜਾਂ ਗਰੁੱਪ ਵਿੱਚ ਮੈਂਬਰਸ਼ਿਪ ਦਾ ਖ਼ਾਤਮਾ ਰਾਹੀਂ ਪੈਦਾ ਕੀਤੀ ਜਾ ਸਕਦੀ ਹੈ। ਜਦੋਂ ਸਮਾਜਿਕ ਰੋਲ ਅਸਪਸ਼ਟ, ਸੰਘਰਸ਼ਾਤਮਕ ਅਤੇ ਦੁਖਦਾਈ ਹੋਣ ਜਾਂ ਵਿਅਕਤੀ ਗਰੁੱਪ ਵਿੱਚ ਸੰਤੋਸ਼ਜਨਕ ਰੋਲ ਪ੍ਰਾਪਤ ਕਰਨ ਵਿੱਚ ਅਸਫਲ ਹੋਵੇ ਤਾਂ ਸਿਹਤਮੰਦ ਵਿਅਕਤਿਤੱਵ ਦੇ ਵਿਕਾਸ ਵਿੱਚ ਵਿਗਾੜ ਆ ਜਾਂਦਾ ਹੈ।

ਹਰ ਵਿਅਕਤੀ ਵੱਖ-ਵੱਖ ਵਿਅਕਤੀਆਂ ਅਤੇ ਗੁੱਪਾਂ ਨਾਲ ਅੰਤਰ-ਕ੍ਰਿਆ ਕਰਦਾ ਹੈ ਜਿਵੇਂ ਕਿ ਆਪਣੇ ਪਰਿਵਾਰ ਦੇ ਮੈਂਬਰਾਂ ਤੋਂ ਸ਼ੁਰੂ ਹੋ ਕੇ ਹੌਲੀ-ਹੌਲੀ ਸਮ-ਸਮੂਹਿਕ ਅਤੇ ਕਈ ਹੋਰ ਮਹੱਤਵਪੂਰਣ ਵਿਅਕਤੀਆਂ ਤੱਕ ਅੰਤਰ-ਕ੍ਰਿਆ ਨੂੰ ਵਧਾਉਂਦਾ ਹੈ। ਵਿਅਕਤੀ ਦੇ ਵਿਅਕਤਿਤੱਵ ਵਿਕਾਸ ਦਾ ਬਹੁਤਾ ਹਿੱਸਾ ਅਜਿਹੇ ਵਿਅਕਤੀਆਂ ਨਾਲ ਹੋਏ ਅਨੁਭਵਾਂ ਨੂੰ ਦਰਸਾਉਂਦਾ ਹੈ। ਬੱਚਿਆਂ ਦੁਆਰਾ ਸਿੱਖੇ ਜਾ ਰਹੇ ਵਿਵਹਾਰਿਕ ਪ੍ਰਤਿਰੂਪ ਇਸ ਗੱਲ ਤੇ ਨਿਰਭਰ ਕਰਦੇ ਹਨ ਕਿ ਬੱਚੇ ਕਿਸ ਮਾਡਲ ਦਾ ਨਿਰੀਖਣ ਕਰ ਰਹੇ ਹਨ, ਕਿਸ ਵਿਅਕਤੀਆਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਉਹਨਾਂ ਦੇ ਵਿਵਹਾਰ ਲਈ ਉਹਨਾਂ ਨੂੰ ਕਿਹੜੇ ਇਨਾਮ ਦਿੱਤੇ ਜਾ ਰਹੇ ਹਨ।

1.9.3 ਰੋਗ-ਜਨਮ ਸਮਾਜਿਕ ਪ੍ਰਭਾਵ (Pathogenic Social Influences)

ਅਸੀਂ ਸਭ ਵੱਖ-ਵੱਖ ਤਰੀਕਿਆਂ ਨਾਲ ਸੰਬੰਧਿਤ ਹਾਂ ਅਤੇ ਵੱਖ-ਵੱਖ ਅੰਤਰ ਨਿੱਜੀ ਸੰਬੰਧ ਅਨੁਭਵ ਕਰਦੇ ਹਾਂ। ਇਸ ਕਰਕੇ ਅਸੀਂ ਸਾਰੇ ਅਨੋਖੇ ਤਰੀਕਿਆਂ ਨਾਲ ਸਮਾਜਿਕ-ਸੰਸਕ੍ਰਿਤ ਵਾਤਾਵਰਣ ਵਿੱਚ ਹਿੱਸਾ ਲੈਂਦੇ ਹਾਂ। ਅਪਸਮਾਯੋਜਿਤ ਵਿਵਹਾਰ ਦੇ ਵਿਕਾਸ ਵਿੱਚ ਵੱਖ-ਵੱਖ ਸਮਾਜਿਕ ਰੋਲ ਅਤੇ ਤਜਰਬਿਆਂ ਦਾ ਅਰਥਪੂਰਨ ਪ੍ਰਭਾਵ ਹੈ।

1.9.3.1 ਨੀਵਾਂ ਸਮਾਜਿਕ ਆਰਥਿਕ ਪੱਧਰ (Low Socio-Economic Status)

ਸਾਡੇ ਸਮਾਜ ਵਿੱਚ ਸਮਾਜਿਕ-ਆਰਥਿਕ ਪੱਧਰ ਅਤੇ ਅਸਾਧਾਰਣ ਵਿਵਹਾਰ ਵਿੰਚ ਵਿਰੋਧੀ ਸਹਿ-ਸੰਬੰਧ ਹੈ। ਸਮਾਜਿਕ-ਆਰਥਿਕ ਪੱਧਰ ਜਿੰਨਾ ਘੱਟ ਹੋਵੇਗਾ, ਅਸਾਧਾਰਣ ਵਿਵਹਾਰ ਦੀ ਦਰ ਉਨੀ ਹੀ ਜ਼ਿਆਦਾ ਹੋਵੇਗੀ। ਵਿਕਾਰ ਦੀਆਂ ਵੱਖ-ਵੱਖ ਕਿਸਮਾਂ ਦੇ ਨਾਲ-ਨਾਲ ਸਹਿ ਸੰਬੰਧ ਵੀ ਬਦਲਦਾ ਰਹਿੰਦਾ ਹੈ। ਕੁੱਝ ਵਿਕਾਰ ਸਮਾਜਿਕ ਵਰਗ ਨਾਲ ਬਹੁਤ ਘੱਟ ਸੰਬੰਧਿਤ ਹੁੰਦੇ ਹਨ ਅਤੇ ਕੁੱਝ ਬਿਲਕੁਲ ਨਹੀਂ ਹੁੰਦੇ। ਉਦਾਹਰਣ ਦੇ ਤੌਰ ਤੇ, ਸਕਿਜੋਫਰੀਨੀਆ ਦੀ ਦਰ ਦਾ ਸਮਾਜਿਕ ਵਰਗ ਨਾਲ ਵਿਰੋਧੀ ਸੰਬੰਧ ਹੈ ਜਦੋਂ ਕਿ ਮੂਡ ਵਿਕਾਰ ਦਾ ਇਸ ਵਰਗ ਨਾਲ ਘੱਟ ਸੰਬੰਧ ਹੈ। ਜ਼ਿਆਦਾ ਵਿਰੋਧੀ ਸੰਬੰਧਾਂ ਦੇ ਸਾਰੇ ਕਾਰਣਾਂ ਨੂੰ ਅਸੀਂ ਨਹੀਂ ਸਮਝ ਸਕਦੇ। ਬਿਨਾਂ ਸ਼ੱਕ ਕੁੱਝ ਅਯੋਗ ਅਤੇ ਪ੍ਰੇਸ਼ਾਨ ਵਿਅਕਤੀ ਆਰਥਿਕ ਪੌੜੀ ਦੇ ਹੇਠਲੇ ਡੰਡਿਆਂ ਤੇ ਫਿਸਲ ਜਾਂਦੇ ਹਨ ਅਤੇ ਉੱਥੇ ਹੀਰਹਿੰਦੇ ਹਨ। ਇਹਨਾਂ ਲੋਕਾਂ ਦੇ ਬੱਚੇ ਹੀ ਅਕਸਰ ਹੀ ਅਯੋਗ ਅਤੇ ਪ੍ਰੇਸ਼ਾਨ ਹੁੰਦੇ ਹਨ। ਦੂਸਰੇ ਪਾਸੇ ਜ਼ਿਆਦਾ ਧਨੀ ਵਿਅਕਤੀ ਅਜਿਹੇ ਵਿਅਕਤੀਆਂ ਦੀ ਵਕਤ ਸਿਰ ਸਹਾਇਤਾ ਕਰਨ ਦੇ ਯੋਗ ਹੁੰਦੇ ਹਨ ਅਤੇ ਉਹਨਾਂ ਦੀਆਂ ਸਮੱਸਿਆਵਾਂ ਨੂੰ ਗੁਪਤ ਰੱਖਦੇ ਹਨ।

ਇਹ ਵੀ ਲਗਭਗ ਸੱਚ ਹੈ ਕਿ ਮੱਧ ਵਰਗ ਜਾਂ ਉੱਚ ਵਰਗ ਦੇ ਵਿਅਕਤੀਆਂ ਦੇ ਮੁਕਾਬਲੇ ਗਰੀਬੀ ਵਿੱਚ ਰਹਿ ਰਹੇ ਵਿਅਕਤੀ ਵੱਧ ਤੋਂ ਵੱਧ ਤੀਬਰ ਪ੍ਰਤਿਬਲ ਅਨੁਭਵ ਕਰਦੇ ਹਨ ਅਤੇ ਇਸ ਪ੍ਰਤਿਬਲ ਨਾਲ ਨਜਿੱਠਣ ਲਈ ਉਹਨਾਂ ਦੇ ਸੋਮੇ ਵੀ ਬਹੁਤ ਘੱਟ ਹੁੰਦੇ ਹਨ। ਜਿਵੇਂ ਕਿ ਕੋਹਨ (1973) ਨੇ ਦਰਸਾਇਆ ਕਿ ਜਿਨ੍ਹਾਂ ਹਾਲਤਾਂ ਵਿੱਚ ਛੋਟੇ ਵਰਗ ਦੇ ਲੋਕ ਰਹਿੰਦੇ ਹਨ, ਉਹ ਸਾਡੇ ਵੱਧ ਰਹੇ ਗੁੰਝਲਦਾਰ ਸਮਾਜ ਵਿੱਚ ਸਮੱਸਿਆਵਾਂ ਨੂੰ ਨਜਿੱਠਣ ਲਈ ਵਿਅਕਤੀ ਦੀ ਨਿਪੁੰਨਤਾ ਦੇ ਵਿਕਾਸ ਨੂੰ ਰੋਕਦੀਆਂ ਹਨ। ਇਸ ਲਈ ਘੱਟ ਸਮਾਜਿਕ ਆਰਥਿਕ ਪੱਧਰ ਦੇ ਵਿਅਕਤੀਆਂ ਵਿੱਚ ਅਸਾਧਾਰਣ ਵਿਵਹਾਰ ਪ੍ਰਤੀ ਝੁਕਾਅ ਪੂਰਣ ਨਿਰਧਾਰਿਤ ਸਾਧਕ ਕਮੀਆਂ ਕਰਕੇ ਹੋ ਸਕਦਾ ਹੈ।

1.9.3.2 ਵਿਕਾਰ ਪੈਦਾ ਕਰਨ ਵਾਲੇ ਸਮਾਜਿਕ ਰੋਲ (Disorder of Engendering Social Roles)

ਇਕ ਸੰਗਠਿਤ, ਇੱਥੋਂ ਤੱਕ ਕਿ ਆਧੁਨਿਕ ਵੀ, ਸਮਾਜ ਆਪਣੇ ਮੈਂਬਰਾਂ ਨੂੰ ਅਜਿਹੇ ਰੋਲ ਅਦਾ ਕਰਨ ਲਈ ਕਹਿੰਦਾ ਹੈ ਜਿਸ ਵਿੱਚ ਅਧਿਕਾਰਪੂਰਵਕ ਵਿਹਾਰ ਜਾਂ ਤਾਂ ਆਪਣੇ ਆਪ ਵਿੱਚ ਅਸਮਾਨ ਹੁੰਦਾ ਹੈ ਜਾਂ ਅਪਅਨੁਕੂਲਿਤ ਪ੍ਰਤੀਕ੍ਰਿਆਵਾਂ ਪੈਦਾ ਕਰ ਸਕਦਾ ਹੈ। ਇਕ ਸਿਪਾਹੀ, ਜਿਸ ਨੂੰ ਉਸ ਦਾ ਅਫ਼ਸਰ ਜਾਣ ਬੁਝ ਕੇ ਦੂਸਰੇ ਵਿਅਕਤੀਆਂ ਨੂੰ ਮਾਰਨ ਲਈ ਜਾਂ ਉਹਨਾਂ ਨੂੰ ਲੂਲਾ-ਲੰਗੜਾ ਬਣਾ ਕੇ ਬੇਕਾਰ ਬਨਾਉਣ ਲਈ ਕਹਿੰਦਾ ਹੈ, ਬਾਅਦ ਵਿੱਚ ਅਪਰਾਧ ਦੀ ਤੀਬਰ ਭਾਵਨਾ ਦਾ ਸ਼ਿਕਾਰ ਹੋ ਸਕਦਾ ਹੈ। ਲੜਾਈ ਵਿੱਚ ਸਾਂਝੇ ਤੌਰ ਤੇ ਅਨੁਭਵ ਕੀਤੇ ਡਰ ਦੇ ਨਤੀਜੇ ਵੱਜੋਂ ਸਿਪਾਹੀ ਵਿੱਚ ਲੁਪਤ ਭਾਵਾਤਮਕ ਸਮੱਸਿਆਵਾਂ ਵੀ ਪੈਦਾ ਹੋ ਸਕਦੀਆਂ ਹਨ ਜੋ ਵਿਕਾਰ ਦਾ ਕਾਰਨ ਬਣ ਸਕਦੀਆਂ ਹਨ। ਇਕ ਕੌਮ ਦੇ ਰੂਪ ਵਿੱਚ ਵੀਅਤਨਾਮ ਲੜਾਈ ਦੇ ਤਜਰਬੇਕਾਰ ਸਿਪਾਹੀ ਇਸ ਪ੍ਰਕਾਰ ਦੀਆਂ ਸਮੱਸਿਆਵਾਂ ਨਾਲ ਅਜੇ ਵੀ ਜੂਝ ਰਹੇ ਹਨ। ਇਹਨਾਂ ਸਿਪਾਹੀਆਂ ਵਿੱਚ ਅਸਾਧਾਰਣਤਾ ਦੀ ਦਰ ਤੋਂ ਕਾਫੀ ਜ਼ਿਆਦਾ ਹੈ। ਇਕ ਸਮੂਹ ਵੱਜੋਂ ਭਵਿੱਖ ਵਿੱਚ ਵੀ ਸਿਪਾਹੀਆਂ ਨੂੰ ਸਮੱਸਿਆਵਾਂ ਆਉਣ ਦੀ ਸੰਭਾਵਨਾ ਹੈ। ਅਸਲ ਵਿੱਚ ਘਾਤ ਉਪਰੰਤ ਪ੍ਰਤਿਬਲ ਵਿਕਾਰ ਦੀ DSM-III ਤਸ਼ਖੀਸ਼ ਵੀਅਤਨਾਮ ਲੜਾਈ ਦੇ ਇਹਨਾਂ ਸਿਪਾਹੀਆਂ ਦੀਆਂ ਸਮੱਸਿਆਵਾਂ ਦੇ ਜਵਾਬ ਵਿੱਚ ਵੀ ਬਣਾਈ ਗਈ।

ਸੈਨਾਵਾਦੀ ਸ਼ਾਸਨ ਪ੍ਰਣਾਲੀਆਂ ਅਤੇ ਸੰਗਠਨ ਖਾਸ ਤੌਰ ਤੇ ਸਮੱਸਿਆਜਨਕ ਸਮਾਜਿਕ ਰੋਲ ਵਿੱਚ ਵਾਧਾ ਕਦੇ ਹਨ। ਇਕ ਪ੍ਰਸਿੱਧ ਪ੍ਰਯੋਗ ਵਿੱਚ ਜ਼ਿਬਾਰਡੋ ਅਤੇ ਉਸ ਦੇ ਸਾਥੀਆਂ ਨੇ ਸਾਧਾਰਣ ਵਿਅਕਤੀਆਂ ਵਿੱਚ ਛੇਤੀ ਨਾਲ ਤੀਬਰ ਪਅਨੁਕੂਲਿਤ ਵਿਵਹਾਰ ਪੈਦਾ ਕਰਨ ਲਈ 'ਪਹਿਰੇਦਾਰ' ਅਤੇ 'ਕੈਦੀ' ਰੋਲ ਦੀ ਸ਼ਕਤੀ ਦੀ ਵਿਆਖਿਆ ਕੀਤੀ। ਅਣਇੱਛਤ ਨਤੀਜੇ ਦੇ ਰੂਪ ਵਿੱਚ ਵਿਸ਼ਯੀਆਂ ਨੇ ਆਪਣੇ ਬਾਰੇ ਕੁੱਝ ਅਜਿਹੀਆਂ ਚੀਜ਼ਾਂ ਸਿੱਖ ਲਈਆਂ ਜੋ ਉਹਨਾਂ ਨੂੰ ਨਹੀਂ ਸਨ ਸਿੱਖਣੀਆਂ ਚਾਹੀਦੀਆਂ। ਇਸ ਕਰਕੇ ਇਸ ਖੋਜ ਨੂੰ ਬਿਨਾਂ ਪੂਰੇ ਕੀਤੇ ਬੰਦ ਕਰਨਾ ਪਿਆ ਕਿਉਂਕਿ ਵਿਸ਼ਯੀਆਂ ਉੱਪਰ ਇਸ ਦਾ ਮਾੜਾ ਪ੍ਰਭਾਵ ਪੈ ਰਿਹਾ ਸੀ।

ਵਰਤਮਾਨ ਆਧੁਨਿਕ ਜ਼ਮਾਨੇ ਵਿੱਚ ਹਿੰਸਾ ਅਤੇ ਜ਼ਬਰਦਸਤੀ ਦੀਆਂ ਸਮੱਸਿਆਵਾਂ ਦਾ ਕੋਈ ਆਸਾਨ ਹੱਲ ਨਹੀਂ ਹੈ। ਜਦੋਂ ਸਾਰੀਆਂ ਤਕਨੀਕਾਂ ਤੇ ਹੱਲ ਅਸਫਲ ਹੋ ਜਾਂਦੇ ਹਨ ਤਾਂ ਵਿਅਕਤੀ ਫ਼ੌਜੀ ਤਾਕਤਾਂ ਦੀ ਸ਼ਰਨ ਲੈਂਦੇ ਹਨ ਅਤੇ ਜਦੋਂ ਤੱਕ ਅਜਿਹੇ ਤਰੀਕੇ ਅਪਣਾਏ ਜਾਣਗੇ, ਵਿਅਕਤੀ ਅਸਾਧਾਰਣ ਪ੍ਰਤਿਬਲ ਦੀਆਂ ਸਥਿਤੀਆਂ ਦਾ ਸਾਹਮਣਾ ਕਰਨਗੇ ਅਤੇ ਮੁਸ਼ਕਿਲ ਤੇ ਦਰਦਪੂਰਨ ਸਮਾਜਿਕ ਰੋਲਾਂ ਨੂੰ ਨਿਭਾਉਣ ਲਈ ਮਜਬੂਰੀ ਅਨੁਭਵ ਕਰਨਗੇ ਅਤੇ ਕਈ ਕੇਸਾਂ ਵਿੱਚ ਇਸ ਦਾ ਨਤੀਜੇ ਮਨੋਵਿਗਿਆਨ ਵਿਕਾਰ ਹੁੰਦਾ ਹੈ।

1.9.3.3 ਪੱਖ-ਪਾਤ ਅਤੇ ਭੇਦ-ਭਾਵ (Prejudice and Discrimination)

ਸਾਡੇ ਸਮਾਜ ਵਿੱਚ ਬਹੁਤ ਸਾਰੇ ਵਿਅਕਤੀ ਰੋਜ਼ਗਾਰ ਅਤੇ ਸਿੱਖਿਆ ਦੇ ਖੇਤਰ ਵਿੱਚ ਅਨੈਤਿਕ ਰੂੜੀਗਤ ਅਤੇ ਅਤਿ ਭੇਦ-ਭਾਵ ਦਾ ਸਾਹਮਣਾ ਕਰਦੇ ਹਨ। ਜਾਤੀ-ਸੰਬੰਧਾਂ ਵਿੱਚ ਅਸੀਂ ਉੱਨਤੀ ਕੀਤੀ ਹੈ, ਪਰੰਤੂ ਕਈ ਮਾਨਵ-ਜਾਤੀ ਅਤੇ ਨਸਲੀ ਸਮੂਹਾਂ ਵਿੱਚ ਅਵਿਸ਼ਵਾਸ ਅਤੇ ਅਸ਼ਾਂਤੀ ਦੇ ਲੰਬੇ ਸਮੇਂ ਤੱਕ ਰਹਿਣ ਵਾਲੇ ਪ੍ਰਭਾਵ ਕਿਸੇ ਵੀ ਕਾਲਜ ਵਿੱਚ ਦੇਖੇ ਜਾ ਸਕਦੇ ਹਨ। ਜਾਤੀ-ਵਾਦ ਦੀਆਂ ਹੱਦਾਂ ਨੂੰ ਤੋੜਨ ਦੀ ਕਈ ਕਾਲਜ ਪ੍ਰਬੰਧਕਾਂ ਦੀਕੋਸ਼ਿਸ਼ ਦੇ ਬਾਵਜੂਦ ਵਿਦਿਆਰਥੀ ਗੈਰ-ਰਸਮੀ ਤੌਰ ਤੇ ਸਿਰਫ ਆਪਣੇ ਹੀ ਸਭਿਆਚਾਰ ਤੇ ਜਾਤੀ ਦੇ ਵਿਦਿਆਰਥੀਆਂ ਨਾਲ ਸੰਬੰਧ ਰੱਖਦੇ ਹਨ। ਇਹਨਾਂ ਹੱਦਾਂ ਨੂੰ ਪਾਰ ਕਰਨ ਤੋਂ ਬਚਣ ਲਈ ਵਿਦਿਆਰਥੀਆਂ ਦਾ ਇਹ ਝੁਕਾਅ ਉਹਨਾਂ ਦੀਆਂ ਸਿਖਿਅਕ ਤਜਰਬੇ ਨੂੰ ਸੀਮਤ ਕਰ ਦਿੰਦਾ ਹੈ ਅਤੇ ਦੂਸਰੇ ਵਿਦਿਆਰਥੀਆਂ ਪ੍ਰਤੀ ਗਲਤ ਜਾਣਕਾਰੀ ਅਤੇ ਭੇਦ-ਭਾਵ ਨੂੰ ਜਨਮ ਦਿੰਦਾ ਹੈ। ਸਾਡਾ ਸਮਾਜ ਔਰਤਾਂ ਨੂੰ ਬੇਅਰਥ ਅਤੇ ਅਯੋਗ ਸਮਾਜਿਕ ਰੋਲ ਪ੍ਰਦਾਨ ਕਰਦਾ ਹੈ, ਉਸ ਰੋਲ ਨੂੰ ਪਹਿਚਾਨਣ ਵਿੱਚ ਅਸੀਂ ਤਰੱਕੀ ਕੀਤੀ ਹੈ। ਪੁਰਸ਼ਾਂ ਦੇ ਮੁਕਾਬਲੇ ਜ਼ਿਆਦਾ ਔਰਤਾਂ ਵੱਖ-ਵੱਖ ਭਾਵਾਤਮਕ ਵਿਕਾਰਾਂ, ਜਿਵੇਂ ਕਿ ਉਦਾਸੀ, ਲਈ ਚਿਕਿਤਸਾ ਲੈਂਦੀਆਂ ਹਨ। ਮਾਨਸਿਕ ਸਿਹਤ ਪੇਸ਼ਾਵਰ ਇਸ ਤੱਥ ਨੂੰ ਔਰਤਾਂ ਨੂੰ ਪ੍ਰਦਾਨ ਕੀਤੇ ਰਵਾਇਤੀ ਰੋਲ ਪ੍ਰਤੀ ਅੰਦਰੂਨੀ ਝੁਕਾਅ ਅਤੇ ਵਿਸ਼ੇਸ਼ ਸਟਰੈਸਰ, ਜਿਸ ਨਾਲ ਔਰਤਾਂ ਸਮਾਯੋਜਨ ਕਰਦੀਆਂ ਹਨ, ਦਾ ਨਤੀਜਾ ਮੰਨਦੇ ਹਨ।

1.9.3.4 ਆਰਥਿਕ ਅਤੇ ਰੋਜ਼ਗਾਰ ਸਮੱਸਿਆਵਾਂ (Economic and Employment Problems)

ਆਰਥਿਕ ਸਮੱਸਿਆਵਾਂ ਅਤੇ ਬੇਰੁਜ਼ਗਾਰੀ ਅਸਾਧਾਰਣ ਵਿਵਹਾਰ ਦੀ ਵੱਧ ਰਹੀ ਦਰ ਨਾਲ ਸੰਬੰਧਿਤ ਹਨ। ਵੱਧ ਰਹੀ ਬੇਜ਼ਗਾਰੀ ਨਾਲ ਸੰਬੰਧਿਤ ਅਪਮਾਨ ਅਤੇ ਵਾਧੇ ਦੀ ਦਰ ਕਈ ਵਿਅਕਤੀਆਂ ਲਈ ਚਿੰਤਾ ਦਾ ਕਾਰਣ ਬਣ ਜਾਂਦੀ ਹੈ। (Dew, 1991) ਬੇਰੋਜ਼ਗਾਰੀ ਸਾਡੀ ਜਨ-ਸੰਖਿਆ ਉੱਤੇ ਆਰਥਿਕ ਤੇ ਸਵੈ-ਵਿਮੂਲਯਨ ਦੇ ਰੂਪ ਵਿੱਚ ਵਾਧੂ ਬੋਝ ਪਾ ਦਿੰਦੀ ਹੈ। ਅਸਲ ਵਿੱਚ ਬੇਰੋਜ਼ਗਾਰੀ

ਵਿਅਕਤੀ ਨੂੰ ਮਨੋਵਿਗਿਆਨਕ ਤੌਰ ਤੇ ਉਨ੍ਹਾਂ ਹੀ ਕਮਜ਼ੋਰ ਬਣਾ ਦਿੰਦੇ ਹਨ ਜਿੰਨਾ ਕਿ ਆਰਥਿਕ ਤੌਰ ਤੇ। ਹਾਲ ਹੀ ਦੇ ਕੁੱਝ ਸਾਲਾਂ ਵਿੱਚ ਕੌਮ ਦੇ ਛੋਟੇ ਕਿਸਾਨਾਂ ਦੀ ਆਰਥਿਕ ਸਥਿਤੀ ਨੇ ਲੱਖਾਂ ਹਜ਼ਾਰਾਂ ਨਿਪੁੰਨ ਕਾਰੀਗਰਾਂ ਨੂੰ ਬੇਰੁਜ਼ਗਾਰ ਕਰ ਦਿੱਤਾ ਹੈ ਅਤੇ ਅਜਿਹੇ ਕਾਮਿਆਂ ਲਈ ਦੁਬਾਰਾ ਰੋਜ਼ ਗਾਰ ਮਿਲਣਾ ਅਸਾਨ ਨਹੀਂ ਹੁੰਦਾ। ਸਮਾਜ ਦੇ ਰੂਪ ਵਿੱਚ ਅਜਿਹੀਆਂ ਸਮੱਸਿਆਵਾਂ ਦਾ ਸਮਾਧਾਨ ਕਰਨਾ ਅਜੇ ਬਾਕੀ ਹੈ। ਮੁਫਤ ਜੋਖੋ ਦਾ ਕੰਮ ਅਤੇ ਅਣ-ਪੱਧਰਾ ਵਿਅਕਤੀਵਾਦ ਅਮਰੀਕਾ ਦੇ ਸਭਿਆਚਾਰ ਨੂੰ ਭੋਗਦੇ ਹਨ, ਜਿਸ ਦੇ ਨਤੀਜੇ ਵੱਜੋਂ ਵਿਅਕਤੀ ਆਪਣੇ ਆਪ ਨੂੰ ਸਵੈ-ਦੋਸ਼ੀ ਸਮਝਦਾ ਹੈ ਅਤੇ ਉਸ ਦਾ ਨਿੱਜੀ ਉਤਸ਼ਾਹ ਭੰਗ ਹੁੰਦਾ ਹੈ।

ਲੰਬੀ ਬੇਰੋਜ਼ਗਾਰੀ ਦਾ ਸਮਾਂ ਵਧਣ ਨਾਲ ਕਈ ਪ੍ਰਕਾਰ ਦੇ ਅਪਅਨੁਕੂਲਿਤ ਵਿਵਹਾਰ ਜਿਵੇਂ ਉਦਾਸੀ, ਆਤਮ-ਹੱਤਿਆ ਅਤੇ ਅਪਰਾਧ ਆਦਿ ਵਿੱਚ ਵਾਧਾ ਹੁੰਦਾ ਹੈ। ਸਮਾਜਿਕ ਪੌੜੀ ਦੇ ਸਭ ਤੋਂ ਥੱਲੇ ਆਰਥਿਕ ਤੇ ਰੋਜ਼ਗਾਰ ਸਮੱਸਿਆਵਾਂ ਦੁਆਰਾ ਪ੍ਰਭਾਵਿਤ ਉਹ ਲੋਕ ਹਨ ਜੋ ਪਹਿਲਾਂ ਹੀ ਘਟੀਆ ਸਿੱਖਿਆ, ਘਟੀਆ ਪਾਲਣ-ਪੋਸ਼ਣ ਤੇ ਆਹਾਰ, ਅਸਥਿਰ ਜਾਂ ਟੁੱਟਵੇਂ ਪਰਿਵਾਰ, ਅਯੋਗ ਘਰ, ਅਸਹਾਇ ਹੀਨਤਾ ਦੀ ਭਾਵਨਾ ਅਤੇ ਸਮਾਜ ਅਪ੍ਰਵਾਨ ਹੋਣ ਦੀ ਭਾਵਨਾ ਦਾ ਸ਼ਿਕਾਰ ਹੁੰਦੇ ਹਨ। ਇਸ ਤੋਂ ਇਲਾਵਾ ਜੋ ਲੋਕ ਰੋਜ਼ਗਾਰ ਤੇ ਲੱਗੇ ਹੋਏ ਹਨ ਉਹਨਾਂ ਵਿੱਚੋਂ ਬਹੁਤ ਸਾਰੇ ਲੋਕਾਂ ਦੇ ਉਤਸ਼ਾਹ-ਭੰਗ ਹੋਣ ਦਾ ਕਾਰਣ ਨੌਕਰੀ ਤੋਂ ਅਸੰਤੁਸ਼ਟਤਾ ਹੁੰਦੀ ਹੈ। ਅਸੰਤੁਸ਼ਟਤਾ ਨੌਕਰੀ ਚਿੰਤਾ, ਉਦਾਸੀ ਆਦਿ ਕਈ ਪ੍ਰਕਾਰ ਦੇ ਮਨੋ-ਸਰੀਰਕ ਵਿਕਾਰਾਂ ਨਾਲ ਸੰਬੰਧਿਤ ਹੈ। ਵਿਗੜੇ ਹੋਏ ਵਿਆਹੁਤਾ ਅਤੇ ਪਰਿਵਾਰਿਕ ਸੰਬੰਧ ਵੀ ਅਸੰਤੁਸ਼ਟ ਨੌਕਰੀ ਨਾਲ ਸੰਬੰਧਿਤ ਹਨ। ਅਜਿਹੇ ਗੁੰਝਲਦਾਰ ਸਮਾਜ ਵਿੱਚ ਨੌਕਰੀ ਤੋਂ ਸੰਤੁਸ਼ਟੀ ਦੀ ਸੰਭਾਵਨਾ ਕਿੰਨੀ ਵੀ ਹੋਵੇ, ਪਰੰਤੂ ਇਸ ਦੀ ਮੰਗ ਵਧਦੀ ਜਾ ਰਹੀ ਹੈ। ਵਿਅਕਤੀ ਆਪਣਾ ਸਮਾਂ ਅਤੇ ਸ਼ਕਤੀ ਖ਼ਰਚ ਕਰਕੇ ਸਿਰਫ਼ ਪੈਸਾ ਹੀ ਨਹੀਂ ਕਮਾਉਣਾ ਚਾਹੁੰਦਾ, ਸਗੋਂ ਉਹ ਸਾਰਥਕ ਤੇ ਅਰਥਪੂਰਨ ਰੋਜ਼ਗਾਰ ਅਤੇ ਜ਼ਿੰਦਗੀ ਦੀ ਜ਼ਰੂਰਤ ਲਈ ਕੰਮ ਸਿੱਖਿਆ ਤੇ ਆਰਾਮ ਦੇ ਸੰਗਠਨ ਦੀ ਇੱਛਾ ਕਰਦੇ ਹਨ। ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਆਉਣ ਵਾਲੀਆਂ ਔਕੜਾਂ ਨੌਕਰੀ ਵਿੱਚ ਨਿਰਾਸ਼ਤਾ ਨੂੰ ਹੋਰ ਵਧਾ ਦਿੰਦੀਆਂ ਹਨ ਅਤੇ ਵਿਅਕਤੀ ਫਿਰ ਵੀ ਆਪਣੇ-ਆਪ ਨੂੰ ਅਸੰਤੁਸ਼ਟ ਪਾਉਂਦੇ ਹਨ।

1.9.4 ਸਮਾਜਿਕ ਤਬਦੀਲੀ ਅਤੇ ਅਨਿਸ਼ਚਿਤਤਾ (Social Change and Uncertainty)

ਵਰਤਮਾਨ ਤਬਦੀਲੀ ਦੀ ਦਰ ਅਤੇ ਵਿਆਪਕ ਪੁਰਾਣੇ ਸਮੇਂ ਵਿੱਚ ਸਾਡੇ ਪੂਰਵਜਾਂ ਦੁਆਰਾ ਅਨੁਭਵ ਕੀਤੀ ਤਬਦੀਲੀ ਤੋਂ ਕਾਫੀ ਭਿੰਨ ਹੈ। ਸਾਡੀ ਜ਼ਿੰਦਗੀ ਦਾ ਹਰ ਪੱਖ, ਜਿਵੇਂ ਕਿ ਸਿੱਖਿਆ, ਨੌਕਰੀ, ਪਰਿਵਾਰ, ਆਰਥਿਕ ਪੱਧਰ ਅਤੇ ਸਾਡੀਆਂ ਕਦਰਾਂ-ਕੀਮਤਾਂ, ਇਸ ਤਬਦੀਲੀ ਦੁਆਰਾ ਪ੍ਰਭਾਵਿਤ ਹੁੰਦੇ ਹਨ। ਅਜਿਹੀਆਂ ਕਈ ਪ੍ਰਕਾਰ ਦੀਆਂ ਤਬਦੀਲੀਆਂ ਨਾਲ ਲਗਾਤਾਰ ਦੇ ਸਮਾਯੋਜਨ ਕਰਨਾ ਵੀ ਸਥਿਰ ਅਤੇ ਵਿਚਾਰਯੋਗ ਪ੍ਰਤਿਬਲ ਦਾ ਕਾਰਣ ਹੈ। ਟੌਫਲਰ (1970) ਨੇ ਤੇਜ਼ੀ ਨਾਲ ਹੋ ਰਹੀ ਇਸ ਸਮਾਜਿਕ ਤਬਦੀਲੀ ਦੇ ਨਤੀਜੇ ਵੱਜੋਂ ਪੈਦਾ ਹੋਈ ਭਾਵਾਤਮਕ ਅਸਥਿਰਤਾ ਅਤੇ ਗੰਭੀਰ ਤਣਾਓ ਨੂੰ ਭਵਿੱਖਤ ਸਦਮੇ (Future Shock) ਦਾ ਨਾਮ ਦਿੱਤਾ ਹੈ। ਇਸ ਤੋਂ ਇਲਾਵਾ ਅਸੀਂ ਸੰਕਟਕਾਲ ਦਾ ਸਾਹਮਣਾ ਕਰਦੇ ਹਾਂ ਕਿਉਂਕਿ ਸਾਡੀ ਧਰਤੀ ਤੇ ਵਰਤਣਯੋਗ ਕੁਦਰਤੀ ਸੋਮੇ ਘੱਟਦੇ ਜਾ ਰਹੇ ਹਨ ਅਤੇ ਸਾਡਾ ਵਾਤਾਵਰਣ ਦੂਸ਼ਿਤ ਹੁੰਦਾ ਜਾ ਰਿਹਾ ਹੈ। ਅਜਿਹੀਆਂ ਸਮੱਸਿਆਵਾਂ ਨਾਲ ਨਜਿੱਠਣ ਦੀਆਂ ਸਾਡੀਆਂ ਕੋਸ਼ਿਸ਼ਾਂ ਨਵੀਆਂ ਸਮੱਸਿਆਵਾਂ ਪੈਦਾ ਕਰ ਰਹੀਆਂ ਹਨ ਜੋ ਬਹੁਤ ਹੀ ਗੰਭੀਰ ਹਨ। ਨਤੀਜੇ ਵੱਜੋਂ ਪੈਦਾ ਹੋਣ ਵਾਲੀ ਨਿਰਾਸ਼ਾ, ਉਤਸ਼ਾਹ-ਭੰਗ ਅਜਿਹੇ ਪ੍ਰਤਿਬਲਪੂਰਨ ਘਟਨਾਵਾਂ ਪ੍ਰਤੀ ਅਸਾਧਾਰਣ ਪ੍ਰਤੀਕ੍ਰਿਆਵਾਂ ਨੂੰ ਪੂਰਵ-ਨਿਰਧਾਰਿਤ ਕਰਦੀਆਂ ਹਨ।

1.9.5 ਸੰਖੇਪ ਸਾਰ

ਸਾਡਾ ਵਿਵਹਾਰ ਸਮਾਜਿਕਸ਼ਸੰਸਕ੍ਰਿਤਿਕ ਵਾਤਾਵਰਣ ਤੋ ਬਹੁਤ ਪ੍ਰਭਾਵਿਤ ਹੁੰਦਾ ਹੈ। ਇਸ ਲਈ ਅਸਾਧਾਰਣ ਵਿਵਹਾਰ ਨੂੰ ਵੀ ਇਸ ਤੋ ਪ੍ਰਭਾਵਿਤ ਮੰਨਿਆ ਜਾਂਦਾ ਹੈ। ਸਾਡਾ ਸਮਾਜ ਸਾਡੀ ਆਰਥਿਕ ਸਥਿਤੀ, ਪੱਖਪਾਤ ਅਤੇ ਭੇਦਭਾਵ, ਸਮਾਜ ਵਿਚ ਵਿਚਰਦੀਆਂ ਆਰਥਿਕ ਅਤੇ ਰੋਜ਼ਗਾਰ ਸੰਬੰਧੀ ਸਮੱਸਿਆਵਾਂ ਸਿੱਧੇ ਤੌਰ ਤੇ ਸਾਨੂੰ ਪ੍ਰਭਾਵਿਤ ਕਰਦੀਆਂ ਹਨ। ਸਮਾਜਿਕ ਤਬਦੀਲੀ ਅਤੇ ਅਨਿਸ਼ਚਿਤਤਾ ਵੀ ਸਾਡੇ ਵਿਵਹਾਰ ਨੂੰ ਅਣਉਚਿਤ ਬਣਾਉਣ ਦੀ ਸਮਰੱਥਾ ਰੱਖਦੇ ਹਨ।

1.9.6 ਹਵਾਲਾ ਪੁਸਤਕਾਂ

1. Carson & Butcher : Abnormal Psychology & Modern Life
2. Davison & Neale : Abnormal Psychology
3. Baron : Psychology

Type Setting :
Department of Distance Education, Punjabi University, Patiala.